DEOL & NAGPAL
LAW FIRM LLP BARRISTERS & SOLICITORS
CRIMINAL DEFENCE
FAMILY LAW
REAL ESTATE CLOSING
CIVIL LITIGATION
IMMIGRATION APPEALS
Birdavinder S. Deol B.A., L.L.B., LLM
Amanpreet S. Nagpal BA, LLB
905 796 0911
80 Maritime Ontario Blvd, Suite 55, Brampton, L6S OE7

Estd. 1991
# ਹਮਦਰਦ
20 MARCH, 2026
HAMDARD WEEKLY
Pages : 12
HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada
Vol 34 No: 1843 | www.hamdardmediagroup.com | fb.com/hamdardmediagroup | youtube.com/@hamdardmediagroup | Email: ads@hamdardtv.ca | Ph: 905.791.9999 | Price $1.00

TICO REGD.No.4671541
MANN TRAVEL & TOURS
- Cottrelle: 905-595-1700
- Springdale: 905-497-6300
- Brampton: 905-595-2000
- Markham: 416-603-1800
- India 91-1624-223315,16-17
ਦੁਨੀਆ ਵਿੱਚ ਕਿਤੇ ਵੀ ਸਫ਼ਰ ਕਰਨ ਲਈ ਸਾਡੀਆਂ ਸੇਵਾਵਾਂ ਹਾਸਲ ਕਰੋ
HO: 499 Raylawson Blvd. Unit 32, Brampton, Ontario

# ਅਮਰੀਕਾ ਦੇ ਏਅਰਪੋਰਟ 'ਤੇ ਮੰਜੇ ਡਾਹੁਣ ਲਈ ਹੋਏ ਮਜਬੂਰ ਮੁਸਾਫ਼ਰ

## ਸ਼ਟਡਾਊਨ ਅਤੇ ਖ਼ਰਾਬ ਮੌਸਮ ਦੀ ਪਈ ਮਾਰ



ਹਿਊਸਟਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਫ਼ਲਾਈਟਸ ਲਗਾਤਾਰ ਰੱਦ ਹੋਣ ਜਾਂ ਕਈ-ਕਈ ਘੰਟੇ ਦੀ ਦੇਰ ਨਾਲ ਰਵਾਨਾ ਹੋਣ ਤੋਂ ਅੱਕੇ ਮੁਸਾਫ਼ਰਾਂ ਨੇ ਹਵਾਈ ਅੱਡਿਆਂ 'ਤੇ ਹੀ ਮੰਜੇ ਡਾਹ ਲਏ। ਸਭ ਤੋਂ ਵੱਧ ਖਿਲਾਰਾ ਟੈਕਸਸ ਦੇ ਹਿਊਸਟਨ ਅਤੇ ਫਲੋਰੀਡਾ ਦੇ ਲੌਡਰਡੇਲ ਹਵਾਈ ਅੱਡਿਆਂ 'ਤੇ ਦੇਖਣ ਨੂੰ ਮਿਲਿਆ ਜਿਥੇ ਕਤਾਰਾਂ ਐਨੀਆਂ ਲੰਮੀਆਂ ਹੋ ਗਈਆਂ ਕਿ ਹਵਾਈ ਅੱਡੇ ਦੇ ਅੰਦਰ ਪੁੱਜਣਾ ਔਖਾ ਹੋ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਹਵਾਈ ਮੁਸਾਫ਼ਰਾਂ 'ਤੇ ਦੂਹਰੀ ਮਾਰ ਪੈ ਰਹੀ ਹੈ। ਇਕ ਪਾਸੇ ਡੀ.ਐਚ.ਐਸ. ਦੇ ਸ਼ਟਡਾਊਨ ਕਰ ਕੇ ਟ੍ਰਾਂਸਪੋਰਟੇਸ਼ਨ ਸਕਿਉਰਿਟੀ ਏਜੰਟਾਂ ਦੀ ਕਮੀ ਔਕੜਾਂ ਪੈਦਾ ਕਰ ਰਹੀ ਹੈ ਤਾਂ ਦੂਜੇ ਪਾਸੇ ਮੌਸਮ ਨੇ ਵੀ ਕਹਿਰ ਢਾਹ ਦਿਤਾ।

ਨਿਊ ਓਰਲੀਨਜ਼ ਇੰਟਰਨੈਸ਼ਨਲ ਏਅਰਪੋਰਟ 'ਤੇ 39 ਫ਼ੀ ਸਦੀ ਸਟਾਫ਼ ਗੈਰ ਹਾਜ਼ਰ ਰਿਹਾ ਜਦਕਿ ਐਟਲਾਂਟਾ ਦੇ ਹਾਰਟਸਫ਼ੀਲਡ ਜੈਕਸਨ ਇੰਟਰਨੈਸ਼ਨਲ ਏਅਰਪੋਰਟ 0ਤੇ 37 ਫ਼ੀ ਸਦੀ ਸਟਾਫ਼ ਗਾਇਬ ਨਜ਼ਰ ਆਇਆ। ਅਮਰੀਕਾ ਦੇ ਮਿਡ ਵੈਸਟ ਰੀਜਨ ਤੋਂ ਈਸਟ ਕੋਸਟ ਤੱਕ ਪਿਛਲੇ ਦਿਨੀਂ ਮੌਸਮ ਦਾ ਮਿਜ਼ਾਜ਼ ਖ਼ਰਾਬ ਰਿਹਾ ਅਤੇ ਸ਼ਟਡਾਊਨ ਤੋਂ ਇਲਾਵਾ ਕੁਝ ਥਾਵਾਂ 'ਤੇ ਟੋਰਨੈਡੋ, ਤੂਫ਼ਾਨ ਅਤੇ ਬੇਸਬਾਲ ਦੇ ਆਕਾਰ ਵਾਲੇ ਗੜਿਆਂ ਨੇ ਲੋਕਾਂ ਅੰਦਰ ਘਬਰਾਹਟ ਪੈਦਾ ਕਰ ਦਿਤੀ। ਕਈ ਕਈ ਘੰਟੇ ਪਹਿਲਾਂ ਹਵਾਈ ਅੱਡਿਆਂ 'ਤੇ ਪੁੱਜਣ ਦੇ ਬਾਵਜੂਦ ਮੁਸਾਫ਼ਰਾਂ ਨੂੰ ਸੁਰੱਖਿਆ ਜਾਂਚ ਵਾਸਤੇ ਜੂਝਦੇ ਦੇਖੇ ਜਾ ਸਕਦੇ ਹਨ। ਜਾਰਜ ਬੁਸ਼ ਇੰਟਰਕੌਂਟੀਨੈਂਟਲ ਏਅਰਪੋਰਟ ਦੀ ਇਕ ਵੀਡੀਓ ਵਾਇਰਲ ਹੋ ਰਹੀ ਹੈ ਜਿਥੇ ਮੁਸਾਫ਼ਰਾਂ ਨੂੰ ਫਰਸ਼ 'ਤੇ ਸੌਣ ਲਈ ਮਜਬੂਰ ਹੋਣਾ ਪਿਆ। ਟਿਕਟੌਕ ਵਰਤੋਂਕਾਰ ਵੱਲੋਂ ਪੋਸਟ ਕੀਤੀ ਵੀਡੀਓ ਵਿਚ ਮੁਸਾਫ਼ਰ ਕੰਬਲਾਂ ਅਤੇ ਆਰਜ਼ੀ ਸਿਰਹਾਣਿਆਂ ਦੇ ਸਹਾਰੇ ਆਰਾਮ ਕਰਦੇ ਦੇਖੇ ਗਏ। ਇਸੇ ਦੌਰਾਨ ਹਿਊਸਟਨ ਹਵਾਈ ਅੱਡੇ ਦੇ ਬੁਲਾਰੇ ਨੇ ਕਿਹਾ ਕਿ ਜਦੋਂ ਮੌਸਮ ਦੀ ਖਰਾਬੀ ਕਰ ਕੇ ਹਵਾਈ ਸਫ਼ਰ ਪ੍ਰਭਾਵਤ ਹੁੰਦਾ ਹੈ ਤਾਂ ਮੁਸਾਫ਼ਰਾਂ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਏਅਰਲਾਈਨਜ਼ ਦੀ ਬਣ ਜਾਂਦੀ ਹੈ। ਜਿਥੇ ਲੋਕ ਸੁੱਤੇ ਨਜ਼ਰ ਆਏ, ਉਹ ਇਲਾਕਾ ਯੂਨਾਈਟਡ ਏਅਰਲਾਈਨਜ਼ ਨੇ ਲੀਜ਼ 'ਤੇ ਲਿਆ।

ਉਧਰ ਯੂਨਾਈਟਡ ਏਅਰਲਾਈਨਜ਼ ਨੇ ਕਿਹਾ ਕਿ ਤੇਜ਼ ਹਵਾਵਾਂ ਦੇ ਮੱਦੇਨਜ਼ਰ ਹੋਟੈਲਜ਼ ਵਿਚ 700 ਤੋਂ ਵੱਧ ਕਮਰੇ ਬੁੱਕ ਕੀਤੇ ਗਏ ਪਰ ਇਸ ਦੇ ਨਾਲ ਹੀ ਹਵਾਈ ਅੱਡੇ 'ਤੇ ਵੀ ਪ੍ਰਬੰਧ ਕਰਨੇ ਲਾਜ਼ਮੀ ਹੋ ਗਏ। ਮੰਗਲਵਾਰ ਬਾਅਦ ਦੁਪਹਿਰ ਲੌਡਰਡੇਲ ਇੰਟਰਨੈਸ਼ਨਲ ਏਅਰਪੋਰਟ ਦੀਆਂ ਤਸਵੀਰਾਂ ਸਾਹਮਣੇ ਆਈਆਂ ਜਿਥੇ ਮੁਸਾਫ਼ਰ ਬੇਹੱਦ ਖੱਜਲ ਖੁਆਰ ਹੋਏ। ਅਮਰੀਕਾ ਦੇ ਪ੍ਰਸਿੱਧ ਗਾਇਕਾ ਕੈਲੀ ਪ੍ਰਾਈਸ ਵੀ ਓਰਲੈਂਡੋ ਤੋਂ ਕੋਲੋਰਾਡੋ ਜਾਣ ਵੇਲੇ ਹਵਾਈ ਅੱਡੇ 'ਤੇ ਫਸ ਗਈ ਅਤੇ ਭੁੰਜੇ ਸੌਂ ਕੇ ਰਾਤ ਕੱਟੀ। ਡੈਨਵਰ ਇੰਟਰਨੈਸ਼ਨਲ ਏਅਰਪੋਰਟ ਦਾ ਜ਼ਿਕਰ ਕੀਤਾ ਜਾਵੇ ਤਾਂ ਪ੍ਰਬੰਧਕਾਂ ਵੱਲੋਂ ਲੋਕਾਂ ਨੂੰ 10 ਡਾਲਰ ਅਤੇ 20 ਡਾਲਰ ਦੇ ਗਿਫ਼ਟ ਕਾਰਡ ਭੇਜਣ ਦੀ ਅਪੀਲ ਕੀਤੀ ਜਾ ਰਹੀ ਹੈ ਤਾਂਕਿ ਮੁਲਾਜ਼ਮਾਂ ਦੀ ਮਦਦ ਕੀਤੀ ਜਾ ਸਕੇ। ਐਟਲਾਂਟਾ ਸਿਟੀ ਵੱਲੋਂ ਵੀ ਬਗੈਰ ਤਨਖਾਹ ਤੋਂ ਗੁਜ਼ਾਰਾ ਚਲਾ ਰਹੇ ਟ੍ਰਾਂਸਪੋਰਟ ਸਕਿਉਰਿਟੀ ਏਜੰਟਸ ਵਾਸਤੇ ਆਰਥਿਕ ਮਦਦ ਦਾ ਸੱਦਾ ਦਿਤਾ ਗਿਆ ਹੈ।

# ਟਰੰਪ ਨੇ ਪੰਜਾਬੀਆਂ ਨੂੰ ਚੇਤੇ ਕਰਵਾਇਆ ਤਾਜ ਮਹਿਲ

## ਅਮਰੀਕਾ ਸਰਕਾਰ ਦੇ ਪੈਸੇ ਨਾਲ ਸੈਰ-ਸਪਾਟੇ ਦੀ ਪੇਸ਼ਕਸ਼
## ਡਿਪੋਰਟੇਸ਼ਨ ਦੇ ਅੰਕੜਿਆਂ ਵਿਚ ਬਾਇਡਨ ਤੋਂ ਪੱਛੜੇ ਟਰੰਪ




ਵਾਸ਼ਿੰਗਟਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ ਭਾਰਤੀ ਨਾਗਰਿਕਾਂ ਨੂੰ ਤਾਜ ਮਹਿਲ ਚੇਤੇ ਕਰਵਾਉਂਦਿਆਂ ਟਰੰਪ ਸਰਕਾਰ ਵੱਲੋਂ ਸੈਲਫ਼ ਡਿਪੋਰਟ ਹੋਣ ਵਾਲਿਆਂ ਨੂੰ ਮੁਫ਼ਤ ਏਅਰ ਟਿਕਟ ਅਤੇ 2,600 ਡਾਲਰ ਨਕਦ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਜੀ ਹਾਂ, ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਪ੍ਰੌਜੈਕਟ ਹੋਮਕਮਿੰਗ ਤਹਿਤ ਭਾਰਤ, ਚੀਨ ਅਤੇ ਕੋਲੰਬੀਆ ਦੇ ਨਾਗਰਿਕਾਂ ਨੂੰ ਸੀ.ਬੀ.ਪੀ. ਐਪ ਦੀ ਵਰਤੋਂ ਕਰਦਿਆਂ ਜਲਦ ਤੋਂ ਜਲਦ ਅਮਰੀਕਾ ਛੱਡਣ ਦਾ ਸੱਦਾ ਦਿਤਾ ਗਿਆ ਹੈ।

ਟਰੰਪ ਸਰਕਾਰ ਨੇ ਦਾਅਵਾ ਕੀਤਾ ਹੈ ਕਿ 22 ਲੱਖ ਪ੍ਰਵਾਸੀ ਹੁਣ ਤੱਕ ਸੈਲਫ਼ ਡਿਪੋਰਟ ਹੋ ਚੁੱਕੇ ਹਨ ਅਤੇ ਸਵੈ ਇੱਛਾ ਨਾਲ ਅਮਰੀਕਾ ਛੱਡਣ ਵਾਲਿਆਂ ਲਈ ਜਾਇਜ਼ ਤਰੀਕੇ ਨਾਲ ਵਾਪਸੀ ਦੇ ਰਾਹ ਖੁੱਲ੍ਹੇ ਰਹਿਣਗੇ। ਦੱਸ ਦੇਈਏ ਕਿ ਇਕ ਗੈਰਕਾਨੂੰਨੀ ਪ੍ਰਵਾਸੀ ਨੂੰ ਜ਼ਬਰਦਸਤੀ ਕਾਬੂ ਕਰ ਕੇ ਡਿਪੋਰਟ ਕਰਨ 'ਤੇ ਅਮਰੀਕਾ ਸਰਕਾਰ ਦਾ ਖਰਚਾ ਵਧ ਕੇ 18,245 ਡਾਲਰ ਹੋ ਗਿਆ ਹੈ ਅਤੇ ਅਜਿਹੇ ਵਿਚ ਮੁਫ਼ਤ ਏਅਰ ਟਿਕਟ ਤੋਂ ਇਲਾਵਾ 2,600 ਡਾਲਰ ਦਾ ਬੋਨਸ ਘਾਟੇ ਵਾਲਾ ਸੌਦਾ ਨਹੀਂ। ਡਿਪਾਰਟਮੈਂਟ ਹੋਮਲੈਂਡ ਸਕਿਉਰਿਟੀ ਦੇ ਅੰਕੜਿਆਂ ਮੁਤਾਬਕ ਸੀ.ਬੀ.ਪੀ. ਐਪ ਰਾਹੀਂ ਸੈਲਫ਼ ਡਿਪੋਰਟ ਹੋਣ ਵਾਲੇ ਹਰ ਪ੍ਰਵਾਸੀ 'ਤੇ 5 ਹਜ਼ਾਰ ਡਾਲਰ ਦਾ ਖ਼ਰਚਾ ਆਉਂਦਾ ਹੈ ਅਤੇ ਸਿੱਧੇ ਤੌਰ 'ਤੇ 13 ਹਜ਼ਾਰ ਡਾਲਰ ਦੀ ਬੱਚਤ ਹੁੰਦੀ ਹੈ।

ਟਰੰਪ ਸਰਕਾਰ ਵੱਲੋਂ ਭਾਰਤੀ ਨਾਗਰਿਕਾਂ ਨੂੰ ਕੀਤੀ ਤਾਜ਼ਾ ਪੇਸ਼ਕਸ਼ ਸੋਸ਼ਲ ਮੀਡੀਆ 'ਤੇ ਬਹਿਸ ਦਾ ਕਾਰਨ ਬਣ ਰਹੀ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਟੈਕਸਾਂ ਰਾਹੀਂ ਇਕੱਤਰ ਪੈਸਾ ਗੈਰਕਾਨੂੰਨੀ ਪ੍ਰਵਾਸੀਆਂ 'ਤੇ ਲੁਟਾਇਆ ਜਾ ਰਿਹਾ ਹੈ ਜਦਕਿ ਕੁਝ ਨੇ ਸਵਾਲ ਕੀਤਾ ਕਿ ਕੀ ਯੂ.ਐਸ. ਸਿਟੀਜ਼ਨਜ਼ ਨੂੰ ਵੀ 2,600 ਡਾਲਰ ਮਿਲ ਸਕਦੇ ਹਨ। ਇਕ ਸ਼ਖਸ ਨੇ ਸਵਾਲ ਕੀਤਾ ਕਿ ਕੀ ਅਮਰੀਕਾ ਸਰਕਾਰ ਉਨ੍ਹਾਂ ਲੋਕਾਂ ਨੂੰ ਵੀ ਕੁਝ ਰਕਮ ਦੇਵੇਗੀ ਜੋ ਮੁਲਕ ਦੇ ਸਮਾਜ ਵਿਚ ਵੱਡਾ ਯੋਗਦਾਨ ਪਾ ਰਹੇ ਹਨ ਅਤੇ ਟੈਕਸਾਂ ਦੇ ਰੂਪ ਵਿਚ ਹਮੇਸ਼ਾ ਸਰਕਾਰ ਦੀ ਮਦਦ ਕੀਤੀ ਹੈ। ਅਮਰੀਕਾ ਵਿਚ ਗੈਰਕਾਨੂੰਨੀ ਤੌਰ 'ਤੇ ਮੌਜੂਦ ਭਾਰਤੀ ਨਾਗਰਿਕਾਂ ਦਾ ਤਸਦੀਕਸ਼ੁਦਾ ਉਪਲਬਧ ਨਹੀਂ ਪਰ ਮੰਨਿਆ ਜਾ ਰਿਹਾ ਹੈ ਕਿ ਤਕਰੀਬਨ 7 ਲੱਖ ਭਾਰਤੀ ਬਗੈਰ ਇੰਮੀਗ੍ਰੇਸ਼ਨ ਸਟੇਟਸ ਤੋਂ ਮੌਜੂਦ ਹਨ ਅਤੇ ਜ਼ਿਆਦਾਤਰ ਸੈਲਫ਼ ਡਿਪੋਰਟ ਹੋਣ ਦੇ ਹੱਕ ਵਿਚ ਨਹੀਂ। ਦੂਜੇ ਪਾਸੇ ਅਮਰੀਕਾ ਤੋਂ ਡਿਪੋਰਟ ਪ੍ਰਵਾਸੀਆਂ ਨਾਲ ਸਬੰਧਤ ਨਵਾਂ ਅੰਕੜਾ ਸਾਹਮਣੇ ਆਇਆ ਹੈ ਜਿਸ ਮੁਤਬਕ ਬਾਇਡਨ ਸਰਕਾਰ ਵੇਲੇ ਕੱਢੇ ਜਾ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਮੁਕਾਬਲੇ ਟਰੰਪ ਸਰਕਾਰ ਨੇ ਅੱਧੇ ਮੈਕਸੀਕਨ ਵੀ ਡਿਪੋਰਟ ਨਹੀਂ ਕੀਤੇ।

ਮੈਕਸੀਕੋ ਦੀ ਇਕ ਜਥੇਬੰਦੀ ਵੱਲੋਂ ਪੇਸ਼ ਅੰਕੜਿਆਂ ਮੁਤਾਬਕ ਟਰੰਪ ਸਰਕਾਰ ਨੇ 2025 ਦੌਰਾਨ 1 ਲੱਖ 45 ਹਜ਼ਾਰ ਮੈਕਸੀਕਨ ਡਿਪੋਰਟ ਕੀਤੇ ਅਤੇ ਬਾਇਡਨ ਸਰਕਾਰ ਵੇਲੇ ਹਰ ਸਾਲ ਡਿਪੋਰਟ ਕੀਤੇ ਜਾ ਰਹੇ ਮੈਕਸੀਕਨਜ਼ ਦੇ ਮੁਕਾਬਲੇ ਇਹ ਗਿਣਤੀ ਅੱਧੀ ਬਣਦੀ ਹੈ।

ਗੈਰ ਮੁਨਾਫ਼ੇ ਵਾਲੀ ਜਥੇਬੰਦੀ ਨੇ ਦੱਸਿਆ ਕਿ ਬਾਇਡਨ ਸਰਕਾਰ ਨੇ ਹਰ ਸਾਲ ਤਕਰੀਬਨ 3 ਲੱਖ ਮੈਕਸੀਕਨ ਨਾਗਰਿਕ ਡਿਪੋਰਟ ਕੀਤੇ ਪਰ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ ਸਾਲ 2025 ਦੌਰਾਨ ਅੱਧੇ ਤੋਂ ਵੀ ਘੱਟ ਗੈਰਕਾਨੂੰਨੀ ਮੈਕਸੀਕਨ ਡਿਪੋਰਟ ਕੀਤੇ ਜਾ ਸਕੇ। ਇੰਮੀਗ੍ਰੇਸ਼ਨ ਨਾਲ ਸਬੰਧਤ ਇਨ੍ਹਾਂ ਅੰਕੜਿਆਂ ਤੋਂ ਨਸਲੀ ਵਿਤਕਰੇ ਸਮੈੱਲ ਆ ਰਹੀ ਹੈ ਅਤੇ ਟਰੰਪ ਸਰਕਾਰ ਅਫ਼ਰੀਕਾ, ਮੱਧ ਪੂਰਬ ਜਾਂ ਲੈਟਿਨ ਅਮੈਰਿਕਨ ਮੁਲਕਾਂ ਨਾਲ ਸਬੰਧਤ ਪ੍ਰਵਾਸੀਆਂ ਨੂੰ ਫੜ ਫੜ ਕੇ ਡਿਪੋਰਟ ਕਰਨ 'ਤੇ ਜ਼ਿਆਦਾ ਜ਼ੋਰ ਦੇ ਰਹੀ ਹੈ।

# ਕੈਨੇਡਾ ਤੋਂ ਬਾਅਦ ਅਮਰੀਕਾ ਵਿਚ ਸਿੱਖ ਨੌਜਵਾਨ ਦਾ ਕਤਲ

## ਪਟਿਆਲਾ ਦੇ ਪਿੰਡ ਫ਼ਤਿਹਪੁਰ ਨਾਲ ਸਬੰਧਤ ਗੁਰਦਾਸ ਸਿੰਘ ਨੂੰ ਪਾਰਕਿੰਗ ਵਿਚ ਮਾਰੀਆਂ ਗੋਲੀਆਂ



ਨਿਊ ਯਾਰਕ, 18 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਤੋਂ ਬਾਅਦ ਅਮਰੀਕਾ ਵਿਚ ਸਿੱਖ ਨੌਜਵਾਨਾਂ 'ਤੇ ਗੋਲੀਆਂ ਚੱਲਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ ਅਤੇ ਤਾਜ਼ਾ ਵਾਰਦਾਤ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਪਿੰਡ ਫ਼ਤਿਹਪੁਰ ਨਾਲ ਸਬੰਧਤ ਨੌਜਵਾਨ ਗੁਰਦਾਸ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ।

ਗੁਰਦਾਸ ਸਿੰਘ 12ਵੀਂ ਪਾਸ ਕਰਨ ਮਗਰੋਂ ਅਮਰੀਕਾ ਪੁੱਜਾ ਅਤੇ ਆਪਣੇ ਰਿਸ਼ਤੇਦਾਰਾਂ ਕੋਲ ਰਹਿੰਦਿਆਂ ਜ਼ਿੰਦਗੀ ਦਾ ਸੰਘਰਸ਼ ਆਰੰਭਿਆ। ਪਰਵਾਰ ਤੋਂ ਮਿਲੀ ਜਾਣਕਾਰੀ ਮੁਤਾਬਕ ਗੁਰਦਾਸ ਸਿੰਘ ਇਕ ਸ਼ੌਪਿੰਗ ਮਾਲ ਦੀ ਪਾਰਕਿੰਗ ਵਿਚ ਆਪਣੀ ਗੱਡੀ ਵਿਚ ਬੈਠਾ ਸੀ ਜਦੋਂ ਹਮਲਾਵਰ ਨੇ ਬਗੈਰ ਕਿਸੇ ਭੜਕਾਹਟ ਤੋਂ ਗੋਲੀਆਂ ਚਲਾ ਦਿਤੀਆਂ।

ਪੁਲਿਸ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਫ਼ਿਲਹਾਲ ਹਮਲੇ ਦੇ ਮਕਸਦ ਬਾਰੇ ਪਤਾ ਨਹੀਂ ਲੱਗ ਸਕਿਆ। ਗੁਰਦਾਸ ਸਿੰਘ ਦੇ ਪਿਤਾ ਦਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਕਰਜ਼ਾ ਚੁੱਕ ਕੇ ਆਪਣੇ ਪੁੱਤ ਨੂੰ ਅਮਰੀਕਾ ਭੇਜਿਆ ਤਾਂਕਿ ਉਸ ਦਾ ਭਵਿੱਖ ਬਿਹਤਰ ਹੋ ਸਕੇ। ਗੁਰਦਾਸ ਸਿੰਘ ਦੀ ਭੈਣ ਕੈਨੇਡਾ ਵਿਚ ਪੜ੍ਹਦੀ ਹੈ ਅਤੇ ਹਾਲ ਹੀ ਵਿਚ ਉਸ ਨੇ ਆਪਣੀ ਕਮਾਈ ਵਿਚੋਂ ਹਜ਼ਾਰਾਂ ਡਾਲਰ ਭੈਣ ਵਾਸਤੇ ਭੇਜੇ ਤਾਂਕਿ ਪੰਜਾਬ ਬੈਠੇ ਮਾਪਿਆਂ ਨੂੰ ਆਰਥਿਕ ਔਕੜਾਂ ਦਾ ਸਾਹਮਣਾ ਨਾ ਕਰਨਾ ਪਵੇ। ਗੁਰਦਾਸ ਸਿੰਘ ਦੇ ਮਾਪਿਆਂ ਦਾ ਦੁੱਖ ਦੇਖਿਆ ਨਹੀਂ ਜਾ ਰਿਹਾ ਜਿਨ੍ਹਾਂ ਨੂੰ ਆਪਣੇ ਪੁੱਤ ਤੋਂ ਬਹੁਤ ਉਮੀਦਾਂ ਸਨ। ਦਵਿੰਦਰ ਸਿੰਘ ਵੱਲੋਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਉਨ੍ਹਾਂ ਦੇ ਪੁੱਤ ਦੀ ਦੇਹ ਅਮਰੀਕਾ ਤੋਂ ਲਿਆਉਣ ਵਿਚ ਮਦਦ ਕੀਤੀ ਜਾਵੇ।

# ਈਰਾਨ ਨੇ ਇਜ਼ਰਾਈਲ ਉਪਰ ਦਾਗੀਆਂ 100 ਤੋਂ ਵੱਧ ਮਿਜ਼ਾਈਲਾਂ

ਤਹਿਰਾਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਦੌਰਾਨ ਈਰਾਨ ਦੇ ਸੁਪਰੀਮ ਲੀਡਰ ਮੁਜਤਬਾ ਖਮੀਨੀ ਦੇ ਰੂਸ ਪੁੱਜਣ ਦੀ ਰਿਪੋਰਟ ਹੈ ਅਤੇ ਤਹਿਰਾਨ ਵੱਲੋਂ ਲਾਰੀਜਾਨੀ ਦੀ ਮੌਤ ਦਾ ਬਦਲਾ ਲੈਂਦਿਆਂ ਇਜ਼ਰਾਈਲ ਦੇ 100 ਤੋਂ ਵੱਧ ਟਿਕਾਣਿਆਂ ਉਤੇ ਮਿਜ਼ਾਈਲ ਹਮਲੇ ਕਰਨ ਦਾ ਦਾਅਵਾ ਕੀਤਾ ਗਿਆ ਹੈ। ਤੈਲ ਅਵੀਵ ਸਣੇ ਇਜ਼ਰਾਈਲ ਦੇ ਪ੍ਰਮੁੱਖ ਸ਼ਹਿਰ ਨਿਸ਼ਾਨੇ 'ਤੇ ਰਹੇ ਅਤੇ ਹੁਣ ਤੱਕ ਕਿਸੇ ਜਾਨੀ ਨੁਕਸਾਨ ਦੀ ਰਿਪੋਰਟ ਨਹੀਂ ਹੈ। ਉਧਰ, ਅਮੈਰਿਕਨ ਫੌਜ ਵੱਲੋਂ ਹੋਰਮੁਜ਼ ਸਟ੍ਰੇਟ ਖੁਲ੍ਹਵਾਉਣ ਵਾਸਤੇ ਈਰਾਨ ਦੇ ਮਿਜ਼ਾਈਲ ਟਿਕਾਣਿਆਂ ਉਤੇ 5 ਹਜ਼ਾਰ ਪਾਊਂਡ ਵਜ਼ਨੀ ਖ਼ਤਰਨਾਕ ਬੰਬ

## ਅਮਰੀਕਾ ਵੱਲੋਂ ਖ਼ਤਰਨਾਕ ਬੰਬਾਂ ਰਾਹੀਂ ਈਰਾਨੀ ਟਿਕਾਣੇ ਤਬਾਹ ਕਰਨ ਦਾ ਯਤਨ

ਸੁੱਟੇ ਗਏ ਜੋ ਜਮੀਨਦੋਜ਼ ਟਿਕਾਣਿਆਂ ਨੂੰ ਤਬਾਹ ਕਰਨ ਦੀ ਤਾਕਤ ਰਖਦੇ ਹਨ।

ਮੁਜਤਬਾ ਖਮੀਨੀ ਦੀ ਨਿਯੁਕਤੀ ਮਗਰੋਂ ਜਨਤਕ ਤੌਰ 'ਤੇ ਪਹਿਲੀ ਤਸਵੀਰ ਨਜ਼ਰ ਨਹੀਂ ਆਈ ਪਰ ਇਕ ਬਿਆਨ ਸਾਹਮਣੇ ਆਇਆ ਹੈ ਜਿਸ ਵਿਚ ਉਨ੍ਹਾਂ ਕਿਹਾ ਕਿ ਈਰਾਨ, ਅਮਰੀਕਾ ਅਤੇ ਇਜ਼ਰਾਈਲ ਅੱਗੇ ਗੋਡੇ ਨਹੀਂ ਟੇਕੇਗਾ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਮੁਜਤਬਾ ਹੁਣ ਰੂਸ ਵਿਚ ਹੀ ਰਹਿਣਗੇ ਜਿਸ ਨਾਲ ਅਮਰੀਕਾ ਜਾਂ ਇਜ਼ਰਾਈਲ ਦੇ ਹਮਲਿਆਂ ਦਾ ਖ਼ਤਰਾ ਨਹੀਂ ਰਹਿਣਾ। ਈਰਾਨ ਦੇ ਸੁਪਰੀਮ ਲੀਡਰ ਦੀ ਮੌਤ ਤੋਂ ਬਾਅਦ ਸਕਿਉਰਿਟੀ ਚੀਫ਼ ਅਲੀ ਲਾਰੀਜਾਨੀ ਸਣੇ ਕਈ ਤਾਕਤਵਰ ਸ਼ਖਸੀਅਤਾਂ ਮਾਰੀਆਂ ਜਾ ਚੁੱਕੀਆਂ ਹਨ ਅਤੇ ਹੁਣ ਅਹਿਮਦ ਵਾਹਿਦੀ ਨੂੰ ਮੁਲਕ ਦਾ ਦੂਜਾ ਸਭ ਤੋਂ ਤਾਕਵਰ ਬਣਾਇਆ ਜਾ ਸਕਦਾ ਹੈ। ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਨੇ ਈਰਾਨ ਜੰਗ ਦਰਮਿਆਨ ਕਿਊਬਾ ਉਤੇ ਹਮਲਾ ਕਰਨ ਦੀ ਗੱਲ ਦੁਹਰਾਈ ਹੈ। ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਟਰੰਪ ਦੇ ਬਿਆਨ ਨੂੰ ਬੇਹੱਦ ਹੈਰਾਨਕੁੰਨ ਮੰਨਿਆ ਜਾ ਰਿਹਾ ਹੈ।

ਭਾਵੇਂ ਪਿਛਲੇ 65 ਸਾਲ ਤੋਂ ਕਿਊਬਾ ਨਾਲ ਅਮਰੀਕਾ ਦੇ ਰਿਸ਼ਤਿਆਂ ਵਿਚ ਕੁੜੱਤਣ ਚੱਲ ਰਹੀ ਹੈ ਪਰ ਇਸ ਵਾਰ ਅਮਰੀਕਾ ਹਮਲਾ ਕਰਨ ਦੀ ਪੂਰੀ ਤਿਆਰੀ ਵਿਚ ਨਜ਼ਰ ਆ ਰਿਹਾ ਹੈ ਅਤੇ ਉਧਰ ਰੂਸ ਨੇ ਕਿਊਬਾ ਦੀ ਮਦਦ ਦਾ ਐਲਾਨ ਕਰ ਦਿਤਾ ਹੈ।

ਹੁਣ ਤੱਕ ਟਰੰਪ ਸਰਕਾਰ ਨੇ ਕਿਊਬਾ ਦੀ ਸਿਰਫ਼ ਤੇਲ ਸਪਲਾਈ ਰੋਕ ਪਰ ਰੂਸ ਦਾ ਸਖ਼ਤ ਸਟੈਂਡ ਵੱਡੇ ਪੱਧਰ ਦੀ ਆਲਮੀ ਜੰਗ ਦਾ ਸੰਕੇਤ ਮੰਨਿਆ ਜਾ ਸਕਦਾ ਹੈ। ਪਿਛਲੇ ਦਿਨੀਂ ਡੌਨਲਡ ਟਰੰਪ ਨੇ ਕਿਊਬਾ ਨਾਲ ਡੀਲ ਹੋਣ ਦਾ ਜ਼ਿਕਰ ਕੀਤਾ ਅਤੇ ਕਿਊਬਾ ਸਰਕਾਰ ਵੀ ਅਜਿਹਾ ਕੋਈ ਸਮਝੌਤਾ ਚਾਹੁੰਦੀ ਹੈ ਪਰ ਅੰਤਮ ਰਿਪੋਰਟਾਂ ਮਿਲਣ ਤੱਕ ਹਾਲਾਤ ਸਾਜ਼ਗਾਰ ਨਜ਼ਰ ਨਹੀਂ ਆ ਰਹੇ।

# ਮਮੂਲੀ ਝਗੜੇ ਮਗਰੋਂ ਮੱਧ ਪ੍ਰਦੇਸ਼ ਦੇ ਪੰਜਾਬੀ ਨੌਜਵਾਨ ਦਾ ਕਤਲ



ਵੈਨਕੂਵਰ, 16 ਮਾਰਚ (ਮਲਕੀਤ ਸਿੰਘ )-ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸੈਂਟ ਜੋਨ ਇਲਾਕੇ ਵਿੱਚ ਮਮੂਲੀ ਤਕਰਾਰਬਾਜ਼ੀ ਦੌਰਾਨ ਕੁਝ ਅਣਪਛਾਤੀ ਵਿਅਕਤੀਆਂ ਵੱਲੋਂ ਇੱਕ ਪੰਜਾਬੀ ਨੌਜਵਾਨ ਦਾ ਕਤਲ ਕੀਤੇ ਜਾਣ ਦੀ ਸੂਚਨਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਮੱਧ ਪ੍ਰਦੇਸ਼ ਦੇ ਉਜੈਨ ਸ਼ਾਇਰ ਨਾਲ ਸਬੰਧਿਤ ਗੁਰਪ੍ਰੀਤ ਸਿੰਘ ਨਾਂ ਦਾ ਇੱਕ ਨੌਜਵਾਨ ਉਚੇਰੀ ਪੜ੍ਹਾਈ ਦੇ ਨਾਲ ਨਾਲ ਆਪਣੇ ਸੁਨਹਿਰੀ ਭਵਿੱਖ ਦੇ ਸੁਪਨਿਆਂ ਦੀ ਸਕਾਰਤਾ ਲਈ ਤਕਰੀਬਨ ਡੇਢ ਸਾਲ ਪਹਿਲਾਂ ਹੀ ਭਾਰਤ ਤੋਂ ਕਨੇਡਾ ਪੁੱਜਾ ਸੀ ਅਤੇ ਨੌਰਦਰਨ ਲਾਈਟਸ ਕਾਲਜ ਵਿੱਚ ਬਿਜ਼ਨਸ ਮੈਨੇਜਮੈਂਟ ਦੇ ਪੋਸਟ-ਡਿਗਰੀ ਡਿਪਲੋਮਾ ਪ੍ਰੋਗਰਾਮ ਦੀ ਪੜ੍ਹਾਈ ਕਰ ਰਿਹਾ ਸੀ। ਪੁਲਿਸ ਵੱਲੋਂ ਕਤਲ ਦੀ ਜ਼ਿੰਮੇਵਾਰ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

TRIDENT LAW
PROFESSIONAL CORPORATION
BARRISTERS & SOLICITORS
Sandeep Chopra
LITIGATION
Civil/Corporate/Commercial/Power of Sale
Ravinder Singh
REAL ESTATE
All kind of Residential & Commercial Transaction
CORPORATE/BUSINESS LAW
Incorporation, Organization/Reorganization, Share Holder/Franchise Agreements
Main Office : 6A-1325 Derry Rd. East, Mississauga ON L5T 1B6
Satellite Office : 101-964 Albion Rd. Toronto ON M9V 1A7, Fax : 905-670-7082
905-670-7076

DEOL ਦਿਓਲ ਟ੍ਰੈਵਲ
TRAVEL

SEHMBI RENOVATION
SINCE 2005
HIRING SKILLED WORKERS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
ਕੰਮ ਦੀ Invoice ਵੀ ਦਿੱਤੀ ਜਾਵੇਗੀ
Legal Basement
Washrooms
Drywall/Framing
Painting & Flooring
Custom Kitchen Cabinets
ਵਾਜ਼ਬ ਕੀਮਤ ਅਤੇ ਸਮੇਂ ਸਿਰ ਕੰਮ
JASWANT SEHMBI
647-524-0885

www.maxxlifeimmigration.com
MAXX LIFE IMMIGRATION SERVICES INC.
- VISITOR VISA
- SUPER VISA
- SPOUSAL SPONSORSHIP VISA
- RENEWAL OF PR CARD
- PNP CITIZENSHIP
- EXPRESS ENTRY
FREE INITIAL ASSESSMENT
BABBALDEEP KAUR SAGGU
Regulated Canadian Immigration Consultant
1-647-545-6362
Suit 238-7025 Tomken Rd., Mississauga, ON L5S 1R6

Boora Law Office
ਬੂਰਾ ਲਾਅ ਆਫਿਸ
- ਸਪੌਂਸਰਸ਼ਿਪ ਕਾਰਪੋਰੇਟ
- ਵਿਲਜ਼ ਅਤੇ ਅਸਟੇਟਸ
- ਨੋਟਰੀ ਅਤੇ ਐਫੀਡੇਵਿਟ
- ਰੀਅਲ ਅਸਟੇਟਸ
- ਬਿਜ਼ਨੈਸ ਫੈਮਿਲੀ
- ਇੰਮੀਗਰੇਸ਼ਨ
Harpinder S. Boora
Barrister, Solicitor & Notary Public
905-497-3636
1098 PETER ROBERNSTON BLVD., UNIT 3, BRAMPTON, ONT. L6R 3A5 FAX : 905 497 3637

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੇਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131
Jasbir Singh Hundal
Registered Credit Counsellor
www.MakeMeDebtFree.ca
416-502-3100
7015 Tranmere Drive., Unit 20, Missississauga, ON L5S 1T7

# ਅਮਰੀਕਾ-ਕੈਨੇਡਾ ਵਿਚ ਬਰਫ਼ੀਲੇ ਤੂਫ਼ਾਨ, ਹਜ਼ਾਰਾਂ ਫਲਾਈਟਸ ਰੱਦ



**ਮਿਨੀਆਪੌਲਿਸ, 17 ਮਰਚ (ਵਿਸ਼ੇਸ਼ ਪ੍ਰਤੀਨਿਧ)** : ਅਮਰੀਕਾ ਅਤੇ ਕੈਨੇਡਾ ਵਿਚ ਬਰਫ਼ੀਲੇ ਤੂਫ਼ਾਨ ਰੁਕਣ ਦਾ ਨਾਂ ਨਹੀਂ ਲੈ ਰਹੇ ਅਤੇ ਐਤਵਾਰ ਤੋਂ ਬਾਅਦ ਸੋਮਵਾਰ ਨੂੰ ਵੀ 4,500 ਤੋਂ ਵੱਧ ਫਲਾਈਟਸ ਰੱਦ ਹੋ ਗਈਆਂ ਜਦਕਿ ਸੜਕ ਆਵਾਜਾਈ ਠੱਪ ਹੋ ਗਈ। ਅਮਰੀਕਾ ਦੇ ਉਤਰ ਪੂਰਬੀ ਅਤੇ ਕੈਨੇਡਾ ਦੇ ਦੱਖਣ ਪੂਰਬੀ ਹਿੱਸੇ ਸਭ ਤੋਂ ਵੱਧ ਪ੍ਰਭਾਵਤ ਦੱਸੇ ਜਾ ਰਹੇ ਹਨ ਅਤੇ ਸੜਕੀ ਆਵਾਜਾਈ ਵਿਚ ਅੜਿੱਕਿਆਂ ਕਰ ਕੇ ਟਰੱਕ ਸਟੌਪਸ 'ਤੇ ਬਿਗ ਰਿਗਜ਼ ਦੀ ਗਿਣਤੀ ਵਧਦੀ ਜਾ ਰਹੀ ਹੈ।

ਏ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਪਿਛਲੇ ਹਫ਼ਤੇ ਬਣੇ ਘੱਟ ਦਬਾਅ ਵਾਲੇ ਖੇਤਰ ਨੇ ਮੌਸਮ ਦਾ ਮਿਜ਼ਾਜ ਬੇਹੱਦ ਖਰਾਬ ਕਰ ਦਿਤਾ। ਬਰਫ਼ੀਲੀਆਂ ਹਵਾਵਾਂ ਤੋਂ ਇਲਾਵਾ ਅਮਰੀਕਾ ਦੇ ਕਈ ਹਿੱਸਿਆਂ ਵਿਚ ਭਾਰੀ ਮੀਂਹ ਅਤੇ ਵਾਵਰੋਲਿਆਂ ਕਾਰਨ ਵੱਡਾ ਨੁਕਸਾਨ ਹੋਣ ਦੀ ਰਿਪੋਰਟ ਹੈ। ਵਿਸਕੌਨਸਿਨ ਸੂਬੇ ਵਿਚ ਦੋ ਫ਼ੁੱਟ ਤੋਂ ਵੱਧ ਬਰਫ਼ ਡਿੱਗਣ ਦੀ ਰਿਪੋਰਟ ਹੈ ਜਦਕਿ ਆਇਓਵਾ, ਮਿਨੇਸੋਟਾ ਅਤੇ ਇਲੀਨੌਇ ਵਿਖੇ 9 ਇੰਚ ਤੱਕ ਬਰਫ਼ਬਾਰੀ ਹੋਈ।

ਟੈਕਸਸ ਅਤੇ ਓਹਾਇਓ ਸਣੇ ਅੱਠ ਰਾਜਾਂ ਵਿਚ 70 ਮੀਲ ਪ੍ਰਤੀ ਘੰਟਾ ਤੋਂ ਵੱਧ ਰਫ਼ਤਾਰ ਵਾਲੀਆਂ ਹਵਾਵਾਂ ਵਗੀਆਂ ਅਤੇ ਸੋਮਵਾਰ ਸਵੇਰ ਤੱਕ 5 ਲੱਖ ਤੋਂ ਵੱਧ ਘਰਾਂ ਦੀ ਬਿਜਲੀ ਗੁੱਲ ਰਹੀ। ਨੌਰਥ ਡੈਕੋਟਾ ਅਤੇ ਮਿਨੇਸੋਟਾ ਵਿਖੇ ਤਾਪਮਾਨ ਮਨਫ਼ੀ 20 ਡਿਗਰੀ ਸੈਲਸੀਅਸ ਤੱਕ ਡਿੱਗਣ ਦੀ ਰਿਪੋਰਟ ਹੈ ਜਦਕਿ ਐਲਬਾਮਾ ਅਤੇ ਜਾਰਜੀਆ ਵਰਗੇ ਦੱਖਣੀ ਰਾਜਾਂ ਵਿਚ ਵੀ ਤਾਪਮਾਨ ਸਿਫ਼ਰ ਡਿਗਰੀ ਦੇ ਨੇੜੇ ਤੇੜੇ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਅਮਰੀਕਾ ਦੇ ਨੇਬਰਾਸਕਾ ਸੂਬੇ ਵਿਚ ਕੁਦਰਤ ਦਾ ਵੱਖਰਾ ਕਹਿਰ ਦੇਖਣ ਨੂੰ ਮਿਲਿਆ ਜਿਥੇ ਬਰਫ਼ ਜਾਂ ਮੀਂਹ ਦੇ ਉਲਟ ਜੰਗਲਾਂ ਦੀ ਅੱਗ ਨੇ 7 ਲੱਖ ਏਕੜ ਰਕਬਾ ਸਾੜ ਕੇ ਸੁਆਹ ਕਰ ਦਿਤਾ।

ਅਮਰੀਕਾ ਦੇ ਹਵਾਈ ਟਾਪੂਆਂ 'ਤੇ ਹੜ੍ਹਾਂ ਦਾ ਕਹਿਰ ਦੇਖਣ ਨੂੰ ਮਿਲ ਰਿਹਾ ਹੈ ਜਿਥੇ ਦਰਿਆ ਦਾ ਪਾਣੀ ਕਈ ਘਰ ਰੋੜ੍ਹ ਕੇ ਲੈ ਗਿਆ। ਇਨ੍ਹਾਂ ਟਾਪੂਆ 'ਤੇ 40 ਇੰਚ ਤੋਂ ਵੱਧ ਮੀਂਹ ਪਿਆ ਅਤੇ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਸੀ। ਉਧਰ ਕੈਨੇਡਾ ਵਿਚ ਹਫ਼ਤੇ ਦੀ ਸ਼ੁਰੂਆਤ ਬਰਫ਼ਬਾਰੀ ਨਾਲ ਹੋਈ ਅਤੇ ਅਮਰੀਕਾ ਦੇ ਨਾਲ ਲਗਦੇ ਉਨਟਾਰੀਓ, ਕਿਊਬੈਕ ਅਤੇ ਨਿਊਫ਼ਾਊਂਡਲੈਂਡ ਰਾਜਾਂ ਵਿਚ ਮੰਗਲਵਾਰ ਤੱਕ ਬਰਫ਼ਬਾਰੀ ਹੋਣ ਦੀ ਪੇਸ਼ੀਨਗੋਈ ਕੀਤੀ ਗਈ ਹੈ ਜਦਕਿ ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਡਿੱਗ ਸਕਦਾ ਹੈ।

ਏ.ਬੀ.ਸੀ. ਨਿਊਜ਼ ਦੀ ਰਿਪੋਰਟ ਮੁਤਾਬਕ ਪਿਛਲੇ ਹਫ਼ਤੇ ਬਣੇ ਘੱਟ ਦਬਾਅ ਵਾਲੇ ਖੇਤਰ ਨੇ ਮੌਸਮ ਦਾ ਮਿਜ਼ਾਜ ਬੇਹੱਦ ਖਰਾਬ ਕਰ ਦਿਤਾ। ਬਰਫ਼ੀਲੀਆਂ ਹਵਾਵਾਂ ਤੋਂ ਇਲਾਵਾ ਅਮਰੀਕਾ ਦੇ ਕਈ ਹਿੱਸਿਆਂ ਵਿਚ ਭਾਰੀ ਮੀਂਹ ਅਤੇ ਵਾਵਰੋਲਿਆਂ ਕਾਰਨ ਵੱਡਾ ਨੁਕਸਾਨ ਹੋਣ ਦੀ ਰਿਪੋਰਟ ਹੈ। ਵਿਸਕੌਨਸਿਨ ਸੂਬੇ ਵਿਚ ਦੋ ਫ਼ੁੱਟ ਤੋਂ ਵੱਧ ਬਰਫ਼ ਡਿੱਗਣ ਦੀ ਰਿਪੋਰਟ ਹੈ ਜਦਕਿ ਆਇਓਵਾ, ਮਿਨੇਸੋਟਾ ਅਤੇ ਇਲੀਨੌਇ ਵਿਖੇ 9 ਇੰਚ ਤੱਕ ਬਰਫ਼ਬਾਰੀ ਹੋਈ।

# ਪਾਕਿਸਤਾਨ ਵੱਲੋਂ ਅਫ਼ਗਾਨਿਸਤਾਨ 'ਤੇ ਹਵਾਈ ਹਮਲੇ, 400 ਮਰੇ, 250 ਜ਼ਖ਼ਮੀ

**• ਅਫ਼ਗਾਨਿਸਤਾਨ ਦੇ ਵੱਡੇ ਹਸਪਤਾਲ ਨੂੰ ਬਣਾਇਆ ਗਿਆ ਨਿਸ਼ਾਨਾ • ਢੁਕਵੇਂ ਸਮੇਂ 'ਤੇ ਢੁਕਵਾਂ ਜਵਾਬ ਦੇਵਾਂਗੇ : ਅਫ਼ਗਾਨਿਸਤਾਨ**

**ਕਾਬੁਲ, 17 ਮਰਚ (ਵਿਸ਼ੇਸ਼ ਪ੍ਰਤੀਨਿਧ)** : ਪਾਕਿਸਤਾਨ ਨੇ ਸੋਮਵਾਰ ਰਾਤ ਨੂੰ ਇੱਕ ਵਾਰ ਫਿਰ ਅਫਗਾਨਿਸਤਾਨ 'ਤੇ ਹਵਾਈ ਹਮਲੇ ਕੀਤੇ। ਪਾਕਿਸਤਾਨੀ ਹਵਾਈ ਫ਼ੌਜ ਦੇ ਜੰਗੀ ਜਹਾਜ਼ਾਂ ਨੇ ਰਾਜਧਾਨੀ ਕਾਬੁਲ ਦੇ ਕਈ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ - ਜਿਸ ਵਿੱਚ ਇੱਕ ਹਸਪਤਾਲ ਵੀ ਸ਼ਾਮਲ ਹੈ। ਇਨ੍ਹਾਂ ਹਮਲਿਆਂ ਵਿੱਚ 400 ਵਿਅਕਤੀਆਂ ਦੇ ਮਾਰੇ ਜਾਣ ਅਤੇ 250 ਤੋਂ ਵੱਧ ਜ਼ਖ਼ਮੀ ਹੋਣ ਦੀ ਖ਼ਬਰ ਹੈ। ਰਿਪੋਰਟਾਂ ਅਨੁਸਾਰ, ਦਾਰੂਲ ਅਮਾਨ, ਅਰਜ਼ਾਨ ਕੀਮਤ, ਖ਼ੈਰ ਖਾਨਾ ਅਤੇ ਕਾਬੁਲ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਆਲੇ-ਦੁਆਲੇ ਕਈ ਥਾਵਾਂ 'ਤੇ ਧਮਾਕਿਆਂ ਅਤੇ ਗੋਲੀਬਾਰੀ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਤਾਲਿਬਾਨ ਸਰਕਾਰ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ ਦੋਸ਼ ਲਾਇਆ ਕਿ ਪਾਕਿਸਤਾਨੀ ਫੌਜ ਨੇ ਕਾਬੁਲ ਵਿੱਚ ਇੱਕ ਨਸ਼ਾ ਛੁਡਾਊ ਕੇਂਦਰ ਤੇ ਹਸਪਤਾਲ 'ਤੇ ਬੰਬ ਸੁੱਟੇ। ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ, ਤਾਲਿਬਾਨ ਨੇ ਇਸ ਨੂੰ 'ਮਨੁੱਖਤਾ ਵਿਰੁੱਧ ਅਪਰਾਧ÷ ਕਰਾਰ ਦਿੱਤਾ ਅਤੇ ਇਹ ਵੀ ਕਿਹਾ ਕਿ ਪਾਕਿਸਤਾਨ ਨੇ ਅਫਗਾਨਿਸਤਾਨ ਦੇ ਹਵਾਈ ਖੇਤਰ ਦੀ ਉਲੰਘਣਾ ਕੀਤੀ ਹੈ।

ਇਸ ਦੌਰਾਨ, ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਬੁਲਾਰੇ ਮੁਸ਼ੱਰਫ ਜ਼ੈਦੀ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਖਾਰਜ ਕਰ ਦਿੱਤਾ ਕਿ ਕਾਬੁਲ ਦੇ ਕਿਸੇ ਵੀ ਹਸਪਤਾਲ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਅਫਗਾਨ ਸਰਕਾਰ ਦੇ ਉਪ ਬੁਲਾਰੇ ਹਮਦੁੱਲਾ ਫਿਤਰਤ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਹਮਲਾ ਸਥਾਨਕ ਸਮੇਂ ਅਨੁਸਾਰ ਰਾਤ 9:00 ਵਜੇ ਦੇ ਕਰੀਬ ਹੋਇਆ। ਮੀਡੀਆ ਰਿਪੋਰਟਾਂ ਅਨੁਸਾਰ, ਪ੍ਰਭਾਵਿਤ ਹਸਪਤਾਲ 2,000 ਬਿਸਤਰਿਆਂ ਵਾਲਾ ਹੈ; ਇਸ ਨੂੰ ਭਾਰੀ ਨੁਕਸਾਨ ਹੋਇਆ ਹੈ। ਜਦੋਂ ਮੀਡੀਆ ਟੀਮਾਂ ਮੌਕੇ 'ਤੇ ਪਹੁੰਚੀਆਂ, ਤਾਂ ਹਸਪਤਾਲ ਦੇ ਕੁਝ ਹਿੱਸੇ ਹਾਲ਼ੇ ਵੀ ਅੱਗ ਦੀ ਲਪੇਟ ਵਿੱਚ ਸਨ। 30 ਤੋਂ ਵੱਧ ਲਾਸ਼ਾਂ ਨੂੰ ਸਟ?ਰੈਚਰ 'ਤੇ ਲਿਜਾਂਦਾ ਜਾ ਰਿਹਾ ਸੀ। ਹਸਪਤਾਲ ਦੇ ਅਧਿਕਾਰੀਆਂ ਨੇ ਸੰਕੇਤ ਦਿੱਤਾ ਕਿ ਪਾਕਿਸਤਾਨੀ ਹਵਾਈ ਹਮਲੇ ਸਮੇਂ ਹਸਪਤਾਲ ਵਿੱਚ ਕਾਫ਼ੀ ਜ਼ਿਆਦਾ ਮਰੀਜ਼ ਸਨ। ਜਿਸ ਤੋਂ ਪਤਾ ਲੱਗਦਾ ਹੈ ਕਿ ਮੌਤਾਂ ਅਤੇ ਜ਼ਖਮੀਆਂ ਦੀ ਗਿਣਤੀ ਹੋਰ ਵੀ ਵਧ ਸਕਦੀ ਹੈ। ਅਫਗਾਨ ਕ੍ਰਿਕਟਰ ਰਾਸ਼ਿਦ ਖਾਨ ਨੇ ਪਾਕਿਸਤਾਨੀ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਹੈ। ਸੋਸ਼ਲ ਮੀਡੀਆ 'ਤੇ ਲਿਖਦੇ ਹੋਏ, ਉਨ੍ਹਾਂ ਕਿਹਾ ਕਿ ਲੋਕ ਕਾਬੁਲ ਵਿੱਚ ਹਾਲ ਹੀ ਵਿੱਚ ਹੋਏ ਹਵਾਈ ਹਮਲਿਆਂ ਤੋਂ ਬਹੁਤ ਦੁਖੀ ਹਨ। ਇਨ੍ਹਾਂ ਹਮਲਿਆਂ ਵਿੱਚ ਕਈ ਨਾਗਰਿਕਾਂ ਦੀ ਜਾਨ ਗਈ, ਕੁਝ ਹਮਲੇ ਘਰਾਂ, ਸਕੂਲਾਂ ਅਤੇ ਹਸਪਤਾਲਾਂ ਦੇ ਆਸ-ਪਾਸ ਹੋਏ। ਕੌਮਾਂਤਰੀ ਕਾਨੂੰਨ ਤਹਿਤ ਨਾਗਰਿਕ ਖੇਤਰਾਂ 'ਤੇ ਹਮਲਾ ਕਰਨਾ ਜੰਗੀ ਅਪਰਾਧ ਮੰਨਿਆ ਜਾਂਦਾ ਹੈ, ਭਾਵੇਂ ਜਾਣਬੁੱਝ ਕੇ ਕੀਤਾ ਗਿਆ ਹੋਵੇ ਜਾਂ ਗ਼ਲਤੀ ਨਾਲ। ਅਜਿਹੀਆਂ ਘਟਨਾਵਾਂ - ਖਾਸ ਕਰਕੇ ਰਮਜ਼ਾਨ ਦੇ ਪਵਿੱਤਰ ਮਹੀਨੇ ਹੋਣ ਕਾਰਣ ਜਨਤਾ ਵਿੱਚ ਹੋਰ ਵੀ ਡੂੰਘਾ ਦੁੱਖ ਅਤੇ ਗੁੱਸਾ ਪੈਦਾ ਕੀਤਾ ਹੈ। ਲੋਕਾਂ ਨੇ ਸੰਯੁਕਤ ਰਾਸ਼ਟਰ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਹੈ।



ਪਾਕਿਸਤਾਨ ਨੇ ਕੰਧਾਰ ਸੂਬੇ ਵਿੱਚ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਹਵਾਈ ਹਮਲੇ ਕਰਨ ਦਾ ਦਾਅਵਾ ਕੀਤਾ। ਪਾਕਿਸਤਾਨ ਨੇ ਇਹ ਕਾਰਵਾਈ 'ਗ਼ਜ਼ਬ-ਏ-ਲੈਲ-ਉਲ-ਹੱਕ' ਕੋਡਨੇਮ ਹੇਠ ਕੀਤੀ। ਬਦਲੇ ਵਿੱਚ, ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਇੱਕ ਪਾਕਿਸਤਾਨੀ ਫੌਜੀ ਕੈਂਪ 'ਤੇ ਹਮਲਾ ਕੀਤਾ। ਪਾਕਿਸਤਾਨ ਦੇ ਸੂਚਨਾ ਮੰਤਰੀ, ਅਤਾਉੱਲਾ ਤਰਾਰ ਅਨੁਸਾਰ, ਹਮਲਿਆਂ ਨੇ ਸਰਹੱਦ ਪਾਰ ਹਮਲੇ ਕਰਨ ਲਈ ਸੰਗਠਨਾਂ - ਜਿਵੇਂ ਕਿ ਪਾਕਿਸਤਾਨੀ ਤਾਲਿਬਾਨ ਵੱਲੋਂ ਵਰਤੇ ਜਾਂਦੇ ਸਥਾਨਾਂ ਨੂੰ ਨਿਸ਼ਾਨਾ ਬਣਾਇਆ। ਪਾਕਿਸਤਾਨ ਨੇ ਇਹ ਵੀ ਦੋਸ਼ ਲਾਇਆ ਹੈ ਕਿ ਸ਼ੁੱਕਰਵਾਰ ਰਾਤ ਨੂੰ ਅਫਗਾਨਿਸਤਾਨ ਵਾਲੇ ਪਾਸਿਓਂ ਇੱਕ ਡਰੋਨ ਹਮਲਾ ਕੀਤਾ ਗਿਆ ਸੀ; ਇਸ ਘਟਨਾ ਦਾ ਮਲਬਾ ਡਿੱਗਣ ਨਾਲ ਕੋਇਟਾ ਵਿੱਚ ਕਈ ਨਾਗਰਿਕ ਜ਼ਖ਼ਮੀ ਹੋਏ ਹਨ - ਜਿਨ੍ਹਾਂ ਵਿੱਚ ਦੋ ਬੱਚੇ ਵੀ ਸ਼ਾਮਲ ਹਨ। ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਟਕਰਾਅ ਬੀਤੀ 22 ਫਰਵਰੀ ਨੂੰ ਸ਼ੁਰੂ ਹੋਇਆ ਸੀ, ਜਦੋਂ ਪਾਕਿਸਤਾਨ ਨੇ ਅਫਗਾਨਿਸਤਾਨ ਦੇ ਸਰਹੱਦੀ ਖੇਤਰਾਂ ਵਿੱਚ ਹਵਾਈ ਹਮਲੇ ਕੀਤੇ ਸਨ। ਪਾਕਿਸਤਾਨ ਦੇ ਉਪ ਗ੍ਰਹਿ ਮੰਤਰੀ, ਤਲਾਲ ਚੌਧਰੀ ਨੇ ਦਾਅਵਾ ਕੀਤਾ ਸੀ ਕਿ ਸਰਹੱਦੀ ਖੇਤਰਾਂ ਵਿੱਚ ਟੀਟੀਪੀ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕਾਰਵਾਈਆਂ ਦੌਰਾਨ ਘੱਟੋ-ਘੱਟ 70 ਅੱਤਵਾਦੀ ਮਾਰੇ ਗਏ ਸਨ।

# ਕੈਨੇਡਾ ਦੀ ਪੀ.ਆਰ. ਦਾ ਰਾਹ ਹੋਇਆ ਸੌਖਾ




**ਟੋਰਾਂਟੋ, 17 ਮਰਚ (ਵਿਸ਼ੇਸ਼ ਪ੍ਰਤੀਨਿਧ)** : ਕੈਨੇਡਾ ਦੀ ਪੀ.ਆਰ. ਦਾ ਰਾਹ ਸੌਖਾ ਕਰਦਿਆਂ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਜੌਬ ਆਫ਼ਰ ਦੇ ਵੱਖਰੇ ਨੰਬਰਾਂ ਵਾਲਾ ਨਿਯਮ ਮੁੜ ਲਿਆਂਦਾ ਜਾ ਰਿਹਾ ਹੈ ਅਤੇ ਐਲ.ਐਮ.ਆਈ.ਏ. ਯਾਨੀ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ 'ਤੇ ਆਧਾਰਤ ਨੌਕਰੀਆਂ ਦੀ ਪੇਸ਼ਕਸ਼ ਵੀ ਪ੍ਰਵਾਨ ਕੀਤੀ ਜਾਵੇਗੀ। ਸਿਰਫ਼ ਐਨਾ ਹੀ ਨਹੀਂ, ਕੈਨੇਡਾ ਵਿਚ ਕੰਮ ਦੇ ਤਜਰਬੇ ਨੂੰ ਵੀ ਤਰਜੀਹ ਦਿਤੀ ਜਾਵੇਗੀ। ਜੀ ਹਾਂ, ਮਾਰਚ 2025 ਵਿਚ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੇ ਨੌਕਰੀ ਦੀ ਪੇਸ਼ਕਸ਼ ਦੇ ਬੋਨਸ ਪੁਆਇੰਟ ਦੇਣ ਦੀ ਪ੍ਰਕਿਰਿਆ ਬੰਦ ਕਰ ਦਿਤੀ ਜਿਸ ਤਹਿਤ ਐਕਸਪ੍ਰੈਸ ਐਂਟਰੀ ਅਧੀਨ ਉਮੀਦਵਾਰਾਂ ਨੂੰ 50 ਤੋਂ 200 ਤੱਕ ਵਾਧੂ ਸੀ.ਆਰ.ਐਸ. ਪੁਆਇੰਟ ਮਿਲ ਜਾਂਦੇ ਸਨ। ਕੈਨੇਡਾ ਸਰਕਾਰ ਦੇ ਫੈਸਲੇ ਪਿੱਛੇ ਐਲ.ਐਮ.ਆਈ.ਏ. ਦੇ ਨਾਂ 'ਤੇ ਨੌਜਵਾਨਾਂ ਤੋਂ ਵਸੂਲੀਆਂ ਜਾ ਰਹੀਆਂ ਮੋਟੀਆਂ ਰਕਮਾਂ ਜਾਂ ਠੱਗੀ ਠੋਰੀ ਨੂੰ ਆਧਾਰ ਬਣਾਇਆ ਗਿਆ। ਇਹ ਗੱਲ ਵੀ ਸਾਹਮਣੇ ਆਈ ਕਿ ਸੀ.ਆਰ.ਐਸ. ਸਕੋਰ ਵਧਾਉਣ ਲਈ ਉਮੀਦਵਾਰਾਂ ਵੱਲੋਂ ਐਲ.ਐਮ.ਆਈ.ਏ. ਖਰੀਦੇ ਜਾ ਰਹੇ ਸਨ। ਦੂਜੇ ਪਾਸੇ ਤਾਜ਼ਾ ਵਿਉਂਤਬੰਦੀ ਕਹਿੰਦੀ ਹੈ ਕਿ ਇੰਮੀਗ੍ਰੇਸ਼ਨ ਖੇਤਰ ਵਿਚ ਵੱਡੇ ਸੁਧਾਰ ਕਰਨ ਦੇ ਮਕਸਦ ਤਹਿਤ ਨਵੇਂ ਸਿਰੇ ਤੋਂ ਪ੍ਰਕਿਰਿਆ ਲਾਗੂ ਕੀਤੀ ਜਾ ਰਹੀ ਹੈ। ਇੰਮੀਗ੍ਰੇਸ਼ਨ ਵਿਭਾਗ ਵੱਲੋਂ ਮੋਟੀ ਤਨਖਾਹ ਵਾਲੀਆਂ ਨੌਕਰੀਆਂ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਪਰ ਅਜਿਹੀਆਂ ਨੌਕਰੀਆਂ ਬਾਰੇ ਵਿਸਤਾਰਤ ਖੁਲਾਸਾ ਨਹੀਂ ਕੀਤਾ। ਮੌਜੂਦਾ ਸਮੇਂ ਦੌਰਾਨ ਐਕਸਪ੍ਰੈਸ ਐਂਟਰੀ ਸਿਸਟਮ ਵਿਚ ਕਿਸੇ ਉਮੀਦਵਾਰ ਦੀ ਸਿਖਲਾਈ, ਸਿੱਖਿਆ, ਤਜਰਬੇ ਅਤੇ ਜ਼ਿੰਮੇਵਾਰੀਆਂ ਨੂੰ ਕਲਾਸੀਫਾਈ ਕੀਤਾ ਜਾਂਦਾ ਹੈ। ਪਰ ਉਜਰਤ ਦਰਾਂ ਦਾ ਸਿੱਧੇ ਤੌਰ 'ਤੇ ਮੁਲਾਂਕਣ ਨਹੀਂ ਹੁੰਦਾ। ਕੈਨੇਡੀਅਨ ਇੰਮੀਗ੍ਰੇਸ਼ਨ ਦੇ ਹੋਰਨਾਂ ਵਰਗਾਂ ਵਿਚ ਮੋਟੀ ਤਨਖਾਹ ਨੂੰ ਕੁਝ ਵੱਖਰੇ ਤਰੀਕੇ ਨਾਲ ਪਰਿਭਾਸ਼ਤ ਕੀਤਾ ਗਿਆ ਹੈ। ਮਿਸਾਲ ਵਜੋਂ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਵਿਚ ਕਿਸੇ ਨੌਕਰੀ ਨੂੰ ਹਾਈ ਵੇਜ ਵਾਲੀ ਮੰਨਿਆ ਜਾਂਦਾ ਹੈ ਜੇ ਪ੍ਰਤੀ ਘੰਟਾ ਉਜਰਤ ਦਰ ਸੂਬੇ ਵਿਚ ਦਰਮਿਆਨੇ ਪੱਧਰ 'ਤੇ ਚੱਲ ਰਹੀ ਪ੍ਰਤੀ ਘੰਟਾ ਉਜਰਤ ਦਰ ਤੋਂ ਵੱਧ ਹੋਵੇ।

# ਸਸਪੈਂਡ ਡੀ.ਆਈ.ਜੀ. ਭੁੱਲਰ ਨੇ ਅਦਾਲਤੀ ਫ਼ੈਸਲੇ ਨੂੰ ਦਿਤੀ ਚੁਣੌਤੀ

**• ਵਕੀਲ ਨੇ ਸੀਬੀਆਈ ਦੀ ਚਾਰਜਸ਼ੀਟ ਨੂੰ ਦੱਸਿਆ ਅਧੂਰੀ • ਕੇਸ ਚਲਾਉਣ ਦੀ ਸਰਕਾਰ ਤੋਂ ਨਹੀਂ ਲਈ ਗਈ ਲੋੜੀਂਦੀ ਪ੍ਰਵਾਨਗੀ**

**ਚੰਡੀਗੜ੍ਹ, 17 ਮਰਚ (ਵਿਸ਼ੇਸ਼ ਪ੍ਰਤੀਨਿਧ)** : ਪੰਜਾਬ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਆਪਣੇ 'ਤੇ ਪਏ ਭ੍ਰਿਸ਼ਟਾਚਾਰ ਦੇ ਕੇਸ ਦਾ ਨੋਟਿਸ ਲੈਣ ਦੇ ਅਦਾਲਤੀ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਅਦਾਲਤ ਸਾਹਵੇਂ ਮੰਗ ਰੱਖੀ ਹੈ ਕਿ ਸੀਬੀਆਈ ਦੀ ਅਦਾਲਤ ਵੱਲੋਂ ਜਾਰੀ ਨੋਟਿਸ ਦਾ ਹੁਕਮ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਖ਼ਿਲਾਫ਼ ਦਾਇਰ ਹੋਇਆ ਦੋਸ਼-ਪੱਤਰ ਅਧੂਰਾ ਹੈ। ਇਸ ਤੋਂ ਇਲਾਵਾ ਇਹ ਕੇਸ ਚਲਾਉਣ ਲਈ ਪੰਜਾਬ ਸਰਕਾਰ ਤੋਂ ਲੋੜੀਂਦੀ ਪ੍ਰਵਾਨਗੀ ਨਹੀਂ ਲਈ ਗਈ। ਸਸਪੈਂਡ ਕੀਤੇ ਡੀਆਈਜੀ ਹਰਚਰਨ ਸਿੰਘ ਭੁੱਲਰ ਦੇ ਵਕੀਲ ਐਸਪੀਐਸ ਭੁੱਲਰ ਨੇ ਦਾਅਵਾ ਕੀਤਾ ਕਿ ਸੀਬੀਆਈ ਵੱਲੋਂ ਦਾਇਰ ਦੋਸ਼-ਪੱਤਰ ਅਧੂਰਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਨੂੰ ਹਾਲ਼ੇ ਤੱਕ ਸੀ.ਐਫ਼.ਐਸ.ਐਲ ਰਿਪੋਰਟ ਤੇ ਹੋਰ ਦਸਤਾਵੇਜ਼ ਮੁਹੱਈਆ ਨਹੀਂ ਕਰਵਾਏ ਗਏ ਹਨ। ਇਸ ਤੋਂ ਇਲਾਵਾ ਸੀਬੀਆਈ ਨੇ ਪੰਜਾਬ ਸਰਕਾਰ ਤੋਂ ਮੁਕੱਦਮਾ ਚਲਾਉਣ ਲਈ ਕੋਈ ਪ੍ਰਵਾਨਗੀ ਵੀ ਨਹੀਂ ਲਈ। ਵਕੀਲ ਦਾ ਕਹਿਣਾ ਹੈ ਕਿ ਇਸ ਸਾਰੀ ਸਥਿਤੀ ਦੇ ਮੱਦੇਨਜ਼ਰ ਮੁਅੱਤਲਸ਼ੁਦਾ ਡੀਆਈਜੀ ਭੁੱਲਰ ਖ਼ਿਲਾਫ਼ ਕੇਸ ਦਾ ਨੋਟਿਸ ਲੈਣ ਦਾ ਸੀਬੀਆਈ ਅਦਾਲਤ ਦਾ ਹੁਕਮ ਕਾਨੂੰਨੀ ਤੌਰ 'ਤੇ ਯੋਗ ਹੀ ਨਹੀਂ ਹੈ। ਉਧਰ ਵਿਚੋਲੇ ਵਜੋਂ ਪੇਸ਼ ਕੀਤੇ ਜਾ ਰਹੇ ਕ੍ਰਿਸ਼ਨੂੰ ਸ਼ਾਰਦਾ ਨੇ ਵੀ ਅਦਾਲਤੀ ਨੋਟਿਸ ਦੇ ਹੁਕਮ ਨੂੰ ਚੁਣੌਤੀ ਦਿੰਦਿਆਂ ਅਜਿਹੀ ਇੱਕ ਪਟੀਸ਼ਨ ਦਾਇਰ ਕੀਤੀ ਹੈ। ਸੀਬੀਆਈ ਦੀ ਅਦਾਲਤ ਨੇ ਹੁਣ ਇਨ੍ਹਾਂ ਦੋਵੇਂ ਪਟੀਸ਼ਨਾਂ ਉਤੇ ਜਵਾਬ ਮੰਗਦਿਆਂ ਜਾਂਚ ਏਜੰਸੀ ਨੂੰ ਨੋਟਿਸ ਜਾਰੀ ਕੀਤੇ ਹਨ। ਇਸ ਮਾਮਲੇ ਦੀ ਅਗਲੇਰੀ ਸੁਣਵਾਈ ਹੁਣ ਆਉਂਦੀ 27 ਮਾਰਚ ਨੂੰ ਹੋਣੀ ਤੈਅ ਹੈ। ਬੀਤੀ 13 ਮਾਰਚ ਨੂੰ ਸੀਬੀਆਈ ਦੀ ਅਦਾਲਤ ਨੇ ਦੋਵੇਂ ਮੁਲਜ਼ਮਾਂ ਮੁਅੱਤਲਸ਼ੁਦਾ ਡੀਆਈਜੀ ਭੁੱਲਰ ਅਤੇ ਕ੍ਰਿਸ਼ਨੂੰ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦਾ ਗੰਭੀਰ ਨੋਟਿਸ ਲਿਆ ਸੀ। ਹਾਲ਼ੇ ਪਿਛਲੇ ਮਹੀਨੇ ਹੀ ਸੀਬੀਆਈ ਨੂੰ ਆਈਪੀਐਸ ਅਫ਼ਸਰ ਭੁੱਲਰ ਖ਼ਿਲਾਫ਼ ਕੇਸ ਚਲਾਉਣ ਲਈ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਪ੍ਰਵਾਨਗੀ ਹਾਸਲ ਹੋਈ ਸੀ। ਵਕੀਲ ਭੁੱਲਰ ਦੀ ਦਲੀਲ ਹੈ ਕਿ ਅਪਰਾਧ ਵੇਲੇ ਉਨ੍ਹਾਂ ਦਾ ਮੁਵੱਕਿਲ ਪੰਜਾਬ 'ਚ ਨਿਯੁਕਤ ਸੀ। ਇਸ ਲਈ ਪ੍ਰਵਾਨਗੀ ਪੰਜਾਬ ਸਰਕਾਰ ਤੋਂ ਲੈਣੀ ਬਣਦੀ ਸੀ। ਇੱਥੇ ਦੱਸ ਦੇਈਏ ਕਿ ਕ੍ਰਿਸ਼ਨੂੰ ਸ਼ਾਰਦਾ ਅਤੇ ਹਰਚਰਨ ਸਿੰਘ ਭੁੱਲਰ ਨੂੰ ਸੀਬੀਆਈ ਨੇ ਪਿਛਲੇ ਵਰ੍ਹੇ 16 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਉਹ ਹਾਲ਼ੇ ਵੀ ਨਿਆਂਇਕ ਹਿਰਾਸਤ 'ਚ ਹਨ। ਇਨ੍ਹਾਂ ਦੋਵਾਂ ਉਤੇ ਮੰਡੀ ਗੋਬਿੰਦਗੜ੍ਹ ਦੇ ਇੱਕ ਸਕ੍ਰੈਪ ਡੀਲਰ ਤੋਂ 8 ਲੱਖਾ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹਨ। ਗ੍ਰਿਫ਼ਤਾਰੀਆਂ ਪਿੱਛੋਂ ਸੀਬੀਆਈ ਨੇ ਚੰਡੀਗੜ੍ਹ ਦੇ ਸੈਕਟਰ-40 ਸਥਿਤ ਭੁੱਲਰ ਦੀ ਰਿਹਾਇਸ਼ਗਾਹ ਉਤੇ ਛਾਪਾ ਮਾਰਿਆ ਸੀ। ਉਥੋਂ ਸਾਢੇ ਸੱਤ ਕਰੋੜ ਰੁਪਏ ਦੀ ਨਕਦੀ ਤੇ ਢਾਈ ਕਿਲੋਗ੍ਰਾਮ ਸੋਨਾ ਬਰਾਮਦ ਕੀਤਾ ਗਿਆ ਸੀ। ਤਦ ਹੀ ਮਹਿੰਗੀ ਸ਼ਰਾਬ, ਘੜੀਆਂ ਤੇ ਜਾਇਦਾਦਾਂ ਦੇ ਕਈ ਦਸਤਾਵੇਜ਼ ਬਰਾਮਦ ਕੀਤੇ ਗਏ ਸਨ।



# ਅਮਰੀਕਾ ਨੇ ਈਰਾਨੀ ਮਿਜ਼ਾਈਲ ਕੇਂਦਰ 'ਤੇ ਸੁੱਟੇ 5000 ਪਾਉਂਡ ਦੇ ਬੰਬ

**ਤਹਿਰਾਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਮੱਧ ਪੂਰਬ ਵਿੱਚ ਚੱਲ ਰਹੀ ਖਿੱਚੋਤਾਣ ਹੁਣ ਖੁੱਲ੍ਹੀ ਜੰਗ ਵੱਲ ਵਧਦੀ ਦਿਖਾਈ ਦੇ ਰਹੀ ਹੈ। ਦੁਨੀਆ ਦੀ ਤੇਲ ਸਪਲਾਈ ਲਈ ਸਭ ਤੋਂ ਮਹੱਤਵਪੂਰਨ ਸਮੁੰਦਰੀ ਰਸਤਾ, ਸਟ੍ਰੇਟ ਆਫ਼ ਹੋਰਮੁਜ਼ ਨੂੰ ਮੁੜ ਖੋਲ੍ਹਣ ਲਈ ਅਮਰੀਕਾ ਨੇ ਈਰਾਨ ਦੇ ਮਿਜ਼ਾਈਲ ਟਿਕਾਣਿਆਂ 'ਤੇ ਵੱਡਾ ਸੈਨਿਕ ਹਮਲਾ ਕੀਤਾ ਹੈ। ਅਮਰੀਕੀ ਫੌਜ ਨੇ ਇਸ ਕਾਰਵਾਈ ਦੌਰਾਨ 5,000 ਪਾਉਂਡ ਦੇ ਸ਼ਕਤੀਸ਼ਾਲੀ "ਬੰਕਰ ਬਸਟਰ"ਬੰਬਾਂ ਦਾ ਇਸਤੇਮਾਲ ਕੀਤਾ।"




ਯੂਨਾਈਟਿਡ ਸਟੇਟ ਸੈਂਟ੍ਰਲ ਕਮਾਂਡ ਦੇ ਮੁਤਾਬਕ, ਈਰਾਨ ਦੇ ਤੱਟੀ ਇਲਾਕਿਆਂ ਵਿੱਚ ਬਣੇ ਮਜ਼ਬੂਤ ਮਿਜ਼ਾਈਲ ਅੱਡਿਆਂ ਨੂੰ ਨਿਸ਼ਾਨਾ ਬਣਾ ਕੇ ਤਬਾਹ ਕੀਤਾ ਗਿਆ। ਇਹ ਉਹ ਟਿਕਾਣੇ ਸਨ ਜਿਥੋਂ ਐਂਟੀ-ਸ਼ਿਪ ਮਿਜ਼ਾਈਲਾਂ ਅੰਤਰਰਾਸ਼ਟਰੀ ਜਹਾਜ਼ਰਾਨੀ ਲਈ ਖਤਰਾ ਬਣ ਰਹੀਆਂ ਸਨ।

ਇਹ ਰਸਤਾ ਦੁਨੀਆ ਦੇ ਲਗਭਗ 20% ਤੇਲ ਦੀ ਆਵਾਜਾਈ ਲਈ ਜ਼ਰੂਰੀ ਹੈ। ਈਰਾਨ ਵੱਲੋਂ ਇਸਨੂੰ ਬੰਦ ਕਰਨ ਕਾਰਨ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਿੱਚ ਤੇਜ਼ ਵਾਧਾ ਹੋਇਆ ਸੀ। ਅਮਰੀਕਾ ਦੀ ਇਹ ਕਾਰਵਾਈ ਸਪਲਾਈ ਨੂੰ ਮੁੜ ਸਥਿਰ ਕਰਨ ਦੀ ਕੋਸ਼ਿਸ਼ ਵਜੋਂ ਦੇਖੀ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਮਲੇ ਦੀ ਪੁਸ਼ਟੀ ਕਰਦੇ ਹੋਏ ਨਾਟੋ ਦੇ ਸਾਥੀ ਦੇਸ਼ਾਂ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ।

ਉਨ੍ਹਾਂ ਕਿਹਾ ਕਿ ਅਮਰੀਕਾ ਸਾਲਾਂ ਤੋਂ ਨਾਟੋ ਦੀ ਮਦਦ ਕਰਦਾ ਆ ਰਿਹਾ ਹੈ, ਪਰ ਇਸ ਸੰਕਟ ਦੇ ਸਮੇਂ ਕੋਈ ਵੀ ਦੇਸ਼ ਖੁੱਲ੍ਹ ਕੇ ਸਾਥ ਨਹੀਂ ਦੇ ਰਿਹਾ। ਹਮਲੇ ਤੋਂ ਬਾਅਦ ਮੱਧ ਪੂਰਬ ਵਿੱਚ ਤਣਾਅ ਹੋਰ ਵਧ ਗਿਆ ਹੈ। ਈਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਸ਼ਾਂਤੀਪੂਰਨ ਦੱਸ ਰਿਹਾ ਹੈ, ਜਦਕਿ ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਪਿੱਛੇ ਨਹੀਂ ਹਟੇਗਾ। ਇਸਦੇ ਨਾਲ ਹੀ ਇਜ਼ਰਾਈਲ ਅਤੇ ਈਰਾਨ ਵਿਚਕਾਰ ਵੀ ਮਿਜ਼ਾਈਲ ਹਮਲਿਆਂ ਕਾਰਨ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ।

## ਦੁਨੀਆਂ ਦੀ ਨਜ਼ਰ ਹੋਰਮੁਜ਼ 'ਤੇ ਲੱਗੀ

ਮੌਜੂਦਾ ਸਥਿਤੀ ਵਿੱਚ ਪੂਰੀ ਦੁਨੀਆ ਦੀ ਨਜ਼ਰ ਹੁਣ ਸਟ੍ਰੇਟ ਆਫ਼ ਹੋਰਮੁਜ਼ 'ਤੇ ਟਿਕੀ ਹੋਈ ਹੈ। ਜੇਕਰ ਇਹ ਸੰਕਟ ਹੋਰ ਵਧਦਾ ਹੈ, ਤਾਂ ਇਸਦਾ ਸਿੱਧਾ ਅਸਰ ਵਿਸ਼ਵ ਆਰਥਿਕਤਾ ਅਤੇ ਊਰਜਾ ਬਾਜ਼ਾਰ 'ਤੇ ਪੈ ਸਕਦਾ ਹੈ।
























# ਓਨਟਾਰੀਓ ਵਿੱਚ ਡਰਾਈਵਰਾਂ ਲਈ ਨਵੇਂ ਨਿਯਮ



ਓਨਟਾਰੀਓ ਵੱਖ-ਵੱਖ ਦੇਸ਼ਾਂ ਤੋ ਲੋਕ ਆ ਕੇ ਵੱਸਦੇ ਹਨ ਅਤੇ ਆਪਣਾ ਸੱਭਿਆਚਾਰ ਅਤੇ ਰੀਤ-ਰਿਵਾਜ ਵੀ ਨਾਲ ਹੀ ਲੈ ਕੇ ਆਉਂਦੇ ਹਨ। ਇਸ ਤਰ੍ਹਾਂ ਆਪਣੀਆਂ ਡਰਾਈਵਿੰਗ ਸੰਬੰਧੀ ਆਦਤਾਂ ਅਤੇ ਢੰਗ ਵੀ ਨਾਲ ਲੈ ਕੇ ਆਉਂਦੇ ਹਨ। ਇਨ੍ਹਾਂ ਸਾਰਿਆਂ ਡਰਾਈਵਰਾਂ ਨੂੰ ਇੱਕੋ ਇੱਕ ਕਾਨੂੰਨਾਂ ਵਿੱਚ ਲਿਆਉਣ ਲਈ ਇੱਥੇ ਕਾਨੂੰਨ ਬਣਾਏ ਗਏ ਹਨ ਤਾਂ ਕਿ ਸਾਰੇ ਇੱਕੋ ਹੀ ਢੰਗ ਨਾਲ ਕਾਰ ਚਲਾਉਣ। ਇਨ੍ਹਾਂ ਨਿਯਮਾਂ ਦੀ ਪਾਲਣਾ ਠੀਕ ਢੰਗ ਨਾਲ ਕਰਨ ਲਈ ਕਾਨੂੰਨ ਬਣਾਏ ਗਏ ਹਨ ਅਤੇ ਨਾਲ ਇਹ ਵੀ ਪ੍ਰਬੰਧ ਕੀਤਾ ਗਿਆ ਹੈ ਕਿ ਜੇ ਕੋਈ ਵਿਅਕਤੀ ਡਰਾਈਵਿੰਗ ਸੰਬੰਧੀ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਟਰੈਫ਼ਿਕ ਟਿਕਟ ਮਿਲਦੀ ਹੈ, ਅਤੇ ਜੇ ਕੋਈ ਐਕਸੀਡੈਂਟ ਕਰਦਾ ਹੈ ਤਾਂ ਵੀ ਕਸੂਰ ਦੇ ਅਨੁਸਾਰ ਟਿਕਟ ਮਿਲਦੀ ਹੈ, ਜੁਰਮਾਨਾ ਵੀ ਹੁੰਦਾ ਹੈ ਅਤੇ ਬਾਅਦ ਵਿੱਚ ਕਾਰ ਇੰਸ਼ੋਰੈਂਸ ਵੀ ਵਧਦੀ ਹੈ। ਜੇ ਕੋਈ ਵੱਡੀ ਗ਼ਲਤੀ ਹੈ ਤਾਂ ਸਜ਼ਾ ਵੀ ਹੋ ਜਾਂਦੀ ਹੈ, ਲਾਇਸੈਂਸ ਵੀ ਸਸਪੈਂਡ ਹੋ ਜਾਂਦਾ ਹੈ। ਇਸ ਕਰਕੇ ਹੀ ਆਪਣੇ-ਆਪਣੇ ਦੇਸ਼ ਦੀਆਂ ਆਦਤਾਂ ਦੇ ਬਾਵਜੂਦ ਕਾਨੂੰਨਾਂ ਵਿੱਚ ਅਸੀਂ ਸਿੱਧੀਆਂ ਲਾਈਨਾਂ ਵਿੱਚ ਚਲਦੇ ਹਾਂ।

ਇਸ ਕਰਕੇ ਹੀ ਓਨਟਾਰੀਓ ਦੀਆਂ ਸੜਕਾਂ ਨੂੰ ਹੋਰ ਵਧੇਰੇ ਸੁਰੱਖਿਅਤ ਬਣਾਉਣ ਵਾਸਤੇ ਨਵੇਂ ਕਾਨੂੰਨ ਲਾਗੂ ਕੀਤੇ ਗਏ ਹਨ। ਜੇ ਡਰਾਈਵਰ 40 ਕਿੱਲੋਮੀਟਰ/ਘੰਟਾ ਵੱਧ ਜਾ ਰਿਹਾ ਹੈ ਜਿੱਥੇ ਸਪੀਡ ਲਿਮਿਟ 80 ਕਿੱਲੋਮੀਟਰ/ਘੰਟਾ ਹੈ ਤਾਂ ਸਟੰਟ ਡਰਾਈਵਿੰਗ ਵਿੱਚ ਚਾਰਜ ਹੋ ਜਾਂਦਾ ਹੈ, ਜੇ ਸਪੀਡ ਲਿਮਿਟ 100 ਕਿੱਲੋਮੀਟਰ/ਘੰਟਾ ਹੈ ਤਾਂ 50 ਕਿੱਲੋਮੀਟਰ/ਘੰਟਾ ਤੇ ਸਟੰਟ ਡਰਾਈਵਿੰਗ ਵਿੱਚ ਚਾਰਜ ਹੋ ਜਾਂਦਾ ਹੈ, ਘੱਟੋ-ਘੱਟ 14 ਦਿਨ ਵਾਸਤੇ ਅੰਦਰ ਅਤੇ ਲਾਇਸੈਂਸ 30 ਦਿਨ ਵਾਸਤੇ ਸਸਪੈਂਡ ਹੋਣਾ ਹੈ।

ਇਸ ਤਰ੍ਹਾਂ ਡਰਾਈਵਿੰਗ ਜਿਵੇਂ ਕਾਰ ਚਲਾਉਣ ਦੇ ਸਮੇਂ ਸੈੱਲ ਫੋਨ ਦੀ ਵਰਤੋ ਕਰਨ ਤੇ ਘੱਟੋ-ਘੱਟ ਜੁਰਮਾਨਾ 1000 ਡਾਲਰ ਅਤੇ ਤਿੰਨ ਦਿਨ ਵਾਸਤੇ ਲਾਇਸੈਂਸ ਸਸਪੈਂਡ, ਦੂਜੀ ਟਿਕਟ ਤੇ 2000 ਜੁਰਮਾਨਾ ਅਤੇ 7 ਦਿਨ ਵਾਸਤੇ ਲਾਇਸੈਂਸ ਸਸਪੈਂਡ, ਤੀਜੀ ਟਿਕਟ ਤੇ 3000 ਜੁਰਮਾਨਾ ਅਤੇ 30 ਦਿਨ ਵਾਸਤੇ ਲਾਇਸੈਂਸ ਸਸਪੈਂਡ ਅਤੇ 6 ਡੀ ਮੈਰਿਟ ਪੁਆਇੰਟ ਵੀ ਮਿਲ ਜਾਂਦੇ ਹਨ। ਜੀ 1 ਅਤੇ ਜੀ 2 ਲਾਇਸੈਂਸ ਹੋਲਡਰਾਂ ਦਾ ਤਾਂ ਲਾਇਸੈਂਸ ਉਸੇ ਵਕਤ ਸਸਪੈਂਡ ਹੋ ਸਕਦਾ ਹੈ 30 ਦਿਨ ਵਾਸਤੇ ਪਹਿਲੀ ਟਿਕਟ ਤੇ, 90 ਦਿਨ ਵਾਸਤੇ ਦੂਜੀ ਟਿਕਟ ਤੇ ਅਤੇ ਤੀਜੀ ਤੇ ਲਾਇਸੈਂਸ ਸਸਪੈਂਡ ਨਹੀਂ ਕੈਂਸਲ ਹੀ ਹੋ ਜਾਂਦਾ ਹੈ। ਸਾਈਕਲ ਸਫਰ ਦਾ ਵੀ ਵਧ ਧਿਆਨ ਰੱਖਣਾ ਪੈਂਦਾ ਹੈ ਹੁਣ। ਜਦੋਂ ਵੀ ਸਾਈਕਲ ਸਵਾਰ ਨੂੰ ਪਾਸ ਕਰਨਾ ਹੈ ਤਾਂ ਘੱਟੋ-ਘੱਟ ਇੱਕ ਮੀਟਰ ਦਾ ਫਾਸਲਾ ਛੱਡ ਕੇ ਪਾਸ ਕਰਨਾ ਹੈ ਜੇ ਸੰਭਵ ਹੈ, ਬਾਵਜੂਦ ਜੇ ਇੰਨੀ ਜਗ ?ਹਾ ਹੈਗੀ ਹੈ ਪਾਸ ਕਰਨ ਲਈ। ਨਹੀਂ ਤਾਂ ਜੁਰਮਾਨਾ 110 ਡਾਲਰ ਅਤੇ ਦੋ ਡੀ ਮੈਰਿਟ ਪੁਆਇੰਟ ਵੀ ਲਾਗੂ ਜਾਂਦੇ ਹਨ। ਅਤੇ ਇਹ ਵਧ ਵੀ ਹੋ ਸਕਦਾ ਹੈ।

ਇਸ ਤਰ੍ਹਾਂ ਹੀ ਜੇ ਪਿਛਲੇ ਪਾਸੇ ਤੋ ਸਾਈਕਲ ਆ ਰਹੀ ਹੈ, ਤੁਸੀਂ ਆਪਣੀ ਕਾਰ ਦਾ ਦਰਵਾਜ਼ਾ ਖੋਲ੍ਹ ਦਿੱਤਾ ਸਾਈਕਲ ਸਵਾਰ ਜ਼ਖ਼ਮੀ ਹੋ ਗਿਆ ਤਾਂ ਵੀ ਜੁਰਮਾਨਾ 365 ਡਾਲਰ ਅਤੇ ਤਿੰਨ ਡੀ ਮੈਰਿਟ ਪੁਆਇੰਟ ਵੀ ਲਾਗੂ ਜਾਂਦੇ ਹਨ। ਪਰ ਜੇ ਸਾਈਕਲ ਸਵਾਰ ਨੇ ਆਪਣੇ ਸਾਈਕਲ ਤੇ ਠੀਕ ਢੰਗ ਨਾਲ ਲਾਈਟ ਜਾਂ ਰਿਫਲੈਕਟਰ ਨਹੀਂ ਲਗਾਏ ਤਾਂ ਉਹਨਾਂ ਨੂੰ ਵੀ 110 ਡਾਲਰ ਦਾ ਜੁਰਮਾਨਾ ਲਾਗੂ ਜਾਂਦਾ ਹੈ। ਟੋ ਟਰੱਕ - ਪਹਿਲਾਂ ਜਦੋਂ ਵੀ ਸੜਕ ਤੇ ਕੋਈ ਪੁਲਿਸ ਦੀ ਕਾਰ ਜਾਂ ਕੋਈ ਵੀ ਐਮਰਜੈਂਸੀ ਵਾਹਨ ਲਾਈਟ ਲਾ ਕੇ ਕਿਸੇ ਦੀ ਸਹਾਇਤਾ ਕਰਨ ਵਾਸਤੇ ਖੜ੍ਹਾ ਹੈ ਤਾਂ ਤੁਸੀਂ ਆਪਣਾ ਵਾਹਨ ਹੌਲੀ ਕਰਨਾ ਹੈ ਅਤੇ ਦੂਜੀ ਲਾਈਨ ਵਿੱਚ ਚਲੇ ਜਾਣਾ ਹੈ। ਹੁਣ ਇਹ ਰੂਲ ਟੋ-ਟਰੱਕ ਵਾਸਤੇ ਵੀ ਲਾਗੂ ਹੈ, ਬਾਵਜੂਦ ਜੇ ਟੋ-ਟਰੱਕ ਵੀ ਲਾਈਟ ਲਾ ਕੇ ਕਿਸੇ ਦੀ ਮਦਦ ਕਰਨ ਵਾਸਤੇ ਖੜ੍ਹਾ ਹੈ ਤਾਂ ਉਸ ਨੂੰ ਵੀ ਪਾਸ ਕਰਨ ਲੱਗੇ ਹੌਲੀ ਕਰਕੇ ਦੂਜੀ ਲਾਈਨ ਵਿੱਚ ਚਲੇ ਜਾਣਾ ਹੈ। ਨਹੀਂ ਤਾਂ ਟਿਕਟ ਮਿਲ ਜਾਵੇਗੀ ਅਤੇ ਜੁਰਮਾਨਾ ਵੀ ਹੋ ਜਾਵੇਗਾ।

ਪੈਦਲ ਯਾਤਰੀਆਂ ਵਾਸਤੇ ਅਤੇ ਸਕੂਲ ਕਰਾਸਿੰਗ ਦੇ ਨਵੇਂ ਕਾਨੂੰਨ ਵੀ ਲਾਗੂ ਹੋ ਗਏ ਹਨ। ਸਕੂਲ ਕਰਾਸਿੰਗ ਤੇ ਅਤੇ ਪੈਦਲ ਯਾਤਰੀਆਂ ਦੇ ਲੰਘਣ ਵਾਸਤੇ ਬਣੀ ਜਾਂ ਪੈਦਲ ਯਾਤਰੀਆਂ ਕ੍ਰਾਸ-ਓਵਰ ਤੇ ਸਾਰੇ ਹੀ ਵਾਹਨ ਡਰਾਈਵਰਾਂ ਨੂੰ ਅਤੇ ਸਾਈਕਲ ਸਵਾਰਾਂ ਨੂੰ ਉਹਨਾਂ ਚਿਰ ਰੁਕਣਾ ਪਵੇਗਾ ਜਿੰਨੀ ਦੇਰ ਤੱਕ ਪੈਦਲ ਯਾਤਰੀ ਸੜਕ ਦੇ ਦੂਜੇ ਪਾਸੇ ਨਹੀਂ ਪਹੁੰਚ ਜਾਂਦਾ। ਪਹਿਲਾਂ ਇਹ ਕਾਨੂੰਨ ਅੱਧੇ ਤੱਕ ਪਹੁੰਚਣ ਦਾ ਸੀ। ਪੈਦਲ ਯਾਤਰੀਆਂ ਕ੍ਰਾਸ-ਓਵਰ ਆਮ ਤੌਰ ਤੇ ਡਾਊਨ ਟਾਊਨ ਏਰੀਏ ਜਾਂ ਸ਼ਾਪਿੰਗ ਮਾਲ ਵਿੱਚ ਬਣੇ ਹੁੰਦੇ ਹਨ ਜਿੱਥੇ ਪੈਦਲ ਚਲਣ ਵਾਲਿਆਂ ਦੀ ਬਹੁਤਾਤ ਹੁੰਦੀ ਹੈ। ਇੱਥੇ ਸੜਕ ਉੱਤੇ ਖ਼ਾਸ ਇਨਸਾਨ ਲੱਗੇ ਹੁੰਦੇ ਹਨ ਜਾਂ ਹੱਥ ਨਾਲ ਕੰਟਰੋਲ ਹੁੰਦੀਆਂ ਲਾਈਟਾਂ ਨਾਲ ਇਹਨਾਂ ਦੀ ਪਛਾਣ ਸੌਖੀ ਹੀ ਜੋ ਜਾਂਦੀ ਹੈ। ਪਰ ਇਹ ਰੂਲ ਸਿਰਫ਼ ਪੈਦਲ ਯਾਤਰੀਆਂ ਕ੍ਰਾਸ-ਓਵਰ ਤੇ ਹੀ ਲਾਗੂ ਹਨ, ਪੈਦਲ ਯਾਤਰੀਆਂ ਕ੍ਰਾਸ-ਵਾਕ ਤੇ ਲਾਗੂ ਨਹੀਂ ਬਾਵਜੂਦ ਉਹਨਾਂ ਚੌਰਾਹਿਆਂ ਤੇ ਜਿੱਥੇ ਸਟਾਪ ਸਾਈਨ ਜਾਂ ਲਾਈਟਾਂ ਲੱਗੀਆਂ ਹਨ, ਉਸ ਜਗ੍ਹਾ ਬਣੇ ਪੈਦਲ ਯਾਤਰੀਆਂ ਕ੍ਰਾਸ-ਵਾਕ ਤੇ ਇਹ ਰੂਲ ਲਾਗੂ ਨਹੀਂ। ਜੇ ਸਕੂਲ ਗਾਰਡ ਸਕੂਲ ਕਰਾਸਿੰਗ ਤੋ ਬਿਨਾਂ ਵੀ ਕਿਸੇ ਜਗ ?ਹਾ ਤੇ ਬੱਚਿਆਂ ਦੀ ਸੁਰੱਖਿਆ ਵਾਸਤੇ ਖੜ੍ਹਾ ਹੈ ਤਾਂ ਉੱਥੇ ਇਹ ਰੂਲ ਆਪਣੇ ਆਪ ਹੀ ਲਾਗੂ ਹੋ ਜਾਂਦੇ ਹਨ। ਗ਼ਲਤੀ ਕਰਨ ਤੇ 1000 ਡਾਲਰ ਤੱਕ ਜੁਰਮਾਨਾ ਅਤੇ 4 ਡੀ ਮੈਰਿਟ ਪੁਆਇੰਟ ਵੀ ਲਾਗੂ ਜਾਂਦੇ ਹਨ। ਪੈਦਲ ਯਾਤਰੀਆਂ ਨੂੰ ਵੀ ਹਦਾਇਤ ਹੈ ਕਿ ਉਹ ਵੀ ਸੜਕ ਉਸ ਸਮੇਂ ਹੀ ਪਾਸ ਕਰਨ ਜਦੋਂ ਸੁਰੱਖਿਅਤ ਹੋਵੇ। ਇਸ ਤਰ੍ਹਾਂ ਹੀ ਸਕੂਲ ਬੱਸ ਨੂੰ ਗ਼ਲਤ ਢੰਗ ਨਾਲ ਪਾਸ ਕਰਨ ਤੇ 2000 ਡਾਲਰ ਤੱਕ ਜੁਰਮਾਨਾ ਹੁੰਦਾ ਹੈ ਅਤੇ ਛੇ ਡੀ ਮੈਰਿਟ ਪੁਆਇੰਟ ਵੀ ਲਾਗੂ ਜਾਂਦੇ ਹਨ ਅਤੇ ਟਿਕਟ ਵੀ ਮਿਲ ਜਾਂਦੀ ਹੈ ਅਤੇ ਇਸ ਇੱਕੋ ਹੀ ਟਿਕਟ ਨਾਲ ਡਰਾਈਵਰ ਹਾਈ ਰਿਸਕ ਡਰਾਈਵਰ ਬਣ ਜਾਂਦਾ ਹੈ। ਹਾਈ ਰਿਸਕ ਦਾ ਮਤਲਬ ਹੈ ਕਿ ਹੁਣ ਤੁਹਾਡੀ ਕਾਰ ਇੰਸ਼ੋਰੈਂਸ ਕੰਪਨੀ ਨੇ ਰੀਨਿਊ ਨਹੀਂ ਕਰਨੀ ਅਤੇ ਨਵੀਂ ਕੰਪਨੀ ਦੇ ਰੇਟ ਦੋ ਤੋ ਤਿੰਨ ਗੁਣਾ ਵੱਧ ਜਾਣਗੇ। ਜਦੋਂ ਵੀ ਸਕੂਲ ਬੱਸ ਉੱਪਰਲੀ ਰੈਡ ਲਾਈਟ ਲਾ ਕੇ ਖੜ੍ਹੀ ਹੈ ਤਾਂ ਸੜਕ ਦੇ ਦੋਵੇਂ ਪਾਸੇ ਦੀ ਟਰੈਫ਼ਿਕ ਰੁਕਣੀ ਚਾਹੀਦੀ ਹੈ ਅਤੇ ਉਸ ਸਮੇਂ ਤੱਕ ਰੁਕਣੀ ਹੈ ਜਦੋਂ ਤੱਕ ਬੱਸ ਬੱਚਿਆਂ ਨੂੰ ਚੁੱਕ ਜਾਂ ਉਤਾਰ ਕੇ ਤੁਰ ਨਹੀਂ ਪੈਂਦੀ। ਪਰ ਜੇ ਸੜਕ ਦੇ ਵਿਚਕਾਰ ਡਿਵਾਈਡਰ ਬਣਿਆ ਹੋਇਆ ਹੈ ਤਾਂ ਦੂਜੇ ਪਾਸੇ ਤੋ ਆਉਂਦੀ ਟਰੈਫ਼ਿਕ ਨੂੰ ਰੁਕਣ ਦੀ ਲੋੜ ਨਹੀਂ।

ਗ਼ਲਤੀ ਕਰਨ ਤੇ ਡਰਾਈਵਰ ਨੂੰ ਕਰਿਮਿਨਲ ਤੌਰ ਤੇ ਚਾਰਜ ਕਰ ਲਿਆ ਜਾਂਦਾ ਹੈ ਅਤੇ ਕਾਰ ਦੇ ਮਾਲਕ ਨੂੰ ਵੀ ਚਾਰਜ ਕੀਤਾ ਜਾ ਸਕਦਾ ਹੈ ਭਾਵੇਂ ਉਹ ਉਸ ਸਮੇਂ ਆਪ ਕਾਰ ਨਾ ਵੀ ਚਲਾ ਰਿਹਾ ਹੋਵੇ। ਅੱਗੇ ਪਾਸੇ ਖੜ੍ਹੇ ਲੋਕਾਂ ਨੂੰ ਵੀ ਅਧਿਕਾਰ ਹੈ ਕਿ ਉਹ ਸਕੂਲ ਬੱਸ ਨੂੰ ਗ਼ਲਤ ਢੰਗ ਨਾਲ ਪਾਸ ਕਰਨ ਵਾਲੇ ਡਰਾਈਵਰ ਦੀ ਸੂਚਨਾ ਸਿੱਧਾ ਹੀ 911 ਕਾਲ ਕਰਕੇ ਪੁਲਿਸ ਨੂੰ ਦੇ ਸਕਦੇ ਹਨ।

ਇਹ ਸਖ਼ਤੀ ਲੱਖਾਂ ਹੀ ਬੱਚਿਆਂ ਦੀ ਸੁਰੱਖਿਆ ਵਾਸਤੇ ਜ਼ਰੂਰੀ ਹੈ। ਇਹ ਲੇਖ ਆਮ ਅਤੇ ਮੁਢਲੀ ਜਾਣਕਾਰੀ ਵਾਸਤੇ ਲਿਖਿਆ ਗਿਆ ਹੈ, ਇਸ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਜਾਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਲੈਣ ਲਈ ਸੰਪਰਕ ਕਰ ਸਕਦੇ ਹੋ। ਜੇ ਤੁਹਾਡੀਆਂ ਕਾਰਾਂ ਅਤੇ ਘਰ ਦੀ ਇੰਸ਼ੋਰੈਂਸ ਦੇ ਰੇਟ ਬਿਨਾਂ ਵਜ੍ਹਾ ਹੀ ਵਧ ਕੇ ਆ ਗਏ ਹਨ ਜਾਂ ਹਾਈ ਰਿਸਕ ਡਰਾਈਵਰ ਬਣ ਕੇ ਇੰਸ਼ੋਰੈਂਸ ਕਿ ਤੋਂ ਮਿਲ ਨਹੀਂ ਰਹੀ ਜਾਂ ਨਵੇਂ ਡਰਾਈਵਰਾਂ ਦੇ ਰੇਟ ਇੱਕ ਸਾਲ ਪੂਰਾ ਹੋਣ ਤੇ ਵੀ ਨਹੀਂ ਘਟੇ ਤਾਂ ਤੁਸੀਂ ਮੈਨੂੰ ਕਾਲ ਕਰ ਸਕਦੇ ਹੋ 416-400-9997 ਤੇ। ਜੇ ਤੁਹਾਡੇ ਕੋਲ ਦੋ ਜਾਂ ਵੱਧ ਕਾਰਾਂ ਹਨ ਅਤੇ 7-8 ਲੱਖ ਤੋ ਉੱਪਰ ਘਰ ਹੈ ਤਾਂ ਤੁਹਾਨੂੰ ਬਹੁਤ ਵਧੀਆ ਡਿਸਕਾਊਂਟ ਮਿਲ ਸਕਦਾ ਹੈ।



**- ਚਰਨ ਸਿੰਘ ਰਾਏ**
**ਕਾਰ, ਘਰ, ਬਿਜ਼ਨਸ, ਸੁਪਰ ਵੀਜ਼ਾ, ਇੰਸ਼ੋਰੈਂਸ ਬ੍ਰੋਕਰ**
**- 416-400-9997**

## ਸ੍ਰੀ ਹਰਿਮੰਦਰ ਸਾਹਿਬ ਬਾਰੇ 19 ਵਿਡੀਓ ਦਾ ਵਿਵਾਦ

# ਪਿੰਜਰ ਨੂੰ ਜੁੱਤੀਆਂ ਸਣੇ ਵਿਖਾਇਆ ਸ੍ਰੀ ਦਰਬਾਰ ਸਾਹਿਬ 'ਚ

## ਸ਼੍ਰੋਮਣੀ ਕਮੇਟੀ ਦੀ ਸ਼ਿਕਾਇਤ 'ਤੇ ਵੀ ਨਹੀਂ ਹੋਈ ਕਦੇ ਕੋਈ ਕਾਰਵਾਈ




**ਅੰਮ੍ਰਿਤਸਰ, 17 ਮਾਰਚ (ਵਿਸ਼ੇਸ਼ ਪ੍ਰਤੀਨਿਧ)** : ਅੰਮ੍ਰਿਤਸਰ ਸਥਿਤ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਬੇਅਦਬੀ ਦੇ ਇੱਕ ਕਾਰਜ ਨੂੰ ਦਰਸਾਉਂਦੀ ਇੱਕ 19 ਵੀਡੀਓ ਸਾਹਮਣੇ ਆਈ ਹੈ। ਵੀਡੀਓ ਵਿੱਚ, ਇੱਕ ਪਿੰਜਰ ਨੂੰ ਪੱਗ ਬੰਨ੍ਹ ਕੇ ਹਰਿਮੰਦਰ ਸਾਹਿਬ ਦੇ ਦੁਆਲੇ ਪਰਿਕਰਮਾ ਕਰਦੇ ਦਿਖਾਇਆ ਗਿਆ ਹੈ। ਉਹ ਜੁੱਤੀਆਂ ਪਹਿਨ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਵਿਖਾਈ ਦੇ ਰਿਹਾ ਹੈ। ਇਸ ਤੋਂ ਇਲਾਵਾ, ਪਿੰਜਰ ਲੰਗਰ ਛਕਦਾ ਵੀ ਦਿਖਾਈ ਦੇ ਰਿਹਾ ਹੈ। ਇੱਥੇ ਵੀ ਉਸ ਨੇ ਜੁੱਤੀਆਂ ਪਹਿਨੀਆਂ ਹੋਈਆਂ ਹਨ। ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ, ਸਿੱਖਾਂ ਨੇ ਸਖ਼ਤ ਨਿੰਦਾ ਪ੍ਰਗਟ ਕੀਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਵੀ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਐਸ.ਜੀ.ਪੀ.ਸੀ. ਮੈਂਬਰ ਗੁਰਚਰਨ ਗਰੇਵਾਲ ਨੇ ਆਖਿਆ ਹੈ ਕਿ ਪ੍ਰਸ਼ਾਸਨ ਕੋਲ਼ ਇਸ ਮੁੱਦੇ ਉਤੇ ਕਈ ਵਾਰ ਸ਼ਿਕਾਇਤ ਕੀਤੀ ਜਾ ਚੁੱਕੀ ਹੈ ਪਰ ਕੋਈ ਕਾਰਵਾਈ ਹਾਲ਼ੇ ਤੱਕ ਨਹੀਂ ਹੋਈ। ਹਰਿਮੰਦਰ ਸਾਹਿਬ ਵਿੱਚ ਬੇਅਦਬੀ ਦੀ ਇਹ ਪਹਿਲੀ ਘਟਨਾ ਨਹੀਂ ਹੈ ਜਿਸ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਕੁਝ ਦਿਨ ਪਹਿਲਾਂ, 19-ਤਿਆਰ ਕੀਤੀ ਇੱਕ ਹੋਰ ਵੀਡੀਓ ਸਾਹਮਣੇ ਆਈ ਸੀ, ਜਿਸ ਵਿੱਚ ਇੱਕ ਨੌਜਵਾਨ ਨੂੰ ਪਰਿਕਰਮਾ ਖੇਤਰ ਦੇ ਅੰਦਰ ਕਾਰ ਚਲਾਉਂਦੇ ਦਿਖਾਇਆ ਗਿਆ ਸੀ।

ਇਸ ਤੋਂ ਇਲਾਵਾ, ਇੱਕ ਮੁਸਲਿਮ ਨੌਜਵਾਨ ਨੇ ਇੱਕ ਸੋਸ਼ਲ ਮੀਡੀਆ ਰੀਲ ਬਣਾਈ ਸੀ ਜਿਸ ਵਿੱਚ ਉਸ ਨੂੰ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਕੁਰਲੀ ਕਰਦੇ ਹੋਏ ਦੇਖਿਆ ਗਿਆ ਸੀ। ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ, 'ਇਹ ਵੀਡੀਓ ਸਾਡੇ ਧਿਆਨ ਵਿੱਚ ਆਇਆ ਹੈ।

ਇਸ ਮਾਮਲੇ ਦੀ ਜਾਂਚ ਸ਼੍ਰੋਮਣੀ ਕਮੇਟੀ ਦੀ ਏਆਈ ਜਾਂਚ ਕਮੇਟੀ ਵੱਲੋਂ ਕੀਤੀ ਜਾਵੇਗੀ। ਜਾਂਚ ਤੋਂ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਸ਼ਾਮਲ ਵਿਅਕਤੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।' ਇਹ ਵੀਡੀਓ ਪੰਜ ਦਿਨ ਪਹਿਲਾਂ ਇੰਸਟਾਗ੍ਰਾਮ 'ਤੇ ਪੋਸਟ ਕੀਤਾ ਗਿਆ ਸੀ ਅਤੇ ਉਦੋਂ ਤੋਂ 7 ਲੱਖ ਤੋਂ ਵੱਧ ਵਿਊਜ਼ ਪ੍ਰਾਪਤ ਕਰ ਚੁੱਕਾ ਹੈ। ਹਰਿਮੰਦਰ ਸਾਹਿਬ ਦੀ ਯਾਤਰਾ ਨੂੰ ਦਰਸਾਉਂਦੀ ਵੀਡੀਓ 1 ਮਿੰਟ ਅਤੇ 36 ਸਕਿੰਟ ਤੱਕ ਚੱਲਦੀ ਹੈ। ਪਿੰਜਰ ਨੂੰ ਸਿਰ 'ਤੇ ਨੀਲੀ ਪੱਗ ਬੰਨ੍ਹੀ ਹੋਈ ਦਿਖਾਈ ਗਈ ਹੈ। ਵੀਡੀਓ ਵਿੱਚ ਇਹ ਸਵਾਲ ਹੈ: 'ਜੇ ਤੁਸੀਂ ਅੰਮ੍ਰਿਤਸਰ ਵਿੱਚ 7 ਦਿਨ ਬਿਤਾਓਗੇ ਤਾਂ ਕੀ ਹੋਵੇਗਾ?

**ਦਿਨ 1:**
ਤੁਸੀਂ ਅੰਮ੍ਰਿਤਸਰ ਪਹੁੰਚਦੇ ਹੋ। ਤੁਹਾਡਾ ਸਾਹਮਣਾ ਇੱਕ ਆਟੋ-ਰਿਕਸ਼ਾ ਚਾਲਕ ਨਾਲ ਹੁੰਦਾ ਹੈ ਜੋ ਪੁੱਛਦਾ ਹੈ, 'ਤੁਸੀਂ ਕਿੱਥੇ ਜਾਣਾ ਚਾਹੋਗੇ? ਆਓ; ਮੈਂ ਤੁਹਾਨੂੰ ਸਾਰਾ ਅੰਮ੍ਰਿਤਸਰ ਦਿਖਾਵਾਂਗਾ।' ਸੜਕਾਂ ਢਾਬਿਆਂ ਨਾਲ ਭਰੀਆਂ ਹੋਈਆਂ ਹਨ, ਅਤੇ ਹਰ ਪਾਸੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗੂੰਜ ਰਿਹਾ ਹੈ। ਪਹਿਲਾ ਸਟਾਪ ਗੋਲਡਨ ਟੈਂਪਲ ਹੈ—ਪਾਣੀ ਵਿੱਚ ਚਮਕਦਾ ਸੋਨਾ, ਡੂੰਘੀ ਸ਼ਾਂਤੀ ਦੇ ਮਾਹੌਲ ਨਾਲ ਘਿਰਿਆ ਹੋਇਆ ਹੈ।

ਪਿੰਜਰ ਨੂੰ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਜੁੱਤੀਆਂ ਪਹਿਨੇ ਦਿਖਾਇਆ ਗਿਆ ਹੈ।) ਵੀਡੀਓ ਪਹਿਲੇ ਦਿਨ ਦੇ ਇਸ ਚਿੱਤਰਣ ਨਾਲ ਸਮਾਪਤ ਹੁੰਦਾ ਹੈ। ਇਸ ਕ੍ਰਮ ਦੌਰਾਨ, ਪਿੰਜਰ ਨੂੰ ਅੰਮ੍ਰਿਤਸਰ ਦੀਆਂ ਗਲੀਆਂ ਵਿੱਚੋਂ ਲੰਘਦੇ ਦਿਖਾਇਆ ਗਿਆ ਹੈ। ਵੀਡੀਓ ਪਹਿਲੇ ਦਿਨ ਦਾ ਹਵਾਲਾ ਦਿੰਦਾ ਹੈ। ਇਸ ਹਿੱਸੇ ਵਿੱਚ, ਪਿੰਜਰ ਨੂੰ ਅੰਮ੍ਰਿਤਸਰ ਦੀਆਂ ਗਲੀਆਂ ਵਿੱਚੋਂ ਲੰਘਦੇ ਦਿਖਾਇਆ ਗਿਆ ਹੈ।

**ਦਿਨ 2—**
ਵੀਡੀਓ ਵਿੱਚ ਲੰਗਰ ਹਾਲ ਦਿਖਾਇਆ ਗਿਆ ਹੈ, ਜਿੱਥੇ ਪਿੰਜਰ ਨੂੰ ਲੰਗਰ ਛਕਦਿਆਂ ਦਿਖਾਇਆ ਗਿਆ ਹੈ। ਇਹ ਉਜਾਗਰ ਕਰਦਾ ਹੈ ਕਿ ਇੱਥੇ, ਹਰ ਕੋਈ ਇਕੱਠੇ ਬੈਠ ਕੇ ਖਾਣਾ ਖਾਂਦਾ ਹੈ—ਕੋਈ ਅਮੀਰ ਜਾਂ ਗਰੀਬ ਨਹੀਂ ਹੁੰਦਾ; ਸਿਰਫ਼ ਨਿਸ਼ਕਾਮ ਸੇਵਾ ਹੀ ਪ੍ਰਬਲ ਹੁੰਦੀ ਹੈ। ਇੱਥੇ ਵੀ ਉਸ ਨੇ ਜੁੱਤੀਆਂ ਪਹਿਨੀਆਂ ਹੋਈਆਂ ਹਨ।

**ਦਿਨ 3—**
ਤੁਸੀਂ ਜਲ੍ਹਿਆਂਵਾਲਾ ਬਾਗ ਪਹੁੰਚਦੇ ਹੋ, ਜਿੱਥੇ ਗੋਲੀਆਂ ਦੇ ਨਿਸ਼ਾਨ ਹਾਲ਼ੇ ਵੀ ਕੰਧਾਂ 'ਤੇ ਹਨ। ਖੂਹ ਦੇ ਨੇੜੇ ਇੱਕ ਡੂੰਘੀ ਚੁੱਪ ਛਾਈ ਹੋਈ ਹੈ; ਇੱਥੇ ਖੜ੍ਹੇ ਹੋ ਕੇ, ਇਤਿਹਾਸ ਹੁਣ ਸਿਰਫ਼ ਪਾਠ-ਪੁਸਤਕਾਂ ਦੀ ਕਹਾਣੀ ਨਹੀਂ, ਸਗੋਂ ਇੱਕ ਸਪੱਸ਼ਟ ਹਕੀਕਤ ਵਾਂਗ ਮਹਿਸੂਸ ਹੁੰਦਾ ਹੈ।

**ਦਿਨ 4—**
ਹੁਣ ਪ੍ਰਮਾਣਿਕ ਅੰਮ੍ਰਿਤਸਰੀ ਪਕਵਾਨ ਆਉਂਦਾ ਹੈ: ਅੰਮ੍ਰਿਤਸਰੀ ਛੋਲੇ, ਕੁਲਚੇ, ਮੱਖਣ ਅਤੇ ਮਿੱਠੀ ਲੱਸੀ ਦੇ ਨਾਲ। ਤੁਸੀਂ ਆਪਣੇ ਆਪ ਨੂੰ ਕਹਿੰਦੇ ਹੋਏ ਪਾਉਂਦੇ ਹੋ, ÷ਬੱਸ ਬੱਸ - ਬੱਸ ਬਹੁਤ ਹੋ ਗਿਆ!÷ ਦੁਕਾਨਦਾਰ, ਮੁਸਕਰਾਉਂਦੇ ਹੋਏ, ਤੁਹਾਨੂੰ ਹੋਰ ਖਾਣ ਦੀ ਤਾਕੀਦ ਕਰਦਾ ਹੈ।

**ਦਿਨ 5—**
ਸ਼ਾਮ ਨੂੰ, ਤੁਸੀਂ ਵਾਹਗਾ ਸਰਹੱਦ 'ਤੇ ਜਾਂਦੇ ਹੋ - ਭਾਰਤ ਅਤੇ ਪਾਕਿਸਤਾਨ ਦੀ ਸਰਹੱਦ। ਊਰਜਾ ਅਤੇ ਦੇਸ਼ ਭਗਤੀ ਨਾਲ ਭਰੀ ਭੀੜ ਦੇ ਵਿਚਕਾਰ, 'ਭਾਰਤ ਮਾਤਾ ਕੀ ਜੈ' ਦੇ ਗੂੰਜਦੇ ਨਾਅਰਿਆਂ ਨਾਲ ਫ਼ਿਜ਼ਾ ਸਰਾਬੋਰ ਹੋ ਜਾਂਦੀ ਹੈ।

**ਦਿਨ 6—**
ਅੰਮ੍ਰਿਤਸਰ ਦੀਆਂ ਗਲੀਆਂ: ਹਾਲ ਬਾਜ਼ਾਰ, ਦੁਰਗਿਆਣਾ ਮੰਦਿਰ, ਅਜੀਬ ਪੁਰਾਣੀਆਂ ਦੁਕਾਨਾਂ, ਫੁਲਕਾਰੀ ਕੱਪੜਾ, ਅਤੇ ਸੁਆਦੀ ਪੰਜਾਬੀ ਮਿਠਾਈਆਂ ਦਾ ਸੁਆਦ ਵੀ ਇਹ ਪਿੰਜਰ ਛਕਦਾ ਹੈ।

**ਦਿਨ 7—**
ਆਖਰੀ ਸਵੇਰ ਤੁਹਾਨੂੰ ਸ੍ਰੀ ਹਰਿਮੰਦਰ ਸਾਹਿਬ ਵਾਪਸ ਲੈ ਜਾਂਦੀ ਹੈ, ਜਿਵੇਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਪਵਿੱਤਰ ਸਰੋਵਰ ਨੂੰ ਚੁੰਮਦੀਆਂ ਹਨ। ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਅੰਮ੍ਰਿਤਸਰ ਤੁਹਾਨੂੰ ਸਿਰਫ਼ ਇੱਕ ਸੈਰ ਦੀ ਪੇਸ਼ਕਸ਼ ਨਹੀਂ ਕਰਦਾ; ਇਹ ਤੁਹਾਡੇ ਵਿੱਚ ਨਿਮਰਤਾ ਦੀ ਡੂੰਘੀ ਭਾਵਨਾ ਪੈਦਾ ਕਰਦਾ ਹੈ। ਕਿਉਂਕਿ ਇੱਥੇ, ਸ਼ਕਤੀ ਅਤੇ ਸੇਵਾ ਸੰਪੂਰਨ ਸਦਭਾਵਨਾ ਵਿੱਚ ਇਕੱਠੇ ਰਹਿੰਦੇ ਹਨ। ਇਹ ਵੀਡੀਓ ਇੰਸਟਾਗ੍ਰਾਮ 'ਤੇ 'ਐਨਾਟੋਮੀ ਕਰਾਊਨ' ਨਾਂਅ ਦੇ ਇੱਕ ਅਕਾਊਂਟ ਤੋਂ ਅਪਲੋਡ ਕੀਤੀ ਗਈ ਸੀ। ਇਸ ਅਕਾਊਂਟ 'ਤੇ ਇਸ ਸਮੇਂ ਲਗਭਗ 10,000 ਫਾਲੋਅਰ ਹਨ।

ਇਸ ਅਕਾਊਂਟ 'ਤੇ ਜ਼ਿਆਦਾਤਰ ਪੋਸਟਾਂ 19-ਜਨਰੇਟ ਕੀਤੀਆਂ ਗਈਆਂ ਹਨ। ਸ੍ਰੀ ਹਰਿਮੰਦਰ ਸਾਹਿਬ ਨੂੰ ਦਰਸਾਉਂਦੀ ਇਹ ਖਾਸ ਵੀਡੀਓ ਲਗਭਗ ਪੰਜ ਦਿਨ ਪਹਿਲਾਂ ਅਪਲੋਡ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਨੂੰ ਲਗਭਗ 700,000 ਵਿਊਜ਼ ਮਿਲ ਚੁੱਕੇ ਹਨ ਅਤੇ 61,000 ਲਾਈਕਸ ਪ੍ਰਾਪਤ ਹੋਏ ਹਨ। ਵੀਡੀਓ ਨੂੰ 17,000 ਤੋਂ ਵੱਧ ਵਾਰ ਸ਼ੇਅਰ ਵੀ ਕੀਤਾ ਗਿਆ ਹੈ।

.... 'ਹਮਦਰਦ' ਦਾ ਨਿਰਪੱਖ ਖ਼ੁਲਾਸਾ ....

# ਚਾਰ ਸਾਲਾਂ 'ਚ ਕੀ ਕੀਤਾ 'ਆਪ' ਸਰਕਾਰ ਨੇ?

## ਕੀ ਰਹੀਆਂ ਵੱਡੀਆਂ ਨਾਕਾਮੀਆਂ ?

**ਚੰਡੀਗੜ੍ਹ, 17 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ 16 ਮਾਰਚ 2022 ਨੂੰ ਖਟਕੜ ਕਲਾਂ ਵਿਖੇ ਹਲਫ਼ ਲਿਆ ਸੀ। ਇੰਝ ਅੱਜ ਸੋਮਵਾਰ 16 ਮਾਰਚ ਨੂੰ ਇਸ ਨੇ ਚਾਰ ਸਾਲ ਪੂਰੇ ਕੀਤੇ ਹਨ। ਸਰਕਾਰ ਨੇ ਆਪਣੇ ਚੋਣ ਮਨਿਫੈਸਟੋ ਨੂੰ 'ਗਾਰੰਟੀਆਂ' ਵਜੋਂ ਪੇਸ਼




ਕੀਤਾ ਸੀ। ਹੁਣ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਲਈਆਂ ਗਈਆਂ ਹਨ। 'ਮਿਸ਼ਨ ਰੋਜ਼ਗਾਰ' ਤਹਿਤ ਪੰਜਾਬ ਨੇ ਅਪ੍ਰੈਲ 2022 ਤੋ? ਲੈ ਕੇ ਜਨਵਰੀ 2026 ਤੱਕ 61,281 ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਸਾਰੀਆਂ ਭਰਤੀਆਂ ਮੈਰਿਟ ਅਤੇ ਪਾਰਦਰਸ਼ੀ ਤਰੀਕੇ ਨਾਲ ਹੋਈਆਂ ਹਨ ਅਤੇ ਇੱਕ ਵੀ ਕੇਸ ਅਦਾਲਤ ਵਿੱਚ ਚੁਣੌਤੀ ਨਹੀਂ ਹੋਇਆ। ਇਸ ਵਿੱਚ ਸਿੱਖਿਆ ਵਿਭਾਗ ਵਿੱਚ 13,765 ਅਧਿਆਪਕ ਅਤੇ ਹੋਰ ਵਿਭਾਗਾਂ ਵਿੱਚ ਭਰਤੀਆਂ ਸ਼ਾਮਲ ਹਨ। ਵਿਸ਼ੇਸ਼ ਤੌਰ ਤੇ ਖਾਸ ਜ਼ਰੂਰਤਾਂ ਵਾਲੇ ਉਮੀਦਵਾਰਾਂ ਲਈ ਵੱਖਰਾ ਕੇਡਰ ਬਣਾਇਆ ਗਿਆ।

ਇਸ ਤੋਂ ਇਲਾਵਾ ਉਦਯੋਗਿਕ ਨੀਤੀ 2026 ਰਾਹੀਂ 1 ਲੱਖ 58 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਪੰਜਾਬ 'ਚ ਖਿੱਚਣ ਦਾ ਦਾਅਵਾ ਕੀਤਾ ਗਿਆ ਹੈ। ਸੂਬੇ ਵਿੱਚ ਨਿਵੇਸ਼ ਕਰਨ ਵਾਲ਼ੀਆਂ ਕੰਪਨੀਆਂ ਵਿੱਚ ਟਾਟਾ, ਇਨਫੋਸਿਸ ਵੀ ਸ਼ਾਮਲ ਹਨ, ਜਿਸ ਨਾਲ 5.5 ਲੱਖ ਨੌਜਵਾਨਾਂ ਲਈ ਨੌਕਰੀਆਂ ਦੀ ਉਮੀਦ ਹੈ। ਸਿਹਤ ਖੇਤਰ ਵਿੱਚ ਆਮ ਆਦਮੀ ਕਲੀਨਿਕਾਂ ਦੀ ਗਿਣਤੀ 881 ਤੋਂ ਵਧਾ ਕੇ 993 ਕੀਤੀ ਗਈ ਹੈ। ਅਜਿਹੇ 450 ਹੋਰ ਕਲੀਨਿਕ ਪਾਈਪਲਾਈਨ ਵਿੱਚ ਹਨ। ਇਨ੍ਹਾਂ ਵਿੱਚ 1.6 ਕਰੋੜ ਮਰੀਜ਼ਾਂ ਨੇ 5 ਕਰੋੜ ਤੋਂ ਵੱਧ ਵਿਜ਼ਿਟ ਕੀਤੀਆਂ ਹਨ। 107 ਦਵਾਈਆਂ ਅਤੇ 47 ਟੈਸਟ ਮੁਫ਼ਤ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਹਰ ਪਰਿਵਾਰ ਲਈ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਕਿਸੇ ਸਰਕਾਰੀ ਹਸਪਤਾਲ ਵਿੱਚ ਪਹਿਲੀ ਵਾਰ ਲਿਵਰ ਟ੍ਰਾਂਸਪਲਾਂਟ ਦੀ ਸੁਵਿਧਾ ਦਿੱਤੀ ਗਈ ਹੈ। ਸੱਤ ਨਵੇਂ ਮੈਡੀਕਲ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਦੀਆਂ 600 ਸੀਟਾਂ ਵਧਾਈਆਂ ਗਈਆਂ ਹਨ। ਫਰਿਸ਼ਤੇ ਯੋਜਨਾ ਤਹਿਤ 600 ਜਾਨਾਂ ਬਚਾਈਆਂ ਗਈਆਂ। ਨਸ਼ਾ ਛੁਡਵਾਉਦ ਲਈ OOA" ਕਲੀਨਿਕਾਂ ਵਿੱਚ 10.63 ਲੱਖ ਮਰੀਜ਼ ਇਲਾਜ ਕਰਵਾ ਚੁੱਕੇ ਹਨ। ਰਾਸ਼ਟਰੀ ਅਚੀਵਮੈਂਟ ਸਰਵੇ 2024 ਵਿੱਚ ਪੰਜਾਬ ਨੇ ਪਹਿਲਾ ਰੈਂਕ ਹਾਸਲ ਕੀਤਾ। 118 ÷ਸਕੂਲ ਆਫ਼ ਐਮੀਨੈਂਸ÷ ਬਣਾਏ। ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਿੰਗਾਪੁਰ, ਫਿਨਲੈਂਡ ਅਤੇ 99$ ਅਹਿਮਦਾਬਾਦ ਵਿੱਚ ਟ੍ਰੇਨਿੰਗ ਦਿਵਾਈ ਗਈ। ਲੜਕੀਆਂ ਲਈ ਮੁਫ਼ਤ ਯੂਨੀਫਾਰਮ ਅਤੇ ਬੱਸ ਸੇਵਾ। ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਬੈਂਚਾਂ ਦੀ ਵਿਵਸਥਾ ਕਰਵਾਈ ਗਈ। ਪਹਿਲਾਂ ਚਾਰ ਲੱਖ ਬੱਚੇ ਫਰਸ਼ ਤੇ ਬੈਠਦੇ ਸਨ ਅਤੇ ਹੁਣ ਇੱਕ ਵੀ ਨਹੀਂ ਬੈਠਦਾ। 300 ਯੂਨਿਟ ਬਿਜਲੀ ਪ੍ਰਤੀ ਮਹੀਨਾ 90% ਘਰਾਂ ਲਈ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ। 'ਰੌਸ਼ਨ ਪੰਜਾਬ' ਯੋਜਨਾ ਤਹਿਤ 5000 ਕਰੋੜ ਰੁਪਏ ਨਾਲ ਅੰਡਰਗਰਾਊਂਡ ਕੇਬਲ ਅਤੇ ਬੁਨਿਆਦੀ ਢਾਂਚਾ ਕਾਇਮ ਕੀਤਾ



ਗਿਆ। ਇਸ ਦੇ ਨਾਲ਼ ਹੀ 19 ਟੋਲ ਪਲਾਜ਼ਾ ਬੰਦ ਕਰਕੇ ਰੋਜ਼ਾਨਾ 64 ਲੱਖ ਰੁਪਏ ਬਚਾਏ। ਇੱਕ ਪ੍ਰਾਈਵੇਟ ਥਰਮਲ ਪਲਾਂਟ ਖਰੀਦਿਆ। 'ਮੁੱਖ ਮੰਤਰੀ ਮਾਵਾਂ ਧੀਆਂ ਸਤਕਾਰ ਯੋਜਨਾ' ਤਹਿਤ ਆਮ ਔਰਤਾਂ ਲਈ 1000 ਰੁਪਏ ਅਤੇ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਲਈ 1500 ਰੁਪਏ ਮਹੀਨਾਵਾਰ ਸਾਲ 2026-27 ਦੇ ਬਜਟ ਵਿੱਚ ਲਾਗੂ ਕੀਤੇ ਗਏ ਹਨ। ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਯੋਜਨਾ ਪਹਿਲਾਂ ਤੋਂ ਹੀ ਚੱਲ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਲਾਇਬ੍ਰੇਰੀਆਂ ਅਤੇ ਯੋਗਾ ਸੈਸ਼ਨ ਦੀ ਸੁਵਿਧਾ ਵੀ ਹੈ।

ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ 45 ਹਜ਼ਾਰ ਕਿਲੋਮੀਟਰ ਸੜਕੀ ਪ੍ਰੋਜੈਕਟ (16,209 ਕਰੋੜ ਰੁਪਏ)। ਸੜਕ ਸੁਰੱਖਿਆ ਫੋਰਸ (1597 ਜਵਾਨ, 144 ਵਾਹਨ) ਨਾਲ ਐਕਸੀਡੈਂਟ ਵਿੱਚ 25% ਵਧੇਰੇ ਜਾਨਾਂ ਬਚਾਈਆਂ ਗਈਆਂ।

ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੀ ਸਮੱਸਿਆ ਇਸ ਵੇਲੇ ਸਰਕਾਰ ਸਭ ਤੋਂ ਵੱਡੀ ਨਾਕਾਮੀ ਮੰਨੀ ਜਾ ਰਹੀ ਹੈ। ਗੈਂਗਸਟਵਾਦ, ਫ਼ਿਰੌਤੀਆਂ ਅਤੇ ਗਿਣ-ਮਿੱਥ ਕੇ ਕੀਤੇ ਜਾਣ ਵਾਲ਼ੇ ਕਤਲਾਂ ਦੀਆਂ ਵਾਰਦਾਤਾਂ ਵਧੀਆਂ ਹਨ। ਲੋਕ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਨਸ਼ਿਆਂ ਵਿਰੁੱਧ -ਯੁੱਧ ਨਸ਼ੀਆਂ ਵਿਰੁੱਧ÷ ਮੁਹਿੰਮ ਤਹਿਤ 85,418 ਗ੍ਰਿਫ਼ਤਾਰੀਆਂ ਹੋਈਆਂ। ਸਰਕਾਰ ਦਾ 88% ਸਜ਼ਾ ਦਰ ਦਾ ਦਾਅਵਾ ਹੈ, ਪਰ ਵਿਰੋਧੀ ਧਿਰਾਂ, ਜਿਵੇਂ ਕਿ ਕਾਂਗਰਸ, ਭਾਜਪਾ ਅਤੇ ਹੋਰ ਵਿਸ਼ਲੇਸ਼ਕ ਇਸ ਨੂੰ ਪੀ.ਆਰ. ਐਕਸਰਸਾਈਜ਼ ਕਹਿੰਦੇ ਹਨ। ਡਰੱਗ ਸਪਲਾਈ ਚੇਨ ਬਦਲੀ ਗਈ ਹੈ ਪਰ ਫਿਰ ਵੀ ਸਮੱਸਿਆ ਘਟੀ ਨਹੀਂ। ਮੀਡੀਆ ਨੇ ਲਿਖਿਆ ਹੈ ਕਿ 'ਕਾਨੂੰਨ ਵਿਵਸਥਾ ਅਤੇ ਨਸ਼ਿਆਂ ਵਿੱਚ ਉਮੀਦ ਅਨੁਸਾਰ ਸੁਧਾਰ ਨਹੀਂ ਹੋਇਆ।' ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਇਸ ਮਾਮਲੇ ਨੂੰ ਲੈ ਕੇ ਟਿੱਪਣੀ ਕੀਤੀ ਹੈ। ਔਰਤਾਂ ਨੂੰ 1,000 ਰੁਪਏ ਦੇਣ ਦੀ ਯੋਜਨਾ ਚਾਰ ਸਾਲਾਂ ਬਾਅਦ ਲਾਗੂ ਹੋਈ - ਵਿਰੋਧੀਆਂ ਨੇ ਚਾਰ ਸਾਲਾਂ ਦੀ ਉਡੀਕ ਤੇ ਆਲੋਚਨਾ ਕੀਤੀ ਾਹੈ। ਲੈਂਡ ਪੂਲਿੰਗ ਅਤੇ ਹਾਊਸਿੰਗ ਸਕੀਮਾਂ ਹਾਈ ਕੋਰਟ ਵੱਲੋਂ ਰੋਕੀਆਂ ਗਈਆਂ। ਮੁੱਢਲੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਵਿੱਚ ਕੋਈ ਵੱਡੀ ਤਰੱਕੀ ਨਹੀਂ ਹੋ ਸਕੀ ਹੈ। ਪੰਜਾਬ ਸਿਰ ਚੜ੍ਹਿਆ ਕਰਜ਼ਾ 4 ਲੱਖ ਕਰੋੜ ਤੋਂ ਵੱਧ ਹੋ ਗਿਆ ਹੈ। ਬਿਜਲੀ ਸਬਸਿਡੀ ਬਕਾਇਆ 11 ਹਜ਼ਾਰ ਕਰੋੜ ਤੋਂ ਵੱਧ ਦਾ ਹੋ ਗਿਆ ਹੈ। ਬੇਰੁਜ਼ਗਾਰੀ ਦੀ ਦਰ ਵਧਦੀ ਜਾ ਰਹੀ ਹੈ। ਇਸ ਤੋਂ ਇਲਾਵਾ ਨੌਜਵਾਨਾਂ ਦੇ ਪੰਜਾਬ ਤੋਂ ਬਾਹਰ ਜਾਣ ਦਾ ਰੁਝਾਨ ਜਾਰੀ ਹੈ। ਹਰੇ ਇਨਕਲਾਬ ਤੋਂ ਬਾਅਦ ਵਾਲੀਆਂ ਪੰਜਾਬ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਈਆਂ। ਗੈਰ-ਕਾਨੂੰਨੀ ਖਣਨ ਨਾਲ ਹੜ੍ਹਾਂ ਨੂੰ 'ਮਨੁੱਖ ਦੁਆਰਾ ਸਿਰਜੀ ਕਰੋਪੀ' ਕਿਹਾ ਗਿਆ। ਸਰਕਾਰ ਨੇ ਭਾਵੇਂ ਆਪਣੀਆਂ ਗਾਰੰਟੀਆਂ ਨੂੰ ਲੋਕ-ਪੱਖੀ ਬਜਟ ਵਜੋਂ ਪੇਸ਼ ਕੀਤਾ ਹੈ, ਪਰ ਲੰਮੇ ਸਮੇਂ ਦੇ ਵਿਕਾਸ ਅਤੇ ਢਾਂਚਾਗਤ ਸੁਧਾਰ ਲਈ ਹਾਲ਼ੇ ਹੋਰ ਯਤਨਾਂ ਦੀ ਜ਼ਰੂਰਤ ਹੈ।

ARE YOU BUYING / SELLING / INVESTING
ਪ੍ਰਾਪਰਟੀ ਖਰੀਦਣ/ਵੇਚਣ ਜਾਂ ਇਨਵੈਸਟ ਕਰਨ ਲਈ ਸੰਪਰਕ ਕਰੋ
WHY RENT WHEN YOU CAN OWN
ਆਪਣੇ ਕਿਰਾਏ ਦੀ ਕੀਮਤ ਤੇ ਹੀ ਘਰ ਦੇ ਮਾਲਕ ਬਣੋ। ਹੋਰ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ।
KING REALTY INC., BROKERAGE (Independently owned & operated) O#: 905-793-5484 59 First Gulf Blvd #2, Brampton, ON L6W4T8
416-735-8630
jeetranu.realtor@gmail.com

JEET SINGH RANU
SALES REP

ਹੈਮਿਲਟਨ ਨੇੜੇ 1 ਬੈਡਰੂਮ ਦੀ ਕੌਂਡੋ ਵੱਡੀ ਮੌਡਰਨ ਕੀਚਨ, ਸਟੇਨਲੈਸ ਸਟੀਲ ਅਪਲਾਇੰਸ, ਪ੍ਰਾਈਵੇਟ ਬਾਲਕੋਨੀ, ਵੱਡਾ ਕਲੋਜ਼ਟ, ਬਹੁਤ ਸੋਹਣੇ ਵਿਊ, ਲੇਕ ਓਨਟਾਰਿਓ, ਰੈਸਟੋਰੈਂਟ ਫਾਰਮਰਸ ਮਾਰਕੇਟ, ਗੋਲਫ ਕੋਰਸ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $429,000

ਕਿਚਨਰ ਨੇੜੇ 3 ਬੈਡਰੂਮ,2 ਵਾਸ਼ਰੂਮ ਦਾ ਟਾਊਨਹਾਊਸ,ਅਪਗਰੇਡ ਕੀਤਾ ਕਿਚਨ, ਟਾਈਲਡ ਬੈਕਸਪਲੈਸ਼,ਵੱਡੇ ਬੈਡਰੂਮ, ਇਨ ਸੂਈਟ ਲੌਂਡਰੀ, ਸਟੇਨਲੈਸ ਸਟੀਲ ਅਪਲਾਇੰਸ, ਵਾਕ ਆਊਟ ਸਨ ਡੈਕ, ਸਕੂਲ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $489,000

ਬਰੈਂਪਟਨ ਨੇੜੇ 3 ਬੈਡਰੂਮ, 3 ਵਾਸ਼ਰੂਮ ਦਾ ਡਿਟੈਚਡ ਘਰ, ਨਵਾਂ ਓਕ ਹਾਰਡਵੁੱਡ ਫਲੋਰ, ਨਵਾਂ ਪੇਂਟ, ਕਾਫ਼ੀ ਸਾਰੇ ਅਪਗਰੇਡ, ਨਵਾਂ ਪੇਟਿਓ, ਵਾਕ ਆਊਟ ਡੈਕ, ਬੇਸਮੈਂਟ ਲਈ ਸਾਈਡ ਐਂਟਰੇਂਸ, ਨਵਾਂ ਸਟੋਵ, ਸਕੂਲ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $779,999

ਕੈਮਬਰਿਜ ਨੇੜੇ 3 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਘਰ, ਨਵੇਂ ਫਲੋਰ, ਓਪਨ ਕਨਸੈਪਟ ਕੀਚਨ, ਕੁਆਰਟਜ਼ ਕਾਊਂਟਰ ਟੌਪ, ਪੌਟ ਲਾਈਟਾਂ, ਨਵਾਂ ਪੇਂਟ ਤੇ ਲੌਂਡਰੀ, ਨਵੀਂ ਫਰਨਸ ਤੇ ਏ ਸੀ, ਕੋਈ ਸਾਈਡ ਵਾਕ ਨਹੀਂ, ਕੰਕਰੀਟ ਡਰਾਈਵਵੇ, ਸਕੂਲ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $849,999

ਕੀ ਤੁਹਾਡਾ ਪਿਛਲੇ ਸਮੇਂ ਵਿਚ ਕੈਨੇਡਾ
ਵੀਜ਼ਾ ਰੱਦ ਹੋਇਆ ਹੈ ਜਾਂ ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ ਕੇਸ ਦਾ **Status** ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਆਪਣੇ ਕਾਨੂੰਨੀ ਅਧਿਕਾਰ ਜਾਨਣ ਲਈ ਸਾਨੂੰ ਸੰਪਰਕ ਕਰੋ
Think **CANADA**, think **CWC**
CWC
CWC IMMIGRATION SOLUTIONS INC.
Toronto: +1 905 670 4444 | Surrey: +1 604 598 5555 | Abbotsford: +1 604 852 4444
2565 Steeles Ave. East, Unit - 19, Brampton, ON.L7T4L6

ਅੱਜ ਦਾ ਵਿਚਾਰ

ਸੰਪਾਦਕੀ

# ਮੱਧ-ਪੂਰਬ 'ਚ ਜੰਗ ਦੀ ਅੱਗ

ਇਸ ਵੇਲੇ ਮੱਧ-ਪੂਰਬੀ ਦੇਸ਼ਾਂ ਦੀ ਧਰਤੀ ਉੱਤੇ ਜੰਗ ਦੀ ਅੱਗ ਭੜਕ ਰਹੀ ਹੈ। ਇਜ਼ਰਾਈਲ ਅਤੇ ਅਮਰੀਕਾ ਦੀਆਂ ਹਵਾਈ ਤਾਕਤਾਂ ਨੇ ਫਰਵਰੀ ਦੇ ਅੰਤ ਵਿੱਚ ਈਰਾਨ ਉੱਤੇ ਹਵਾਈ ਹਮਲੇ ਸ਼ੁਰੂ ਕੀਤੇ ਸਨ, ਜਿਨ੍ਹਾਂ ਨੇ ਈਰਾਨ ਦੇ ਸਿਆਸੀ ਅਤੇ ਫੌਜੀ ਢਾਂਚੇ ਨੂੰ ਗੰਭੀਰ ਨੁਕਸਾਨ ਪਹੁੰਚਾਇਆ। ਇਸ ਘਾਤਕ ਜੰਗ ਦੇ ਪਹਿਲੇ ਗੇੜ ਦੌਰਾਨ ਹੀ ਅਯਾਤਉੱਲ੍ਹਾ ਅਲੀ ਖਮੇਨੀ ਦੀ ਸ਼ਹਾਦਤ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਮੁਜਤਬਾ ਅਲੀ ਖਮੇਨੀ ਨੇ ਸੁਪਰੀਮ ਲੀਡਰ ਵਜੋਂ ਈਰਾਨ ਦੀ ਵਾਗਡੋਰ ਸੰਭਾਲੀ ਹੈ। ਇਹ ਤਬਦੀਲੀ ਨਾ ਸਿਰਫ਼ ਈਰਾਨੀ ਸਿਆਸਤ ਵਿਚ ਇੱਕ ਨਵਾਂ ਅਧਿਆਇ ਸ਼ੁਰੂ ਕਰਦੀ ਹੈ, ਸਗੋਂ ਪੂਰੀ ਇਸਲਾਮਿਕ ਦੁਨੀਆ ਵਿਚ ਡੂੰਘੀਆਂ ਵੰਡੀਆਂ ਪਾਉਂਦੀ ਵੀ ਦਿਸਦੀ ਹੈ।

ਈਰਾਨ ਨੇ ਇਸ ਹਮਲੇ ਦਾ ਜਵਾਬ ਬਹੁਤ ਤੀਬਰ ਅਤੇ ਵਿਆਪਕ ਰੂਪ ਵਿਚ ਦਿੱਤਾ ਹੈ। ਉਸ ਨੇ ਇਜ਼ਰਾਈਲ ਉੱਤੇ ਤਾਂ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਖਾ ਕੀਤੀ ਹੀ ਹੈ, ਨਾਲ ਹੀ ਅਮਰੀਕਾ ਦੀਆਂ ਫੌਜੀ ਛਾਉਣੀਆਂ ਵਾਲੇ - ਬਹਿਰੀਨ, ਕਤਰ, ਸੰਯੁਕਤ ਅਰਬ ਅਮੀਰਾਤ, ਕੁਵੈਤ, ਜਾਰਡਨ, ਸਾਊਦੀ ਅਰਬ ਜਿਹੇ ਹੋਰਨਾਂ ਕੁਝ ਦੇਸ਼ਾਂ ਉਤੇ ਵੀ ਹਮਲੇ ਕੀਤੇ ਹਨ। ਅਮਰੀਕੀ ਹਵਾਈ ਜਹਾਜ਼ਾਂ ਅਤੇ ਫੌਜੀ ਢਾਂਚੇ ਨੂੰ ਡਾਢਾ ਨੁਕਸਾਨ ਪੁੱਜਾ ਹੈ। ਇਸ ਜੰਗ ਵਿਚ ਫੌਜੀ ਜਵਾਨਾਂ ਦੀਆਂ ਜਾਨਾਂ ਤੋਂ ਲੈ ਕੇ ਇਨਸਾਨੀਅਤ ਦੀ ਹੋਂਦ ਤੱਕ ਸਭ ਕੁਝ ਖ਼ਤਰੇ ਵਿਚ ਹੈ। ਇਸ ਜੰਗ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਤਾਕਤ ਦੀ ਭੁੱਖ ਇੱਕ ਅਨੰਤ ਚੱਕਰ ਵਿਚ ਫਸਾਉਂਦੀ ਹੈ, ਜਿਸ ਵਿਚੋਂ ਬਾਹਰ ਨਿਕਲਣਾ ਬਹੁਤ ਔਖਾ ਹੋ ਜਾਂਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹੁਣ ਬਹੁਤ ਸਾਵਧਾਨੀ ਵਾਲਾ ਰਾਹ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਦੀ ਫੌਜ ਇਸ ਹਿੰਸਕ ਸੰਘਰਸ਼ ਵਿਚ ਆਪਣੇ ਜਵਾਨਾਂ ਦੀਆਂ ਜਾਨਾਂ ਗਵਾ ਰਹੀ ਹੈ ਅਤੇ ਇਸ ਨਾਲ ਪੂਰੀ ਦੁਨੀਆ ਵਿਚ ਇੱਕ ਅਣਚਾਹੀ ਵੱਖਰੀ ਦਹਿਸ਼ਤ ਫੈਲ ਰਹੀ ਹੈ। ਟਰੰਪ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੰਗ ਕਦੇ ਵੀ ਇੱਕ-ਪੱਖੀ ਫ਼ੈਸਲਾ ਨਹੀਂ ਹੁੰਦਾ। ਇਹ ਇੱਕ ਅਗਨੀ-ਚੱਕਰ ਹੈ, ਜੋ ਆਪਣੇ ਵਿਚੋਂ ਸਦਾ ਹੀ ਨਵੀਆਂ ਲਾਟਾਂ ਉਠਾਉਂਦਾ ਹੈ। ਉਨ੍ਹਾਂ ਦੀਆਂ ਸਿਆਸੀ ਰਣਨੀਤੀਆਂ ਵਿਚ ਜਿੱਥੇ ਇਜ਼ਰਾਈਲ ਦੀ ਸੁਰੱਖਿਆ ਇੱਕ ਮਹੱਤਵਪੂਰਨ ਆਧਾਰ ਹੈ, ਉਥੇ ਈਰਾਨ ਵਰਗੀ ਤਾਕਤਵਰ ਰਾਸ਼ਟਰੀ ਇਕਾਈ ਨਾਲ ਲੰਬੀ ਝੜਪ ਵਿਚ ਉਲਝਣਾ ਅਮਰੀਕਾ ਲਈ ਵੀ ਇੱਕ ਵੱਡਾ ਆਰਥਿਕ ਅਤੇ ਸਿਆਸੀ ਬੋਝ ਬਣ ਸਕਦਾ ਹੈ। ਫੌਜੀ ਜਵਾਨਾਂ ਦੀਆਂ ਵਿਧਵਾਵਾਂ ਅਤੇ ਅਨਾਥ ਬੱਚਿਆਂ ਦੀਆਂ ਧਾਹਾਂ ਉਤੇ ਟਰੰਪ ਨੂੰ ਜ਼ਰੂਰ ਗ਼ੌਰ ਕਰਨਾ ਚਾਹੀਦਾ ਹੈ। ਇਹ ਜੰਗ ਨਾ ਸਿਰਫ਼ ਫ਼ੌਜੀ ਹੈ, ਸਗੋਂ ਇੱਕ ਮਾਨਸਿਕ ਅਤੇ ਆਰਥਿਕ ਤਬਾਹੀ ਵੀ ਹੈ, ਜੋ ਪੂਰੀ ਸੰਸਾਰਕ ਬਸਤੀ ਨੂੰ ਪ੍ਰਭਾਵਿਤ ਕਰ ਰਹੀ ਹੈ। ਦੂਜੇ ਪਾਸੇ ਈਰਾਨ ਨੂੰ ਵੀ ਇਸ ਵੇਲੇ ਸੋਚਣ ਦੀ ਲੋੜ ਹੈ। ਨਵੀਂ ਲੀਡਰਸ਼ਿਪ ਹੇਠ ਉਸ ਨੇ ਆਪਣੀ ਤਾਕਤ ਦਾ ਪ੍ਰਦਰਸ਼ਨ ਤਾਂ ਕੀਤਾ ਹੈ, ਪਰ ਲੰਮੀ ਜੰਗ ਵਿਚ ਉਸ ਦਾ ਆਪਣਾ ਨੁਕਸਾਨ ਵੀ ਬਹੁਤ ਵੱਡਾ ਹੋਣ ਵਾਲਾ ਹੈ। ਈਰਾਨੀ ਧਰਤੀ ਉੱਤੇ ਹੋਏ ਹਮਲਿਆਂ ਨੇ ਉਸ ਦੀ ਅਰਥ-ਵਿਵਸਥਾ, ਫੌਜੀ ਢਾਂਚੇ ਅਤੇ ਲੋਕਾਂ ਦੀ ਮਾਨਸਿਕਤਾ ਨੂੰ ਗੰਭੀਰ ਠੇਸ ਪਹੁੰਚਾਈ ਹੈ। ਮੁਜਤਬਾ ਖਮੇਨੀ ਨੂੰ ਇਸ ਵੇਲੇ ਇੱਕ ਸਿਆਸੀ ਸੂਝ-ਬੂਝ ਵਾਲਾ ਫੈਸਲਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਇੱਕ ਸ਼ਾਂਤੀ ਸਮਝੌਤੇ ਵੱਲ ਵਧਣਾ ਚਾਹੀਦਾ ਹੈ। ਜੰਗ ਵਿਚ ਜਿੱਤ ਕਦੇ ਵੀ ਪੂਰੀ ਨਹੀਂ ਹੁੰਦੀ; ਇਹ ਸਿਰਫ਼ ਤਬਾਹਕੁੰਨ ਖੇਡ ਹੈ, ਜਿਸ ਵਿਚ ਅੰਤ ਨੂੰ ਦੋਵੇਂ ਧਿਰਾਂ ਹੀ ਹਾਰਦੀਆਂ ਹਨ। ਕਿਉਂਕਿ ਜੰਗ ਸਦਾ ਮਾਨਵਤਾ ਦਾ ਘਾਣ ਕਰ ਕੇ ਹਟਦੀ ਹੈ। ਈਰਾਨ ਨੂੰ ਆਪਣੇ ਰਾਸ਼ਟਰੀ ਮਾਣ ਅਤੇ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਆਪਸੀ ਗੱਲਬਾਤ ਦੀ ਮੇਜ਼ ਵੱਲ ਵਧਣਾ ਚਾਹੀਦਾ ਹੈ। ਇਸ ਵਿਚ ਉਸ ਦੀ ਤਾਕਤ ਦੀ ਕਮੀ ਨਹੀਂ, ਸਗੋਂ ਇੱਕ ਵੱਡੀ ਸਿਆਸੀ ਜਿੱਤ ਹੋਵੇਗੀ।

ਇਸ ਜੰਗ ਦਾ ਸਭ ਤੋਂ ਵੱਡਾ ਨੁਕਸਾਨ ਆਰਥਿਕ ਹੈ। ਦੁਨੀਆ ਭਰ ਵਿਚ ਤੇਲ ਅਤੇ ਗੈਸ ਦੀ ਕਿੱਲਤ ਵਧਦੀ ਜਾ ਰਹੀ ਹੈ। ਸਟ ?ਰੇਟ ਆਫ਼ ਹਾਰਮੁਜ਼ ਜਿਹੇ ਅਹਿਮ ਖੇਤਰਾਂ ਵਿਚ ਤਣਾਅ ਕਾਰਨ ਤੇਲ ਦੀਆਂ ਕੀਮਤਾਂ ਆਸਮਾਨ ਛੋਹਣ ਲੱਗੀਆਂ ਹਨ। ਇਸ ਨਾਲ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਮਹਿੰਗਾਈ ਦੀ ਲਹਿਰ ਉਠ ਰਹੀ ਹੈ। ਗ਼ਰੀਬ ਲੋਕਾਂ ਲਈ ਰੋਟੀ-ਰੋਜ਼ੀ ਦਾ ਸਵਾਲ ਵੀ ਖ਼ਤਰੇ ਵਿਚ ਪੈ ਗਿਆ ਹੈ। ਯੂਰੋਪ, ਏਸ਼ੀਆ ਅਤੇ ਅਫ਼ਰੀਕਾ ਵਿਚ ਊਰਜਾ ਸੰਕਟ ਦਾ ਪਰਛਾਵਾਂ ਫੈਲ ਰਿਹਾ ਹੈ। ਇਹ ਜੰਗ ਹੁਣ ਸਿਰਫ਼ ਮੱਧ-ਪੂਰਬ ਤੱਕ ਸੀਮਤ ਨਹੀਂ ਰਹੀ, ਸਗੋਂ ਇਸ ਨੇ ਪੂਰੀ ਗਲੋਬਲ ਅਰਥ-ਵਿਵਸਥਾ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਇਸ ਲਈ ਇਸ ਨੂੰ ਰੋਕਣਾ ਹਰ ਰਾਸ਼ਟਰ ਲਈ ਇੱਕ ਆਰਥਿਕ ਅਤੇ ਨੈਤਿਕ ਫ਼ਰਜ਼ ਬਣ ਗਿਆ ਹੈ। ਇਸ ਸਥਿਤੀ ਵਿਚ ਕੌਮਾਂਤਰੀ ਭਾਈਚਾਰੇ - ਵਿਸ਼ੇਸ਼ ਕਰਕੇ ਸੰਯੁਕਤ ਰਾਸ਼ਟਰ ਅਤੇ ਵੱਡੀਆਂ ਤਾਕਤਾਂ - ਨੂੰ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ। ਦੁਵੱਲੀ ਵਾਰਤਾ ਵਾਲ਼ੀ ਇੱਕ ਨਿਰਪੱਖ ਮੇਜ਼ ਉੱਤੇ ਸਾਰੀਆਂ ਧਿਰਾਂ ਨੂੰ ਬਿਠਾਉਣਾ ਲਾਜ਼ਮੀ ਹੈ। ਈਰਾਨ ਨੂੰ ਆਪਣੀਆਂ ਮਨਮਰਜ਼ੀਆਂ ਛੱਡ ਕੇ ਸ਼ਾਂਤੀ ਵੱਲ ਵਧਣਾ ਚਾਹੀਦਾ ਹੈ ਅਤੇ ਅਮਰੀਕਾ-ਇਜ਼ਰਾਈਲ ਨੂੰ ਵੀ ਆਪਣੀਆਂ ਰਣਨੀਤੀਆਂ ਵਿਚ ਲਚਕਤਾ ਵਿਖਾਉਣੀ ਚਾਹੀਦੀ ਹੈ। ਇਸ ਜੰਗ ਵਿਚ ਕੋਈ ਵੀ ਧਿਰ ਇੱਕ-ਪੱਖੀ ਜਿੱਤ ਨਹੀਂ ਹਾਸਲ ਕਰ ਸਕਦੀ। ਇਹ ਸਿਰਫ਼ ਖ਼ੂਨ ਦੀਆਂ ਨਦੀਆਂ, ਯਤੀਮ ਬੱਚਿਆਂ ਦੀਆਂ ਚੀਕਾਂ ਅਤੇ ਆਰਥਿਕ ਤਬਾਹੀ ਦੇ ਮੰਜ਼ਰ ਲਿਆਉਂਦੀ ਹੈ। ਇਨਸਾਨੀਅਤ ਦੀ ਇਤਿਹਾਸਕ ਯਾਤਰਾ ਵਿਚ ਜੰਗ ਹਮੇਸ਼ਾ ਇੱਕ ਨਾਕਾਮੀ ਸਿੱਧ ਹੋਈ ਹੈ। ਇਸ ਵਾਰ ਵੀ ਇਸ ਤੋਂ ਬਚਣ ਲਈ ਆਪਸੀ ਗੱਲਬਾਤ, ਸਮਝੌਤਾ ਅਤੇ ਸ਼ਾਂਤੀ ਦਾ ਰਾਹ ਅਪਨਾਉਣਾ ਹੀ ਇੱਕੋ ਇੱਕ ਰਾਹ ਹੈ। ਟਰੰਪ, ਖਮੇਨੀ ਅਤੇ ਨੇਤਾਵਾਂ ਨੂੰ ਇੱਕ ਵਾਰ ਫਿਰ ਯਾਦ ਕਰਾਉਣਾ ਚਾਹੀਦਾ ਹੈ ਕਿ ਧਰਤੀ ਉੱਤੇ ਰਹਿਣ ਵਾਲੀ ਹਰ ਜਾਨ ਦੀ ਇੱਕੋ ਜਿੰਨੀ ਕੀਮਤ ਹੁੰਦੀ ਹੈ। ਇਸ ਅਗਨੀ ਨੂੰ ਬੁਝਾਉਣ ਲਈ ਇੱਕ ਸਾਂਝੀ ਇੱਛਾ ਚਾਹੀਦੀ ਹੈ। ਨਹੀਂ ਤਾਂ ਇਹ ਲਪਟਾਂ ਨਾ ਸਿਰਫ਼ ਮੱਧ ਪੂਰਬ, ਸਗੋਂ ਪੂਰੀ ਦੁਨੀਆ ਨੂੰ ਭਸਮ ਕਰ ਦੇਣਗੀਆਂ। ਸ਼ਾਂਤੀ ਦਾ ਸੁਨਹਿਰੀ ਸਵੇਰਾ ਤਾਂ ਉਦੋਂ ਹੀ ਉਗੇਗਾ ਜਦੋਂ ਜੰਗ ਦੀਆਂ ਲਪਟਾਂ ਬੁਝਣਗੀਆਂ। ਇਸ ਲਈ ਹਰ ਧਿਰ ਨੂੰ ਆਪਣਾ ਕਦਮ ਸਾਵਧਾਨੀ ਨਾਲ ਚੁੱਕਣਾ ਚਾਹੀਦਾ ਹੈ - ਸਿਰਫ਼ ਇਸ ਲਈ ਕਿ ਇਨਸਾਨੀਅਤ ਬਚੀ ਰਹੇ ਅਤੇ ਧਰਤੀ ਉੱਤੇ ਚੁਪਾਸੇ ਸੁਖ-ਸ਼ਾਂਤੀ ਦਾ ਰਾਜ ਹੋਵੇ।


HAMDARD MEDIA GROUP | ਹਮਦਰਦ HAMDARD MEDIA GROUP CANADA | HAMDARD TV

| | |
|---|---|
| PUBLISHER COMPANY : | 1136811 ONTARIO INC. |
| | O/A.HAMDARD MEDIA GROUP |
| CANADA OFFICE : | 2-1332, KHALSA DRIVE, |
| | MISSISSAUGA ON L5S 0A2 |
| CHIEF EDITOR : | Amar Singh Bhullar |
| SUB EDITOR: | Karamjit Kaur Bhullar |
| GENERAL MANAGER: | Sandeep Kaur Ranu |
| DISTRIBUTER : | Bhupinder Kaur Dhillon |
| NEWS REPORTERS : | Darbara Singh Kahlon |
| | Harpreet Singh Gill |
| | Malkeet Singh (Vancouver) |
| | Maninder Kumar (Montreal) |
| INDIA REPORTERS: | Upjit Singh |
| | Makhan Shah |
| FRONT DESK : | 905-791-9999, 905-696-1991 |
| EMERGENCY : | 416-433-6342 |
| VANCOUVER OFFICE : | 604-807-8610 |
| EMAIL : | ads@hamdardtv.ca |

Subscription Price:$250/Year

Funded by the Government of Canada | Canada


# ਯੂ. ਪੀ. 'ਚ ਸਾਰੀਆਂ ਪਾਰਟੀਆਂ ਕਾਂਸ਼ੀ ਰਾਮ ਦੀ ਵਿਰਾਸਤ ਮੁੜ-ਸੁਰਜੀਤ ਕਰਨ ਦੀ ਦੌੜ 'ਚ



2027 'ਚ ਹੋਣ ਵਾਲੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ, ਕਾਂਗਰਸ, ਸਪਾ, ਬਸਪਾ ਅਤੇ ਆਜ਼ਾਦ ਸਮਾਜ ਪਾਰਟੀ, ਸਾਰੀਆਂ ਬਸਪਾ ਸੰਸਥਾਪਕ ਕਾਂਸ਼ੀ ਰਾਮ ਦੀ ਵਿਰਾਸਤ ਨੂੰ ਮੁੜ-ਸੁਰਜੀਤ ਕਰਨ ਵੱਲ ਦੇਖ ਰਹੀਆਂ ਹਨ, ਜਿਨ੍ਹਾਂ ਨੂੰ ਉੱਤਰ ਭਾਰਤ 'ਚ ਦਲਿਤ ਰਾਜਨੀਤੀ ਨੂੰ ਨਵਾਂ ਆਕਾਰ ਦੇਣ ਵਾਲਾ ਮੰਨਿਆ ਜਾਂਦਾ ਹੈ। ਇਸ ਦੌੜ 'ਚ ਨਵੇਂ ਪ੍ਰਵੇਸ਼ਕ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਹਨ। ਜਾਤੀ ਜਨਗਣਨਾ, ਰਾਖਵਾਂਕਰਨ ਅਤੇ ਸਮਾਜਿਕ ਨਿਆਂ ਵਰਗੇ ਮੁੱਦਿਆਂ 'ਤੇ ਲਗਾਤਾਰ ਮੁਖਰ ਹੁੰਦੇ ਹੋਏ ਰਾਹੁਲ ਨੇ ਸ਼ੁੱਕਰਵਾਰ ਨੂੰ ਕਾਂਸ਼ੀ ਰਾਮ ਦੀ ਜਯੰਤੀ ਦੇ ਮੌਕੇ 'ਤੇ ਲਖਨਊ ਦੇ ਇੰਦਰਾ ਗਾਂਧੀ ਪ੍ਰਤਿਸ਼ਠਾਨ 'ਚ ਕਾਂਗਰਸ ਦੇ ਪ੍ਰੋਗਰਾਮ 'ਸੰਵਿਧਾਨ ਸੰਮੇਲਨ' 'ਚ ਹਿੱਸਾ ਲਿਆ, ਜਿੱਥੇ ਰਾਹੁਲ ਨੇ ਪ੍ਰਮੁੱਖ ਦਲਿਤ ਨੇਤਾਵਾਂ, ਸਮਾਜਿਕ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਦੀ ਸਭਾ ਨੂੰ ਸੰਬੋਧਨ ਕੀਤਾ। ਕਾਂਸ਼ੀ ਰਾਮ ਦੇ 'ਬਹੁਜਨ ਸਸ਼ਕਤੀਕਰਨ' ਦੇ ਵਿਚਾਰਾਂ ਨੂੰ ਸਾਹਮਣੇ ਰੱਖ ਕੇ, ਕਾਂਗਰਸ ਉਸ ਭਾਈਚਾਰੇ ਨਾਲ ਫਿਰ ਤੋਂ ਜੁੜਨ ਦੀ ਉਮੀਦ ਕਰ ਰਹੀ ਹੈ, ਜੋ ਕਦੇ ਪਾਰਟੀ ਦੇ ਸਮਰਥਨ ਆਧਾਰ ਦਾ ਇਕ ਮਹੱਤਵਪੂਰਨ ਹਿੱਸਾ ਸੀ।

ਇਸ ਦੌਰਾਨ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਓ. ਬੀ. ਸੀ., ਦਲਿਤਾਂ ਅਤੇ ਘੱਟਗਿਣਤੀਆਂ ਨੂੰ ਇਕਜੁੱਟ ਕਰਨ ਦੇ ਯਤਨ 'ਚ 'ਪਿਛੜੇ' (ਪਿਛੜਾ ਵਰਗ), ਦਲਿਤਾਂ ਅਤੇ 'ਘੱਟਗਿਣਤੀਆਂ' ਲਈ ਪੀ. ਡੀ. ਏ. ਨਾਮਕ ਸੰਖੇਪ ਨਾਂ ਘੜਿਆ। ਉਨ੍ਹਾਂ ਨੇ ਆਪਣੀ ਪਾਰਟੀ ਦੇ ਨੇਤਾਵਾਂ ਨੂੰ ਉੱਤਰ ਪ੍ਰਦੇਸ਼ ਦੇ ਸਾਰੇ ਜ਼ਿਲਾ ਮੁੱਖ ਦਫਤਰਾਂ 'ਚ 15 ਮਾਰਚ ਨੂੰ ਕਾਂਸ਼ੀ ਰਾਮ ਦੀ ਜਯੰਤੀ ਨੂੰ 'ਬਹੁਜਨ ਸਮਾਜ ਦਿਵਸ ਜਾਂ ਪੀ. ਡੀ. ਏ. ਦਿਵਸ' ਦੇ ਰੂਪ 'ਚ ਮਨਾਉਣ ਦਾ ਹੁਕਮ ਦਿੱਤਾ ਸੀ, ਜਦਕਿ, ਬਸਪਾ ਮੁਖੀ ਮਾਇਆਵਤੀ ਤੋਂ 15 ਮਾਰਚ ਨੂੰ ਪਾਰਟੀ ਪ੍ਰੋਗਰਾਮਾਂ ਰਾਹੀਂ ਜਯੰਤੀ ਮਨਾਉਣ ਦੀ ਉਮੀਦ ਹੈ। ਕਿਉਂਕਿ ਪਾਰਟੀਆਂ ਕਾਂਸ਼ੀ ਰਾਮ ਦੀ ਵਿਰਾਸਤ 'ਤੇ ਦਾਅਵਾ ਕਰਨ ਲਈ ਮੁਕਾਬਲਾ ਕਰ ਰਹੀਆਂ ਹਨ, ਪ੍ਰਤੀਕਾਂ ਲਈ ਲੜਾਈ ਸ਼ੁਰੂ ਹੋ ਗਈ ਹੈ। ਕੀ ਇਹ ਮੁਕਾਬਲਾ ਸਾਰਥਕ ਸ਼ਕਤੀ-ਸਾਂਝੇਦਾਰੀ ਵੱਲ ਲੈ ਜਾਂਦਾ ਹੈ ਅਤੇ ਦਲਿਤਾਂ ਨੂੰ ਸਮਝਾਉਣ 'ਚ ਸਫਲ ਹੁੰਦਾ ਹੈ, ਇਹ 2027 ਦੀ ਰਾਹ 'ਤੇ ਫੈਸਲਾਕੁੰਨ ਸਵਾਲ ਹੋਵੇਗਾ।

ਰਾਹੁਲ-ਪ੍ਰਿਯੰਕਾ ਪੱਛਮੀ ਬੰਗਾਲ 'ਚ ਕਰਨਗੇ ਪ੍ਰਚਾਰ : ਕਾਂਗਰਸ ਪਾਰਟੀ ਆਗਾਮੀ 2026 ਵਿਧਾਨ ਸਭਾ ਚੋਣਾਂ 'ਚ ਪੱਛਮੀ ਬੰਗਾਲ 'ਚ ਕੁਝ ਗੁਆਚੀ ਹੋਈ ਜ਼ਮੀਨ ਵਾਪਸ ਪਾਉਣ ਲਈ ਕੰਮ ਕਰ ਰਹੀ ਹੈ। ਇਹ ਕੋਈ ਆਸਾਨ ਕੰਮ ਨਹੀਂ ਹੈ, ਇਹ ਦੇਖਦੇ ਹੋਏ ਕਿ ਪਾਰਟੀ 2021 ਦੀਆਂ ਚੋਣਾਂ 'ਚ ਸਿਫ਼ਰ 'ਤੇ ਆ ਗਈ ਸੀ। ਕਾਂਗਰਸ 20 ਸਾਲ ਬਾਅਦ ਪਹਿਲੀ ਵਾਰ ਇਕੱਲੇ ਚੋਣ ਲੜ ਕੇ ਬੰਗਾਲ 'ਚ ਫਿਰ ਤੋਂ ਉੱਭਰਨ ਦੀ ਉਮੀਦ ਕਰ ਰਹੀ ਹੈ। ਇਸ ਦ੍ਰਿਸ਼ਟੀਕੋਣ ਨੂੰ ਆਕਾਰ ਦੇਣ ਲਈ, ਇਸ ਨੇ ਰਾਜ 'ਚ ਪ੍ਰਚਾਰ ਕਰਨ ਲਈ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਈ ਹੈ। ਪਾਰਟੀ ਇਕ ਪੰਦਰਵਾੜੇ ਦੇ ਪ੍ਰੋਗਰਾਮ 'ਤੇ ਵੀ ਵਿਚਾਰ ਕਰ ਰਹੀ ਹੈ, ਜਿੱਥੇ ਉਹ ਸੰਸਦ ਮੈਂਬਰਾਂ ਭੈਣ-ਭਰਾਵਾਂ ਦੀ ਵਿਸ਼ੇਸ਼ਤਾ ਵਾਲੀਆਂ ਰੈਲੀਆਂ, ਜਨਸਭਾਵਾਂ ਆਯੋਜਿਤ ਕਰਨ ਦੀ ਯੋਜਨਾ ਬਣਾ ਰਹੀ ਹੈ। ਉਸ ਨੇ ਆਗਾਮੀ ਚੋਣਾਂ ਲਈ ਬੰਗਾਲ ਦੇ ਸਾਰੇ 23 ਜ਼ਿਲਿਆਂ ਲਈ ਕੁੱਲ ਹਿੰਦ ਕਾਂਗਰਸ ਕਮੇਟੀ (ਏ. ਆਈ. ਸੀ. ਸੀ.) ਨਿਗਰਾਨਾਂ ਨੂੰ ਵੀ ਨਿਯੁਕਤ ਕੀਤਾ ਹੈ। ਕਾਂਗਰਸ ਅਤੇ ਟੀ. ਐੱਮ. ਸੀ., ਜੋ ਵਿਰੋਧੀ ਇੰਡੀਆ ਬਲਾਕ ਦੇ ਭਾਈਵਾਲ ਹੋਣ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਹਟਾਉਣ ਦੀ ਮੰਗ ਵਰਗੇ ਮੁੱਦਿਆਂ 'ਤੇ ਸੰਸਦ 'ਚ ਇਕਜੁੱਟ ਹੋਣ ਦੇ ਬਾਵਜੂਦ, ਬੰਗਾਲ ਦੇ ਮਾਮਲੇ 'ਚ ਇਕ ਹੀ ਪੰਨੇ 'ਤੇ ਨਹੀਂ ਰਹੇ ਹਨ, ਪਰ ਮਮਤਾ ਦੇ ਇਕ ਕੱਟੜ ਆਲੋਚਕ ਅਧੀਰ ਰੰਜਨ ਚੌਧਰੀ ਦਾ ਕਾਂਗਰਸ ਦੀ ਸੂਬਾ ਲੀਡਰਸ਼ਿਪ ਤੋਂ ਬਾਹਰ ਨਿਕਲਣਾ ਵੀ ਕਈ ਲੋਕਾਂ ਵੱਲੋਂ ਦੋਸਤਾਨਾ ਸਬੰਧ ਬਣਾਏ ਰੱਖਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਮਾਕਪਾ 'ਚ ਜਥੇਬੰਦਕ ਸੰਕਟ : ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) (ਮਾਕਪਾ) ਇਕ ਅਜਿਹੇ ਸਮੇਂ 'ਚ ਗੰਭੀਰ ਜਥੇਬੰਦਕ ਸੰਕਟ 'ਚੋਂ ਗੁਜ਼ਰ ਰਹੀ ਹੈ, ਜਦੋਂ ਉਹ ਕੇਰਲ 'ਚ ਲਗਾਤਾਰ ਤੀਜੀ ਵਾਰ ਸੱਤਾ 'ਚ ਆਉਣ ਦੀ ਉਮੀਦ ਨਾਲ ਇਕ ਹੋਰ ਮਹੱਤਵਪੂਰਨ ਚੋਣ ਦੀ ਤਿਆਰੀ ਕਰ ਰਹੀ ਹੈ। ਤਜਰਬੇਕਾਰ ਨੇਤਾ ਅਤੇ ਸਾਬਕਾ ਦੋ ਵਾਰ ਮੰਤਰੀ ਰਹੇ ਜੀ. ਸੁਧਾਕਰਨ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਉਹ ਆਗਾਮੀ ਵਿਧਾਨ ਸਭਾ ਚੋਣ ਅੰਬਾਲਾਪੁਝਾ ਚੋਣ ਖੇਤਰ ਤੋਂ ਇਕ ਸੁਤੰਤਰ ਉਮੀਦਵਾਰ ਵਜੋਂ ਲੜਨਗੇ, ਜਿਸ ਦੀ ਉਨ੍ਹਾਂ ਨੇ 2006 ਤੋਂ 2016 ਤੱਕ ਨੁਮਾਇੰਦਗੀ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਵੱਲੋਂ ਹਟਾ ਦਿੱਤਾ ਗਿਆ ਸੀ। ਕਾਂਗਰਸ ਦਾ ਵਿਰੋਧ-ਪ੍ਰਦਰਸ਼ਨ : ਕਿਉਂਕਿ ਲੋਕ ਸਭਾ ਸਪੀਕਰ ਓਮ ਬਿਰਲਾ ਦੇ ਖਿਲਾਫ ਵਿਰੋਧੀ ਧਿਰ ਦਾ ਬੇਭਰੋਸਗੀ ਮਤਾ ਹਾਰ 'ਚ ਸਮਾਪਤ ਹੋਇਆ, ਹੁਣ ਵਿਰੋਧੀ ਸੰਸਦ ਮੈਂਬਰਾਂ ਨੇ ਅਮਰੀਕਾ-ਇਜ਼ਰਾਈਲ ਅਤੇ ਈਰਾਨ ਯੁੱਧ ਨਾਲ ਸ਼ੁਰੂ ਹੋਏ ਵਧਦੇ ਊਰਜਾ ਸੰਕਟ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਰਾਸ਼ਟਰੀ ਜਨਤੰਤਰਿਕ ਗੱਠਜੋੜ (ਐੱਨ. ਡੀ. ਏ.) ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ। ਕਾਂਗਰਸ, ਡੀ. ਐੱਮ. ਕੇ., ਟੀ. ਐੱਮ. ਸੀ. ਅਤੇ ਸਪਾ ਵਰਗੀਆਂ ਪਾਰਟੀਆਂ ਦੇ ਕਈ ਵਿਰੋਧੀ ਸੰਸਦ ਮੈਂਬਰਾਂ ਨੇ ਸੰਸਦ ਦੇ ਮਕਰ ਦੁਆਰ ਦੇ ਕੋਲ ਵਿਰੋਧ ਪ੍ਰਦਰਸ਼ਨ ਕੀਤਾ, ਜਿਸ 'ਚ 'ਨਾਮ ਨਰੇਂਦਰ, ਕਾਮ ਸਰੈਂਡਰ' ਅਤੇ 'ਮੋਦੀ ਜੀ, ਐੱਲ. ਪੀ. ਜੀ.' ਵਰਗੇ ਨਾਅਰੇ ਲਗਾਏ ਗਏ। ਪ੍ਰਿਯੰਕਾ ਗਾਂਧੀ ਸਮੇਤ ਮਹਿਲਾ ਵਿਰੋਧੀ ਸੰਸਦ ਮੈਂਬਰ ਇੱਟਾਂ ਦੇ ਇਕ ਨਕਲੀ ਚੁੱਲ੍ਹੇ ਨਾਲ ਬੈਠ ਗਈਆਂ ਅਤੇ ਸਰਕਾਰ ਵਿਰੁੱਧ ਨਾਅਰੇ ਲਗਾਏ। ਵਿਰੋਧੀ ਧਿਰ ਪੱਛਮੀ ਏਸ਼ੀਆ ਦੀ ਸਥਿਤੀ ਅਤੇ ਭਾਰਤ 'ਤੇ ਇਸ ਦੇ ਪ੍ਰਭਾਵ 'ਤੇ ਪੂਰੀ ਚਰਚਾ ਦੀ ਮੰਗ ਕਰ ਰਹੀ ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਚਿਤਾਵਨੀ ਦਿੱਤੀ ਕਿ ਚੱਲ ਰਿਹਾ ਪੱਛਮੀ ਏਸ਼ੀਆ ਸੰਕਟ ਜਲਦੀ ਹੀ ਮਹਿੰਗਾਈ, ਰਸੋਈ ਗੈਸ ਅਤੇ ਬਾਲਣ ਦੀ ਕਮੀ ਅਤੇ ਵਧਦੇ ਹਵਾਈ ਕਿਰਾਏ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹਾਲਾਂਕਿ, ਪੀ. ਐੱਮ. ਮੋਦੀ ਨੇ ਦੂਜੇ ਪਾਸੇ, ਪੱਛਮੀ ਏਸ਼ੀਆ 'ਚ ਚੱਲ ਰਹੇ ਸੰਘਰਸ਼ ਕਾਰਨ ਐੱਲ. ਪੀ. ਜੀ. ਸਪਲਾਈ 'ਚ ਵਿਘਨ ਦੇ ਮੱਦੇਨਜ਼ਰ ਲੋਕਾਂ ਨੂੰ ਅਫਵਾਹਾਂ 'ਤੇ ਧਿਆਨ ਨਾ ਦੇਣ ਜਾਂ ਨਾ ਘਬਰਾਉਣ ਦੀ ਅਪੀਲ ਕੀਤੀ ਅਤੇ ਅਪੀਲ ਕੀਤੀ ਕਿ ਸਿਰਫ ਪ੍ਰਮਾਣਿਤ ਵੇਰਵੇ ਹੀ ਪ੍ਰਸਾਰਿਤ ਕੀਤੇ ਜਾਣੇ ਚਾਹੀਦੇ ਹਨ। ਵਧਦੀਆਂ ਚਿੰਤਾਵਾਂ ਦਰਮਿਆਨ, ਸਰਕਾਰ ਅਤੇ ਤੇਲ ਕੰਪਨੀਆਂ ਨੇ ਲੋਕਾਂ ਨੂੰ ਭਰੋਸਾ ਦੇਣ ਦੀ ਮੰਗ ਕੀਤੀ ਹੈ ਕਿ ਘਰੇਲੂ ਐੱਲ. ਪੀ. ਜੀ. ਸਿਲੰਡਰ ਸੁਰੱਖਿਅਤ ਹਨ। ਝਾਮੁਮੋ ਦੀ ਅਸਾਮ 'ਚ ਦਸਤਕ : ਅਸਾਮ 'ਚ ਰਾਜਨੀਤਿਕ ਸਰਗਰਮੀਆਂ ਵਧ ਗਈਆਂ ਹਨ ਕਿਉਂਕਿ ਝਾਰਖੰਡ ਮੁਕਤੀ ਮੋਰਚਾ (ਜੇ. ਐੱਮ. ਐੱਮ.) ਨੇ ਅਸਾਮ 'ਚ ਜੈ ਭਾਰਤ ਪਾਰਟੀ ਨਾਲ ਇਕ ਨਵੇਂ ਰਾਜਨੀਤਿਕ ਗੱਠਜੋੜ ਦਾ ਐਲਾਨ ਕੀਤਾ ਹੈ, ਜੋ ਰਾਜ ਦੇ ਚੋਣ ਮੈਦਾਨ 'ਚ ਜੇ. ਐੱਮ. ਐੱਮ. ਦੇ ਸੰਭਾਵੀ ਪ੍ਰਵੇਸ਼ ਦਾ ਸੰਕੇਤ ਦਿੰਦੀ ਹੈ। ਰੈਲੀ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਲੋਕਤੰਤਰ 'ਚ ਵੋਟਿੰਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਲੋਕਾਂ ਨੂੰ ਜ਼ਿੰਮੇਵਾਰੀ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਅਤੇ ਲੋਕਤੰਤਰਿਕ ਪ੍ਰਕਿਰਿਆ 'ਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ। ਹਾਲਾਂਕਿ, ਜੇ. ਐੱਮ. ਐੱਮ. ਨੇ ਹੋਰ ਰਾਜਾਂ ਦੇ ਆਦਿਵਾਸੀ-ਬਹੁਤਾਤ ਵਾਲੇ ਖੇਤਰਾਂ 'ਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਝਾਰਖੰਡ ਤੋਂ ਪਰ੍ਹੇ ਦੇਖਣਾ ਸ਼ੁਰੂ ਕਰ ਦਿੱਤਾ ਹੈ।

# ਜਿਸ ਨੇ ਜੰਗ ਸ਼ੁਰੂ ਕੀਤੀ, ਉਸੇ ਨੂੰ ਹੀ ਇਸ ਨੂੰ ਰੋਕਣਾ ਹੋਵੇਗਾ

ਪੀ. ਚਿਦੰਬਰਮ



ਈਰਾਨ ਦੇ ਵਿਰੁੱਧ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਸ਼ੁਰੂ ਕੀਤੀ ਗਈ ਇਸ ਬਿਨਾਂ ਸੋਚੀ-ਸਮਝੀ ਜੰਗ ਦੇ ਨਤੀਜੇ ਦੁਨੀਆ ਭਰ 'ਚ ਅਤੇ ਬਹੁਤ ਦੂਰ ਤੱਕ ਜਾਣ ਵਾਲੇ ਹਨ। 'ਆਪ੍ਰੇਸ਼ਨ ਐਪਿਕ ਫਿਊਰੀ' ਦੇ ਦੋ ਹਫ਼ਤਿਆਂ 'ਚ, ਈਰਾਨ ਤਬਾਹ ਤਾਂ ਹੋ ਗਿਆ ਹੈ ਪਰ ਹਾਰਿਆ ਨਹੀਂ ਹੈ। ਜੰਗ ਦੇ ਪਹਿਲੇ ਹੀ ਦਿਨ, ਅਯਾਤੁੱਲਾ ਖ਼ਾਮੇਨੇਈ ਸਮੇਤ ਉਸ ਦੀ ਚੋਟੀ ਦੀ ਲੀਡਰਸ਼ਿਪ ਦੀ ਪਹਿਲੀ ਕਤਾਰ ਖ਼ਤਮ ਹੋ ਗਈ ਸੀ। ਈਰਾਨ ਨੇ ਜਲਦਬਾਜ਼ੀ 'ਚ ਇਕ ਨਵਾਂ ਨੇਤਾ ਚੁਣਿਆ ਹੈ ਅਤੇ ਇਕ ਨਵਾਂ ਫ਼ੌਜੀ ਨਿਰਦੇਸ਼ ਤਿਆਰ ਕੀਤਾ ਹੈ ਪਰ ਅਮਰੀਕਾ-ਇਜ਼ਰਾਈਲ ਗੱਠਜੋੜ ਨੇ ਐਲਾਨ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਵੀ ਖ਼ਤਮ ਕਰ ਦਿੱਤਾ ਜਾਵੇਗਾ। ਤਹਿਰਾਨ, ਸਨੰਦਾਜ, ਇਸਫਹਾਨ ਅਤੇ ਈਰਾਨ ਦੇ ਦੂਜੇ ਵੱਡੇ ਸ਼ਹਿਰਾਂ 'ਤੇ ਬੰਬਾਰੀ ਕੀਤੀ ਗਈ ਹੈ ਅਤੇ ਹੁਣ ਤੱਕ ਲਗਭਗ 1300 ਈਰਾਨੀ ਮਾਰੇ ਗਏ ਹਨ ਅਤੇ 10,000 ਤੋਂ ਜ਼ਿਆਦਾ ਜ਼ਖਮੀ ਹੋਏ ਹਨ। ਇਕ ਅਮਰੀਕੀ ਟੋਮਹੌਕ ਮਿਜ਼ਾਈਲ ਇਕ ਸਕੂਲ 'ਤੇ ਡਿੱਗੀ, ਜਿਸ 'ਚ 168 ਬੱਚੇ ਅਤੇ 14 ਅਧਿਆਪਕ ਮਾਰੇ ਗਏ। ਉਨ੍ਹਾਂ ਨੇ ਆਖਿਰ ਕੀ ਗੁਨਾਹ ਕੀਤਾ ਸੀ ?

**ਜ਼ਬਰਦਸਤ ਨੁਕਸਾਨ : ਈਰਾਨ ਨੂੰ ਹੋਏ ਭਾਰੀ ਨੁਕਸਾਨ 'ਚ ਇਹ ਚੀਜ਼ਾਂ ਸ਼ਾਮਲ ਹਨ :**

-ਫੌਜੀ ਟਿਕਾਣੇ, ਜਿਵੇਂ ਮਿਜ਼ਾਈਲ ਲਾਂਚ ਸਾਈਟਾਂ, ਹਥਿਆਰਬੰਦ ਬਲਾਂ ਦੇ ਅੱਡੇ, ਸਮੁੰਦਰੀ ਫੌਜ ਦੀਆਂ ਜਾਇਦਾਦਾਂ, ਹਵਾਈ ਸੁਰੱਖਿਆ ਪ੍ਰਣਾਲੀਆਂ ਅਤੇ ਉਤਪਾਦਨ ਕੇਂਦਰ;
-ਘਰ, ਸਕੂਲ ਅਤੇ ਹਸਪਤਾਲ;
-ਵੱਡੇ ਤੇਲ ਡਿਪੂ (ਜੋ ਅਜੇ ਵੀ ਬਲ ਰਹੇ ਹਨ);
-ਜ਼ਰੂਰੀ ਬੁਨਿਆਦੀ ਢਾਂਚਾ, ਜਿਵੇਂ ਪਾਣੀ ਦੀ ਸਪਲਾਈ ਵਗੈਰਾ;
-ਜਨ-ਸਿਹਤ ਲਈ ਵੱਡੇ ਖਤਰੇ ਅਤੇ ਵਾਤਾਵਰਣ ਨੂੰ ਭਾਰੀ ਨੁਕਸਾਨ।

ਈਰਾਨ ਦੀ ਸ਼ਾਸਨ-ਪ੍ਰਣਾਲੀ ਦੇ ਸਰੂਪ ਨੂੰ, ਜੋ ਕਿ ਕਾਫ਼ੀ ਦਮਨਕਾਰੀ ਹੈ, ਇਕ ਪਾਸੇ ਰੱਖ ਦਿਓ ਅਤੇ ਲੋਕਾਂ 'ਤੇ ਧਿਆਨ ਦਿਓ। ਇਸ ਤਬਾਹੀ ਦੇ ਹੱਕਦਾਰ ਬਣਨ ਲਈ ਉਨ੍ਹਾਂ ਨੇ ਆਖਿਰ ਕੀ ਕੀਤਾ ਹੈ? ਇਜ਼ਰਾਈਲ ਦੇ ਉਕਸਾਉਣ 'ਤੇ, ਅਮਰੀਕਾ ਨੇ ਇਹ ਦੋਸ਼ ਲਾਇਆ ਕਿ ਈਰਾਨ ਨੇ ਐਨਰਿਚਡ ਯੂਰੇਨੀਅਮ ਦਾ ਜ਼ਖ਼ੀਰਾ ਜਮ ?ਹਾ ਕਰ ਰੱਖਿਆ ਹੈ ਅਤੇ ਪ੍ਰਮਾਣੂ ਹਥਿਆਰ ਬਣਾਉਣ ਦਾ ਕੰਮ ਲਗਭਗ ਪੂਰਾ ਕਰ ਲਿਆ ਹੈ। ਸਟੀਵ ਵਿਟਕੌਫ ਅਤੇ ਜੇਰੇਡ ਕੁਸ਼ਨਰ ਨੂੰ ਕਤਰ ਦੀ ਮਦਦ ਨਾਲ, ਅਮਰੀਕਾ ਵੱਲੋਂ ਈਰਾਨ ਨਾਲ ਗੱਲਬਾਤ ਕਰਨ ਲਈ ਭੇਜਿਆ ਗਿਆ ਸੀ। ਜੰਗ ਸ਼ੁਰੂ ਹੋਣ ਦੇ ਖ਼ਦਸ਼ੇ ਨੂੰ ਦੇਖਦੇ ਹੋਏ, ਓਮਾਨ ਦੇ ਵਿਦੇਸ਼ ਮੰਤਰੀ ਤੁਰੰਤ ਵਾਸ਼ਿੰਗਟਨ ਪਹੁੰਚੇ ਅਤੇ ਅਮਰੀਕਾ ਨੂੰ ਇਹ ਭਰੋਸਾ ਦਿਵਾਇਆ ਕਿ ਈਰਾਨ ਐਨਰਿਚਡ ਯੂਰੇਨੀਅਮ ਦਾ ਜ਼ਖ਼ੀਰਾ ਬਿਲਕੁਲ ਨਾ ਰੱਖਣ 'ਤੇ ਰਾਜ਼ੀ ਹੋ ਗਿਆ ਹੈ ਅਤੇ ਉਸ ਨੇ 'ਕਦੇ ਵੀ ਪ੍ਰਮਾਣੂ ਹਥਿਆਰ ਨਾ ਰੱਖਣ' ਦੀ ਸਹੁੰ ਖਾਧੀ ਹੈ। ਇਸ ਭਰੋਸੇ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਰਾਸ਼ਟਰਪਤੀ ਟਰੰਪ ਨੇ ਅਚਾਨਕ ਗੱਲਬਾਤ ਖ਼ਤਮ ਕਰ ਦਿੱਤੀ ਅਤੇ ਈਰਾਨ 'ਤੇ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਹੋ ਸਕਦਾ ਹੈ ਕਿ ਈਰਾਨ ਇਜ਼ਰਾਈਲ ਦੇ ਵਿਸਥਾਰਵਾਦ ਲਈ ਇਕ ਖਤਰਾ ਹੋਵੇ ਪਰ ਉਹ ਅਮਰੀਕਾ ਲਈ ਕਿਸੇ ਵੀ ਤਰ੍ਹਾਂ ਦਾ ਖਤਰਾ ਨਹੀਂ ਹੈ। ਜੂਨ 2025 'ਚ 'ਆਪ੍ਰੇਸ਼ਨ ਮਿਡਨਾਈਟ ਹੈਮਰ', ਜੋ ਇਕ ਗੈਰ-ਕਾਨੂੰਨੀ ਹਮਲਾ ਸੀ, ਤੋਂ ਬਾਅਦ ਅਮਰੀਕਾ ਨੇ ਦਾਅਵਾ ਕੀਤਾ ਸੀ ਕਿ 'ਈਰਾਨ ਦੀਆਂ ਯੂਰੇਨੀਅਮ ਐਨਰਿਚਡ ਸਹੂਲਤਾਂ ਪੂਰੀ ਤਰ੍ਹਾਂ ਨਸ਼ਟ ਕਰ ਦਿੱਤੀਆਂ ਗਈਆਂ ਹਨ'। ਮਿਡਨਾਈਟ ਹੈਮਰ ਦੇ ਬਾਵਜੂਦ, ਜੇਕਰ ਈਰਾਨ ਨੇ ਲਗਭਗ ਪ੍ਰਮਾਣੂ ਹਥਿਆਰ ਬਣਾ ਹੀ ਲਏ ਸਨ, ਤਾਂ ਉਹ ਕਿੱਥੇ ਹਨ? ਕੀ ਅਮਰੀਕਾ ਨੇ ਪ੍ਰਮਾਣੂ ਨਿਗਰਾਨ ਸੰਸਥਾ, ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਨੂੰ ਈਰਾਨ ਦੀ ਜਾਂਚ ਕਰਨ ਅਤੇ ਪ੍ਰਮਾਣੂ ਹਥਿਆਰਾਂ ਦੇ ਵਿਕਾਸ 'ਤੇ ਰਿਪੋਰਟ ਦੇਣ ਲਈ ਕਿਹਾ? ਕਿਸ ਦੇਸ਼ ਕੋਲ ਪ੍ਰਮਾਣੂ ਹਥਿਆਰ ਹੋਣਗੇ ਜਾਂ ਨਹੀਂ, ਇਹ ਤੈਅ ਕਰਨ ਦਾ ਅਮਰੀਕਾ ਕੋਲ ਕੀ ਅਧਿਕਾਰ ਹੈ? ਕੀ ਅਮਰੀਕਾ ਭਾਰਤ, ਪਾਕਿਸਤਾਨ ਜਾਂ ਉੱਤਰੀ ਕੋਰੀਆ ਦੀਆਂ ਪ੍ਰਮਾਣੂ ਸਮਰੱਥਾਵਾਂ 'ਚ ਦਖ਼ਲ ਦੇਣ ਅਤੇ ਉਨ੍ਹਾਂ ਨੂੰ 'ਨਸ਼ਟ ਕਰਨ' ਦਾ ਫੈਸਲਾ ਕਰੇਗਾ? ਖਾਮੋਸ਼ੀ ਨਾਲ ਮਿਲੀਭੁਗਤ : ਪੱਛਮੀ ਏਸ਼ੀਆਈ ਖੇਤਰ 'ਚ ਇਜ਼ਰਾਈਲ ਦੇ ਦੁਸ਼ਮਣ ਹਨ। ਇਸ ਦੀਆਂ ਜੜ੍ਹਾਂ ਉਸ ਸਮੇਂ ਨਾਲ ਜੁੜੀਆਂ ਹਨ, ਜਦੋਂ ਇਜ਼ਰਾਈਲ ਦਾ ਗਠਨ ਉਸ ਜ਼ਮੀਨ 'ਤੇ ਹੋਇਆ ਸੀ, ਜੋ ਮੂਲ ਰੂਪ 'ਚ ਫਿਲਸਤੀਨੀਆਂ ਦੀ ਸੀ। ਫਿਰ ਵੀ, ਪਿਛਲੇ ਕੁਝ ਸਾਲਾਂ 'ਚ, ਇਸਲਾਮੀ ਦੇਸ਼ਾਂ ਸਮੇਤ ਪੂਰੀ ਦੁਨੀਆ ਨੇ ਇਜ਼ਰਾਈਲ ਦ ੀ ਅਸਲੀਅਤ ਨੂੰ ਸਵੀਕਾਰ ਕਰ ਲਿਆ ਹੈ। ਹਾਲਾਂਕਿ ਭਾਰਤ ਨੇ ਫਿਲਸਤੀਨ ਦੀ ਵੰਡ ਦੇ ਪ੍ਰਸਤਾਵ (1947) ਦੇ ਵਿਰੁੱਧ ਵੋਟ ਦਿੱਤੀ ਸੀ, ਪਰ ਬਾਅਦ 'ਚ, ਸਤੰਬਰ 1950 'ਚ ਭਾਰਤ ਨੇ ਇਜ਼ਰਾਈਲ ਨੂੰ ਇਕ ਰਾਸ਼ਟਰ ਵਜੋਂ ਮਾਨਤਾ ਦੇ ਦਿੱਤੀ ਅਤੇ 1992 'ਚ ਦੋਵਾਂ ਦੇਸ਼ਾਂ ਵਿਚਾਲੇ ਪੂਰਨ ਰਾਜਦੂਤਕ ਸਬੰਧ ਸਥਾਪਤ ਹੋ ਗਏ। ਵਪਾਰ, ਫ਼ੌਜੀ ਸਹਿਯੋਗ ਅਤੇ ਖੁਫ਼ੀਆ ਜਾਣਕਾਰੀ ਸਾਂਝੀ ਕਰਨ ਦੇ ਖੇਤਰਾਂ 'ਚ ਦੋਵਾਂ ਦੇਸ਼ਾਂ ਦੇ ਸਬੰਧ ਕਾਫ਼ੀ ਫਲੇ-ਫੁਲੇ ਹਨ। ਪੱਛਮੀ ਏਸ਼ੀਆ ਦੇ ਸੰਘਰਸ਼ਾਂ 'ਚ ਭਾਰਤ ਹਮੇਸ਼ਾ ਤੋਂ ਹੀ ਇਕ ਸੰਤੁਲਿਤ ਆਵਾਜ਼ ਰਿਹਾ ਹੈ, ਘੱਟੋ-ਘੱਟ ਹੁਣ ਤੱਕ ਤਾਂ ਇਹੀ ਸਥਿਤੀ ਸੀ। ਪਰ ਹਾਲ ਹੀ ਦੇ ਦਿਨਾਂ 'ਚ, ਭਾਰਤ ਦਾ ਰੁਖ਼ ਕੁਝ ਹੱਦ ਤੱਕ ਪੱਖਪਾਤੀ ਹੋ ਗਿਆ ਹੈ। ਇਸ ਦਾ ਪ੍ਰਮਾਣ 12 ਮਾਰਚ, 2026 ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਪਾਸ ਉਸ ਮਤੇ ਪ੍ਰਤੀ ਭਾਰਤ ਦਾ ਸਮਰਥਨ ਹੈ, ਜਿਸ 'ਚ ਸਿਰਫ਼ ਈਰਾਨ ਦੀ ਨਿੰਦਾ ਕੀਤੀ ਗਈ ਸੀ। ਜਦੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਭਾਰਤ, ਗ੍ਰੀਸ, ਸਾਈਪ੍ਰਸ, ਅਰਬ ਦੇਸ਼ਾਂ, ਅਫ਼ਰੀਕੀ ਦੇਸ਼ਾਂ ਅਤੇ ਭੂ-ਮੱਧ ਸਾਗਰੀ ਦੇਸ਼ਾਂ ਨੂੰ ਮਿਲਾ ਕੇ ਬਣੇ ਇਕ 'ਛੇ-ਪੱਖੀ ਗੱਠਜੋੜ' ਦਾ ਜ਼ਿਕਰ ਕੀਤਾ, ਜਿਸ ਦਾ ਉਦੇਸ਼ 'ਕੱਟੜਪੰਥੀ ਸ਼ੀਆ ਗੱਠਜੋੜ ਅਤੇ ਉੱਭਰ ਰਹੇ ਕੱਟੜਪੰਥੀ ਸੁੰਨੀ ਗੱਠਜੋੜ' ਦਾ ਮੁਕਾਬਲਾ ਕਰਨਾ ਸੀ, ਉਦੋਂ ਭਾਰਤ ਨੇ ਇਸ 'ਤੇ ਵਿਰੋਧ ਦਾ ਇਕ ਵੀ ਸ਼ਬਦ ਨਹੀਂ ਕਿਹਾ। ਟਰੰਪ ਦੀ ਮਨਮਾਨੀ ਦੀ ਵਜ੍ਹਾ ਕਰ ਕੇ, ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਵੀ ਉੱਪਰ ਪਹੁੰਚ ਗਈਆਂ ਹਨ। ਅਮਰੀਕਾ 'ਚ ਮਹਿੰਗਾਈ ਅਤੇ ਟਰੰਪ ਪ੍ਰਸ਼ਾਸਨ ਪ੍ਰਤੀ ਅਸੰਤੋਸ਼ ਵਧ ਰਿਹਾ ਹੈ। ਹੋਰਮੁਜ਼ ਜਲਡਮਰੂਮੱਧ ਤੋਂ ਤੇਲ ਟੈਂਕਰਾਂ ਦੀ ਆਵਾਜਾਈ, ਜੋ ਈਰਾਨ ਦੇ ਕੰਟਰੋਲ 'ਚ ਹੈ, ਲਗਭਗ ਪੂਰੀ ਤਰ੍ਹਾਂ ਰੁਕ ਗਈ ਹੈ। ਭਾਰਤ 'ਚ, ਐੱਲ. ਪੀ. ਜੀ. ਸਿਲੰਡਰਾਂ ਦੀ ਕਮੀ ਹੋ ਗਈ ਹੈ ਅਤੇ ਉਨ੍ਹਾਂ ਦੀਆਂ ਕੀਮਤਾਂ ਤੇਜ਼ੀ ਨਾਲ ਵਧਾਈਆਂ ਗਈਆਂ ਹਨ। ਦੁਨੀਆ ਭਰ ਦੇ ਸ਼ੇਅਰ ਬਾਜ਼ਾਰ ਧੜਾਮ ਨਾਲ ਡਿੱਗ ਗਏ ਹਨ। ਅੰਦਾਜ਼ਾ ਹੈ ਕਿ ਇਸ ਜੰਗ 'ਤੇ ਹਰ ਦਿਨ 2 ਅਰਬ ਡਾਲਰ ਖਰਚ ਹੋ ਰਹੇ ਹਨ। ਇਸ ਜੰਗ ਦੀ ਮਾਨਵੀ ਕੀਮਤ ਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਜੰਗ ਹਰ ਕਿਸੇ ਨੂੰ ਬੇਨਕਾਬ ਕਰ ਦਿੰਦੀ ਹੈ : ਮਸ਼ਹੂਰ ਸੈਨਿਕ, ਜਨਰਲ ਡਵਾਈਟ ਆਈਜ਼ਨਹਾਵਰ ਨੇ ਕਿਹਾ ਸੀ ਕਿ ਜੰਗ ਬੇਰਹਿਮ, ਬੇਕਾਰ ਅਤੇ ਬੇਵਕੂਫ਼ੀ ਭਰੀ ਹੁੰਦੀ ਹੈ। ਰੂਸ ਨੇ 4 ਸਾਲ ਪਹਿਲਾਂ ਯੂਕ੍ਰੇਨ 'ਤੇ ਹਮਲਾ ਕੀਤਾ ਸੀ, ਪਰ ਉਹ ਇਹ ਜੰਗ ਜਿੱਤ ਨਹੀਂ ਪਾ ਰਿਹਾ। ਇਸ ਦੌਰਾਨ, ਰੂਸ 'ਤੇ ਕਰਜ਼ੇ ਦਾ ਬੋਝ ਬਹੁਤ ਵਧ ਗਿਆ ਹੈ, ਤੇਲ ਤੋਂ ਹੋਣ ਵਾਲੀ ਕਮਾਈ ਘਟ ਗਈ ਹੈ ਅਤੇ ਰੂਸੀ ਫੌਜ ਨੂੰ ਹੁਣ ਭਾੜੇ ਦੇ ਸੈਨਿਕਾਂ ਦੀ ਵਰਤੋਂ ਕਰਨੀ ਪੈ ਰਹੀ ਹੈ। ਈਰਾਨ ਦੇ ਮਾਮਲੇ 'ਚ, ਅਜਿਹਾ ਕੋਈ ਸੰਕੇਤ ਨਹੀਂ ਮਿਲ ਰਿਹਾ ਕਿ ਅਮਰੀਕਾ ਇਸ ਜੰਗ ਨੂੰ ਰੋਕਣ ਵਾਲਾ ਹੈ। ਕਿਉਂਕਿ ਇਹ ਜੰਗ ਮਸ਼ੀਨਾਂ ਰਾਹੀਂ ਲੜੀ ਜਾ ਰਹੀ ਹੈ, ਇਸ ਲਈ ਜਦੋਂ ਤੱਕ ਮਸ਼ੀਨਾਂ ਦੀ ਸਪਲਾਈ ਜਾਰੀ ਰਹੇਗੀ, ਅਮਰੀਕਾ ਇਸ ਜੰਗ ਨੂੰ ਜਾਰੀ ਰੱਖ ਸਕਦਾ ਹੈ।

ਜਦੋਂ ਕੋਈ ਦੇਸ਼ ਜੰਗ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਕਦੋਂ ਰੋਕਣਾ ਹੈ। ਜੰਗ ਹਰ ਦੇਸ਼ ਅਤੇ ਹਰ ਇਨਸਾਨ ਦਾ ਅਸਲੀ ਚਿਹਰਾ ਸਾਹਮਣੇ ਲਿਆ ਦਿੰਦੀ ਹੈ। ਜਦੋਂ ਰੂਸ ਨੇ ਯੂਕ੍ਰੇਨ 'ਤੇ ਹਮਲਾ ਕੀਤਾ, ਤਾਂ ਭਾਰਤ ਨੇ ਉਸ ਦੀ ਨਿੰਦਾ ਨਹੀਂ ਕੀਤੀ, ਸਗੋਂ ਇਹ ਕਿਹਾ ਕਿ 'ਇਹ ਜੰਗ ਦਾ ਦੌਰ ਨਹੀਂ ਹੈ।' ਜਦੋਂ ਅਮਰੀਕਾ ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਅਗਵਾ ਕੀਤਾ ਸੀ, ਉਦੋਂ ਇਸ ਤਰ੍ਹਾਂ ਦੀਆਂ ਨਸੀਹਤਾਂ ਗਾਇਬ ਸਨ। ਪੱਛਮੀ ਏਸ਼ੀਆ 'ਚ ਚੱਲ ਰਹੀ ਮੌਜੂਦਾ ਜੰਗ 'ਚ ਵੀ ਇਹ ਗੱਲਾਂ ਸਾਫ਼ ਤੌਰ 'ਤੇ ਗਾਇਬ ਹਨ।

# ਲੋਕ ਸਭਾ ਸਪੀਕਰ ਦੀ ਭੂਮਿਕਾ ਮਹੱਤਵਪੂਰਨ ਅਤੇ ਉਹ ਸਨਮਾਨ ਦੇ ਪਾਤਰ



ਸੰਸਦੀ ਸਥਿਰਤਾ ਅਤੇ ਆਜ਼ਾਦੀ ਨੂੰ ਉਤਸ਼ਾਹਿਤ ਕਰਨ 'ਚ ਲੋਕ ਸਭਾ ਸਪੀਕਰ ਦੀ ਭੂਮਿਕਾ ਅਤਿਅੰਤ ਮਹੱਤਵਪੂਰਨ ਹੈ ਅਤੇ ਇਹ ਸਨਮਾਨ ਦੀ ਪਾਤਰ ਹੈ। 11 ਮਾਰਚ, 2026 ਨੂੰ, ਸਪੀਕਰ ਓਮ ਬਿਰਲਾ ਦੇ ਖ਼ ?ਲਾਫ਼ ਵਿਰੋਧੀ ਧਿਰ ਦਾ ਮਹਾਦੋਸ਼ ਦਾ ਮਤਾ ਜ਼ੁਬਾਨੀ ਵੋਟਾਂ ਨਾਲ ਹਾਰ ਗਿਆ, ਜੋ ਪਿਛਲੀ ਕੋਸ਼ਿਸ਼ ਦੇ ਲੱਗਭਗ 4 ਦਹਾਕਿਆਂ ਬਾਅਦ ਕੀਤਾ ਗਿਆ ਸੀ। 119 ਸੰਸਦ ਮੈਂਬਰ ਵੱਲੋਂ ਨੋਟਿਸ 'ਤੇ ਦਸਤਖ਼ਤ ਕੀਤੇ ਜਾਣ ਦੇ ਨਾਲ, ਵਿਰੋਧੀ ਧਿਰ ਨੇ ਸਪੀਕਰ ਦੇ ਆਚਰਣ 'ਚ ਕਥਿਤ ਪੱਖਪਾਤ ਨੂੰ ਉਜਾਗਰ ਕੀਤਾ। 543 ਮੈਂਬਰੀ ਸਦਨ 'ਚ ਸਪੀਕਰ ਨੂੰ ਹਟਾਉਣ ਲਈ ਘੱਟੋ-ਘੱਟ 272 ਵੋਟਾਂ ਦੀ ਲੋੜ ਹੁੰਦੀ ਹੈ ਅਤੇ ਇਤਿਹਾਸਕ ਤੌਰ 'ਤੇ, ਅੱਜ ਤੱਕ ਕਿਸੇ ਵੀ ਸਪੀਕਰ ਨੂੰ ਹਟਾਇਆ ਨਹੀਂ ਗਿਆ ਹੈ। ਸਪੀਕਰਾਂ ਨੂੰ ਦਿੱਤੀਆਂ ਜਾਣ ਵਾਲੀਆਂ ਵਾਰ-ਵਾਰ ਦੀਆਂ ਚੁਣੌਤੀਆਂ ਵਿਧਾਨ ਪਾਲਿਕਾ 'ਚ ਸਿਆਸੀ ਤਣਾਅ ਨੂੰ ਦਰਸਾਉਂਦੀਆਂ ਹਨ, ਜੋ ਸੱਤਾ ਦੇ ਸੰਤੁਲਨ ਅਤੇ ਕਾਨੂੰਨ ਘਾੜਿਆਂ ਵਿਚਾਲੇ ਆਪਸੀ ਸਨਮਾਨ 'ਤੇ ਸਵਾਲ ਉਠਾਉਂਦੀਆਂ ਹਨ। ਇਸ ਤਰ੍ਹਾਂ, ਸਪੀਕਰ ਦੀ ਭੂਮਿਕਾ ਕਾਨੂੰਨੀ ਪ੍ਰਕਿਰਿਆਵਾਂ ਅਤੇ ਸੰਸਦੀ ਲੋਕਤੰਤਰ 'ਚ ਵਿਸ਼ਵਾਸ ਵਧਾਉਣ, ਦੋਵਾਂ ਲਈ ਲਾਜ਼ਮੀ ਹੈ। ਅਸਫਲ ਮਹਾਦੋਸ਼ ਮਤੇ ਤੋਂ ਬਾਅਦ, ਸਪੀਕਰ ਬਿਰਲਾ ਨੇ ਆਪਣੀ ਨਿਰਪੱਖਤਾ ਦੁਹਰਾਈ ਅਤੇ ਜ਼ੋਰ ਦੇ ਕੇ ਕਿਹਾ ਕਿ ਨਿਯਮ ਪ੍ਰਧਾਨ ਮੰਤਰੀ ਸਮੇਤ ਸਾਰੇ ਮੈਂਬਰਾਂ 'ਤੇ ਬਰਾਬਰ ਲਾਗੂ ਹੁੰਦੇ ਹਨ। ਉਨ੍ਹਾਂ ਨੇ ਪੱਖਪਾਤ ਦੇ ਦੋਸ਼ਾਂ ਦਾ ਖੰਡਨ ਕਰਨ ਲਈ ਸਦਨ ਨੂੰ ਸੰਬੋਧਨ ਕੀਤਾ।

ਉਨ੍ਹਾਂ ਸਪੱਸ਼ਟ ਕੀਤਾ ਕਿ ਸਪੀਕਰ ਦੇ ਮਾਈਕ੍ਰੋਫੋਨ ਨੂੰ ਮਿਊਟ ਕਰਨ ਦਾ ਕੋਈ ਤੰਤਰ ਨਹੀਂ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਇਹ ਸਦਨ ਕੋਈ ਮੇਲਾ ਜਾਂ ਉਤਸਵ ਨਹੀਂ ਹੈ। ਸਾਨੂੰ ਨਿਯਮਾਂ ਦਾ ਪਾਲਣਾ ਕਰਨਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ ਉਨ੍ਹਾਂ ਤੋਂ ਬਾਹਰ ਬੋਲਣ ਦਾ ਅਧਿਕਾਰ ਨਹੀਂ ਹੈ, ਭਾਵੇਂ ਉਨ੍ਹਾਂ ਦਾ ਅਹੁਦਾ ਕੁਝ ਵੀ ਹੋਵੇ।" ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ 'ਚ ਵਿਰੋਧੀ ਧਿਰ ਦੇ ਗੈਰ-ਅਨੁਸ਼ਾਸਨੀ ਪ੍ਰਦਰਸ਼ਨ ਦੀ ਆਲੋਚਨਾ ਕੀਤੀ ਅਤੇ ਰਾਹੁਲ ਗਾਂਧੀ ਦੀ ਘੱਟ ਹਾਜ਼ਰੀ 'ਤੇ ਰੌਸ਼ਨੀ ਪਾਈ, ਜੋ ਕਿ 17ਵੀਂ ਲੋਕ ਸਭਾ 'ਚ 51 ਫੀਸਦੀ ਅਤੇ 16ਵੀਂ ਲੋਕ ਸਭਾ 'ਚ 52 ਫੀਸਦੀ ਸੀ, ਜਦਕਿ ਔਸਤ ਕ੍ਰਮਵਾਰ 66 ਫੀਸਦੀ ਅਤੇ 80 ਫੀਸਦੀ ਰਹੀ ਹੈ। ਵਿਰੋਧੀ ਧਿਰ ਨੇ 'ਮੁਆਫੀ ਮੰਗੋ' ਦੇ ਨਾਅਰੇ ਲਾ ਕੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਗ੍ਰਹਿ ਮੰਤਰੀ ਤੋਂ ਮੁਆਫੀ ਦੀ ਮੰਗ ਕੀਤੀ। ਮਹਾਦੋਸ਼ ਮਤਾ ਨੇ ਸੱਤਾਧਾਰੀ ਪਾਰਟੀ ਦੇ ਭਾਰੀ ਬਹੁਮਤ ਨੂੰ ਰੇਖਾਂਕਿਤ ਅਤੇ ਸੰਸਦੀ ਪ੍ਰਕਿਰਿਆਵਾਂ ਦੇ ਮਹੱਤਵ ਨੂੰ ਮਜ਼ਬੂਤ ਕੀਤਾ। ਇਸ ਨੇ ਉਸ ਸਤਿਕਾਰ 'ਤੇ ਰੌਸ਼ਨੀ ਪਾਈ, ਜੋ ਸਦਨ ਆਪਣੀਆਂ ਕਾਨੂੰਨੀ ਪ੍ਰਕਿਰਿਆਵਾਂ ਲਈ ਚਾਹੁੰਦਾ ਹੈ। ਭਾਰਤ ਦੇ ਸੰਸਦੀ ਇਤਿਹਾਸ 'ਚ ਮਹਾਦੋਸ਼ ਮਤਾ ਬਹੁਤ ਘੱਟ ਹੋਣ ਵਾਲੀਆਂ ਘਟਨਾਵਾਂ ਹਨ। ਸਪੀਕਰ ਬਿਰਲਾ ਨੂੰ ਹਟਾਉਣ ਦੀ ਕੋਸ਼ਿਸ਼ ਅਜਿਹੀ ਚੌਥੀ ਕੋਸ਼ਿਸ਼ ਹੈ, ਜੋ ਇਸ ਮਹੱਤਵਪੂਰਨ ਅਹੁਦੇ ਦੀਆਂ ਅੰਦਰੂਨੀ ਚੁਣੌਤੀਆਂ ਨੂੰ ਦਰਸਾਉਂਦਾ ਹੈ। ਸਪੀਕਰ ਦਾ ਅਹੁਦਾ ਰਾਸ਼ਟਰਪਤੀ ਦੀ ਬਜਾਏ ਖੁਦ ਸਦਨ ਵਲੋਂ ਸੁਰੱਖਿਅਤ ਹੁੰਦਾ ਹੈ ਅਤੇ ਹਟਾਉਣਾ ਸਿਰਫ ਬਹੁਮਤ ਦੀ ਵੋਟ ਨਾਲ ਹੀ ਹੋ ਸਕਦਾ ਹੈ।

ਇਹ ਦਫ਼ਤਰ ਦੀ ਸੁਤੰਤਰਤਾ ਅਤੇ ਸੰਸਦੀ ਸਥਿਰਤਾ ਬਣਾਈ ਰੱਖਣ 'ਚ ਇਸ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਸਾਉਂਦਾ ਹੈ। ਪਿਛਲੀਆਂ ਕੋਸ਼ਿਸ਼ਾਂ 'ਚ, 1954 'ਚ ਪਹਿਲੇ ਸਪੀਕਰ ਜੀ. ਵੀ. ਮਾਵਲੰਕਰ ਦੇ ਖ਼ ?ਲਾਫ਼ ਪ੍ਰਸਤਾਵ ਅਤੇ ਬਿਰਲਾ ਦੇ ਖ਼ ?ਲਾਫ਼ ਹਾਲੀਆ ਪ੍ਰਸਤਾਵ ਸ਼ਾਮਲ ਹਨ। ਇਹ ਘਟਨਾਵਾਂ ਪੱਖਪਾਤ ਅਤੇ ਸੰਸਦੀ ਆਚਰਣ ਦੇ ਸਬੰਧ ਵਿਚ ਚੱਲ ਰਹੀਆਂ ਚਿੰਤਾਵਾਂ ਨੂੰ ਉਜਾਗਰ ਕਰਦੀਆਂ ਹਨ। ਆਜ਼ਾਦੀ ਤੋਂ ਬਾਅਦ, ਲੋਕ ਸਭਾ ਸਪੀਕਰ ਨੂੰ ਹਟਾਉਣ ਦੀਆਂ 3 ਅਸਫਲ ਕੋਸ਼ਿਸ਼ਾਂ ਹੋਈਆਂ ਹਨ। ਪਹਿਲੀ 1954 'ਚ ਪਹਿਲੇ ਸਪੀਕਰ ਜੀ.ਵੀ. ਮਾਵਲੰਕਰ ਦੇ ਖ਼ ?ਲਾਫ਼ ਸੀ। ਮਤੇ 'ਤੇ 18 ਦਸੰਬਰ ਨੂੰ ਚਰਚਾ ਹੋਈ, ਜਿਸ ਵਿਚ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਵਿਰੋਧੀ ਧਿਰ ਦੇ ਨੇਤਾ ਏ. ਕੇ. ਗੋਪਾਲਨ ਨੇ ਹਿੱਸਾ ਲਿਆ। ਸੰਸਦ ਮੈਂਬਰਾਂ ਨੇ ਮਾਵਲੰਕਰ 'ਤੇ ਪ੍ਰਸੰਗਿਕ ਸਵਾਲਾਂ ਨੂੰ ਰੱਦ ਕਰਨ ਅਤੇ ਮੁਲਤਵੀ ਨੋਟਿਸਾਂ ਨੂੰ ਗਲਤ ਤਰੀਕੇ ਨਾਲ ਸੰਭਾਲਣ ਦਾ ਦੋਸ਼ ਲਾਇਆ ਸੀ। 1966 'ਚ, ਸੰਸਦ ਮੈਂਬਰ ਨੇ ਸ. ਹੁਕਮ ਸਿੰਘ 'ਤੇ ਉਨ੍ਹਾਂ ਜਾਂਚਾਂ 'ਚ ਰੁਕਾਵਟ ਪਾਉਣ ਦਾ ਦੋਸ਼ ਲਗਾਇਆ, ਜੋ ਸਰਕਾਰ ਨੂੰ ਸ਼ਰਮਿੰਦਾ ਕਰ ਸਕਦੀਆਂ ਸਨ ਅਤੇ ਵਿਸ਼ੇਸ਼ ਅਧਿਕਾਰ ਨੋਟਿਸ ਪੇਸ਼ ਕਰਨ 'ਚ ਅਸਫਲ ਰਹਿਣ ਦਾ ਦੋਸ਼ ਲਗਾਇਆ। ਮਤਾ ਅੱਗੇ ਨਹੀਂ ਵਧ ਸਕਿਆ, ਕਿਉਂਕਿ 50 ਤੋਂ ਘੱਟ ਸੰਸਦ ਮੈਂਬਰ ਨੇ ਇਸ ਦਾ ਸਮਰਥਨ ਕੀਤਾ ਸੀ। ਸੀ. ਪੀ. (ਮਾਕਪਾ) ਸੰਸਦ ਮੈਂਬਰ ਸੋਮਨਾਥ ਚੈਟਰਜੀ ਨੇ ਸਪੀਕਰ ਬਲਰਾਮ ਜਾਖੜ ਦੇ ਖ਼ਿਲਾਫ਼ ਇਕ ਮਤਾ ਪੇਸ਼ ਕੀਤਾ ਸੀ। ਪ੍ਰਮੁੱਖ ਹਿੱਸਾ ਲੈਣ ਵਾਲਿਆਂ 'ਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਪੀ. ਚਿਦਾਂਬਰਮ ਸ਼ਾਮਲ ਸਨ। ਸਦਨ ਨੇ ਮਤੇ ਦੇ ?ਵਿਰੁੱਧ ਵੋਟਿੰਗ ਕੀਤੀ।

ਰਾਜ ਸਭਾ 'ਚ, 2024 'ਚ ਉਪ-ਰਾਸ਼ਟਰਪਤੀ ਅਤੇ ਚੇਅਰਮੈਨ ਜਗਦੀਪ ਧਨਖੜ ਨੂੰ ਹਟਾਉਣ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਹਨ। ਇਸੇ ਤਰ੍ਹਾਂ, 2020 'ਚ ਉਪ-ਚੇਅਰਮੈਨ ਹਰਿਵੰਸ਼ ਨਾਰਾਇਣ ਸਿੰਘ ਨੂੰ ਹਟਾਉਣ ਦੇ ਨੋਟਿਸਾਂ 'ਤੇ ਬਹਿਸ ਨਹੀਂ ਹੋ ਸਕੀ। 'ਪ੍ਰਭਾਵੀ ਬਹੁਮਤ' ਦੀ ਲੋੜ, ਜਿਸ ਨੂੰ ਸਦਨ ਦੇ ਸਾਰੇ ਮੌਜੂਦਾ ਮੈਂਬਰਾਂ ਦੇ ਬਹੁਮਤ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਸਪੀਕਰ ਨੂੰ ਹਟਾਉਣ ਦੀ ਸੀਮਾ ਨਿਰਧਾਰਤ ਕਰਦੀ ਹੈ, ਜਿਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਇਕ ਮਹੱਤਵਪੂਰਨ ਆਮ ਸਹਿਮਤੀ ਜ਼ਰੂਰੀ ਹੈ। ਮਹਾਦੋਸ਼ ਬਹਿਸ ਦੌਰਾਨ, ਵਿਰੋਧੀ ਨੇਤਾਵਾਂ ਨੇ ਡਿਪਟੀ ਸਪੀਕਰ ਦਾ ਅਹੁਦਾ ਖਾਲੀ ਹੋਣ, ਦੋਸ਼ ਪੂਰਨ ਮਾਈਕ੍ਰੋਫੋਨ, ਵਿਰੋਧੀ ਮੈਂਬਰਾਂ ਲਈ ਸੀਮਤ ਬੋਲਣ ਦੇ ਅਧਿਕਾਰ ਅਤੇ ਸਮੂਹਿਕ ਮੁਅੱਤਲੀ ਬਾਰੇ ਚਿੰਤਾਵਾਂ ਉਜਾਗਰ ਕੀਤੀਆਂ। ਇਹ ਮੁੱਦੇ ਸੰਸਦੀ ਸੰਸਥਾਵਾਂ ਅਤੇ ਸਪੀਕਰ ਦੇ ਦਫ਼ਤਰ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ 'ਤੇ ਧਿਆਨ ਕੇਂਦਰਿਤ ਕਰਦੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਉਹ ਸੰਸਦੀ ਸੈਸ਼ਨਾਂ 'ਚ ਸ਼ਾਮਲ ਹੋਣ ਦੀ ਬਜਾਏ ਪਾਰਟੀ ਦੇ ਉਦੇਸ਼ਾਂ ਅਤੇ ਪ੍ਰਚਾਰ ਲਈ ਯਾਤਰਾ ਕਰਦੇ ਹਨ। ਸ਼ਾਹ ਨੇ ਕਿਹਾ, "ਉਨ੍ਹਾਂ ਨੇ ਰਾਸ਼ਟਰਪਤੀ ਦੇ ਭਾਸ਼ਣ, ਬਜਟ ਅਤੇ ਧਾਰਾ 370 'ਤੇ ਚਰਚਾ ਨੂੰ ਛੱਡ ਦਿੱਤਾ। ਪ੍ਰਮੁੱਖ ਸੰਸਦੀ ਸੈਸ਼ਨਾਂ ਦੌਰਾਨ, ਉਹ ਵਿਦੇਸ਼ ਯਾਤਰਾ ਕਰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਹੈ।" ਉਨ੍ਹਾਂ ਅੱਗੇ ਕਿਹਾ, "ਇਸ ਸਦਨ ਦੇ ਸਥਾਪਤ ਇਤਿਹਾਸ ਅਨੁਸਾਰ, ਇਸ ਦੀ ਕਾਰਵਾਈ ਆਪਸੀ ਵਿਸ਼ਵਾਸ ਦੇ ਆਧਾਰ 'ਤੇ ਚਲਦੀ ਹੈ। ਸਪੀਕਰ ਇਕ ਨਿਰਪੱਖ ਸਰਪ੍ਰਸਤ ਵਜੋਂ ਕੰਮ ਕਰਦਾ ਹੈ, ਜੋ ਸੱਤਾ ਪੱਖ ਅਤੇ ਵਿਰੋਧੀ ਧਿਰ ਦੋਵਾਂ ਦੀ ਨੁਮਾਇੰਦਗੀ ਕਰਦਾ ਹੈ। ਸੰਸਦੀ ਸਿਆਸਤ ਲਈ ਇਹ ਮੰਦਭਾਗਾ ਸੀ ਕਿ ਸਪੀਕਰ ਨੂੰ ਹਟਾਉਣ ਦਾ ਮਤਾ ਪੇਸ਼ ਕੀਤਾ ਗਿਆ।" ਸਪੀਕਰ ਦਾ ਅਧਿਕਾਰ ਉਨ੍ਹਾਂ ਦੀ ਨਿਰਪੱਖਤਾ ਦੇ ਮਹੱਤਵ ਅਤੇ ਮਹਾਦੋਸ਼ ਬਹਿਸ ਵਰਗੇ ਵਿਵਾਦਪੂਰਨ ਪਲਾਂ ਦੌਰਾਨ ਆਉਣ ਵਾਲੀਆਂ ਚੁਣੌਤੀਆਂ ਨੂੰ ਦਰਸਾਉਂਦਾ ਹੈ, ਜਿਸ ਨਾਲ ਦਰਸ਼ਕਾਂ ਨੂੰ ਸੰਸਦੀ ਸਥਿਰਤਾ ਲਈ ਇਸ ਅਹੁਦੇ ਦੇ ਮਹੱਤਵ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਮਹਾਦੋਸ਼ ਦੇ ਅੰਤ 'ਚ ਮੋਦੀ ਨੇ ਲੋਕ ਸਭਾ ਦੀ ਕਾਰਵਾਈ 'ਸਮਰਪਣ, ਧੀਰਜ ਅਤੇ ਨਿਰਪੱਖਤਾ' ਨਾਲ ਚਲਾਉਣ ਲਈ ਓਮ ਬਿਰਲਾ ਦੀ ਸ਼ਲਾਘਾ ਕੀਤੀ। ਹੁਣ ਜਦੋਂ ਕਿ ਸਦਨ ਨੇ ਮਹਾਦੋਸ਼ ਮਤਾ ਨੂੰ ਹਰਾ ਦਿੱਤਾ ਹੈ, ਭਾਵੇਂ ਲੋਕ ਸਭਾ ਭੰਗ ਹੋ ਜਾਵੇ, ਸਪੀਕਰ ਓਮ ਬਿਰਲਾ ਉਦੋਂ ਤੱਕ ਆਪਣੇ ਅਹੁਦੇ 'ਤੇ ਬਣੇ ਰਹਿਣਗੇ ਜਦੋਂ ਤੱਕ ਨਵੇਂ ਸਦਨ ਦੀ ਬੈਠਕ ਨਹੀਂ ਹੁੰਦੀ ਅਤੇ ਨਵਾਂ ਸਪੀਕਰ ਨਹੀਂ ਚੁਣ ਲਿਆ ਜਾਂਦਾ।

- ਕਲਿਆਣੀ ਸ਼ੰਕਰ

# ਪਾਕਿਸਤਾਨ ਆਖ਼ਰ ਕਿਉਂ ਬਣਿਆ ਤਾਲਿਬਾਨ ਦਾ ਦੁਸ਼ਮਣ?

- ਤਾਲਿਬਾਨ ਨੂੰ ਪਾਕਿਸਤਾਨ ਨੇ ਹੀ ਕੀਤਾ ਸੀ ਮਜ਼ਬੂਤ
- ਤਾਲਿਬਾਨ ਨੂੰ ਭਾਰਤ ਖ਼ਿਲਾਫ਼ ਵਰਤਣਾ ਚਾਹੁੰਦਾ ਸੀ ਪਾਕਿ

**ਨਵੀਂ ਦਿੱਲੀ, 17 ਮਰਚ (ਵਿਸ਼ੇਸ਼ ਪ੍ਰਤੀਨਿਧ) :** ਪਾਕਿਸਤਾਨ ਨੇ ਦਹਾਕਿਆਂ ਤੋਂ ਅਫ਼ਗਾਨਿਸਤਾਨ ਦੇ ਤਾਲਿਬਾਨ ਨਾਲ ਨੇੜਲੀ ਦੋਸਤੀ ਬਣਾਈ ਰੱਖੀ ਹੈ। ਇਹ ਪਾਕਿਸਤਾਨ ਹੀ ਸੀ, ਜਿਸ ਨੇ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਤਾਲਿਬਾਨ ਨੂੰ ਸਥਾਪਿਤ ਕਰਨ ਵਿੱਚ ਮਦਦ ਕੀਤੀ ਸੀ। ਇਸ ਪਿੱਛੇ ਉਦੇਸ਼ ਭਾਰਤ ਨਾਲ ਆਪਣੀ ਦੁਸ਼ਮਣੀ ਵਿੱਚ ਇੱਕ ਰਣਨੀਤਕ ਫਾਇਦਾ ਹਾਸਲ ਕਰਨਾ ਸੀ। ਪਾਕਿਸਤਾਨ ਇਸ ਕੋਸ਼ਿਸ਼ ਵਿੱਚ ਵੱਡੇ ਪੱਧਰ 'ਤੇ ਸਫਲ ਹੋਇਆ – ਸਭ ਤੋਂ ਵੱਡੀ ਮਿਸਾਲ 1999 ਵਿੱਚ ਕੰਧਾਰ ਜਾਣ ਵਾਲੇ ਜਹਾਜ਼ ਨੂੰ ਹਾਈਜੈਕ ਕਰਨਾ ਸੀ। ਹੁਣ ਭਾਵੇਂ ਅੱਜ, ਉਹੀ ਤਾਲਿਬਾਨ; ਪਾਕਿਸਤਾਨ ਦੇ ਸਭ ਤੋਂ ਵੱਡੇ ਵਿਰੋਧੀ ਵਜੋਂ ਉਭਰਿਆ ਹੈ, ਜਦੋਂ ਕਿ ਹੁਣ ਉਹ ਭਾਰਤ ਦਾ ਦੋਸਤ ਬਣ ਚੁੱਕਾ ਹੈ। ਇਸ ਵੇਲੇ ਪਾਕਿਸਤਾਨ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਗੜ੍ਹਾਂ 'ਤੇ ਹਮਲੇ ਕਰ ਰਿਹਾ ਹੈ, ਜਦੋਂ ਕਿ ਭਾਰਤ ਉਨ੍ਹਾਂ ਨਾਲ ਗੱਲਬਾਤ ਕਰ ਰਿਹਾ ਹੈ। ਇਸ ਦੇ ਮੱਦੇਨਜ਼ਰ, ਸਵਾਲ ਉੱਠਦਾ ਹੈ: ਪਾਕਿਸਤਾਨ ਦੀ ਰਣਨੀਤੀ ਅਸਲ ਵਿੱਚ ਕਿੱਥੇ ਗ਼ਲਤ ਹੋਈ?



ਪਾਕਿਸਤਾਨ ਕਿਵੇਂ ਬਣਿਆ ਅਫ਼ਗ਼ਾਨਿਸਤਾਨ ਦਾ ਦੁਸ਼ਮਣ?

9/11 ਦੇ ਹਮਲਿਆਂ ਤੋਂ ਬਾਅਦ, ਜਦੋਂ ਅਮਰੀਕਾ ਨੇ ਅਲ-ਕਾਇਦਾ ਦੇ ਸਰਗਨਾ ਓਸਾਮਾ ਬਿਨ ਲਾਦੇਨ ਦਾ ਪਿੱਛਾ ਕਰਨ ਲਈ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ, ਤਾਂ ਪਾਕਿਸਤਾਨ ਤਾਲਿਬਾਨ ਪ੍ਰਤੀ ਹਮਦਰਦੀ ਰੱਖਦਾ ਰਿਹਾ। ਇੱਕ ਪਾਸੇ, ਇਸ ਨੇ ÷ਅੱਤਵਾਦ ਵਿਰੁੱਧ ਜੰਗ÷ ਵਿੱਚ ਅਮਰੀਕਾ ਨਾਲ ਫੌਜਾਂ ਵਿੱਚ ਸ਼ਾਮਲ ਹੋ ਗਿਆ – ਇਸ ਪ੍ਰਕਿਰਿਆ ਵਿੱਚ ਕਾਫ਼ੀ ਵਿੱਤੀ ਇਨਾਮ ਪ੍ਰਾਪਤ ਕੀਤੇ – ਜਦੋਂ ਕਿ ਦੂਜੇ ਪਾਸੇ, ਇਸ ਨੇ ਤਾਲਿਬਾਨ ਦੇ ਲਗਭਗ ਸਾਰੇ ਸੀਨੀਅਰ ਲੀਡਰਸ਼ਿਪ ਨੂੰ ਪਨਾਹ ਪ੍ਰਦਾਨ ਕੀਤੀ। ਅਮਰੀਕਾ ਦੀ ਆਪਣੀ ਫੌਜੀ ਅਤੇ ਸਿਆਸੀ ਲੀਡਰਸ਼ਿਪ ਦੇ ਉੱਚ ਅਧਿਕਾਰੀਆਂ ਨੇ ਪ੍ਰਵਾਨ ਕੀਤਾ ਹੈ ਕਿ ਅਫਗਾਨਿਸਤਾਨ ਵਿੱਚ ਉਨ੍ਹਾਂ ਦੀ ਹਾਰ, ਵੱਡੇ ਪੱਧਰ 'ਤੇ, ਪਾਕਿਸਤਾਨ ਦੇ ਦੋਹਰੇ ਵਿਵਹਾਰ ਕਾਰਨ ਹੋਈ ਸੀ। ਨਤੀਜੇ ਵਜੋਂ, ਅਮਰੀਕਾ ਨੇ ਪਾਕਿਸਤਾਨ ਨਾਲ ਸਾਰੇ ਫੌਜੀ ਸੰਬੰਧ ਤੋੜ ਦਿੱਤੇ ਅਤੇ ਸਹਾਇਤਾ ਮੁਲਤਵੀ ਕਰ ਦਿੱਤੀ। ਫਿਰ ਵੀ, ਇਨ੍ਹਾਂ ਨਤੀਜਿਆਂ ਦੇ ਬਾਵਜੂਦ, ਪਾਕਿਸਤਾਨ ਅਫਗਾਨ ਤਾਲਿਬਾਨ ਦੇ ਸਰਪ੍ਰਸਤ ਵਜੋਂ ਕੰਮ ਕਰਦਾ ਰਿਹਾ।

2021 ਵਿੱਚ ਅਫਗਾਨਿਸਤਾਨ ਤੋਂ ਅਮਰੀਕੀ ਫੌਜਾਂ ਦੀ ਵਾਪਸੀ ਅਤੇ ਬਾਅਦ ਵਿੱਚ ਤਾਲਿਬਾਨ ਦੁਆਰਾ ਕਾਬੁਲ 'ਤੇ ਕਬਜ਼ਾ ਕਰਨ ਤੋਂ ਬਾਅਦ, ਇਹ ਪਾਕਿਸਤਾਨ ਹੀ ਸੀ, ਜਿਸ ਨੇ ਸਭ ਤੋਂ ਵੱਧ ਜ਼ੋਰ-ਸ਼ੋਰ ਨਾਲ ਜਸ਼ਨ ਮਨਾਇਆ। ਇਸ ਮੌਕੇ 'ਤੇ ਤਾਲਿਬਾਨ ਨਾਲ ਏਕਤਾ ਦਾ ਪ੍ਰਦਰਸ਼ਨ ਕਰਨ ਲਈ, ਪਾਕਿਸਤਾਨ ਦੀ ਖੁਫੀਆ ਏਜੰਸੀ, ਆਈਐਸਆਈ ਦੇ ਤਤਕਾਲੀ ਮੁਖੀ ਲੈਫਟੀਨੈਂਟ ਜਨਰਲ ਫੈਜ਼ ਹਮੀਦ ਨੇ ਨਿੱਜੀ ਤੌਰ 'ਤੇ ਕਾਬੁਲ ਦੀ ਯਾਤਰਾ ਕੀਤੀ। ਉਸ ਸਮੇਂ, ਪਾਕਿਸਤਾਨੀ ਸਰਕਾਰ ਅਤੇ ਇਸਦੇ ਮੀਡੀਆ ਉਪਕਰਣ ਨੇ ਉਤਸ਼ਾਹ ਨਾਲ ਇਸ ਬਿਰਤਾਂਤ ਨੂੰ ਵਜਾਇਆ ਕਿ ਤਾਲਿਬਾਨ ਦੇ ਕਾਬੁਲ 'ਤੇ ਕਬਜ਼ਾ ਕਰਨ ਨਾਲ ਅਫਗਾਨਿਸਤਾਨ ਵਿੱਚ ਭਾਰਤੀ ਨਿਵੇਸ਼ ਪ੍ਰਭਾਵਸ਼ਾਲੀ ਢੰਗ ਨਾਲ ਖਤਮ ਹੋ ਗਿਆ ਸੀ। ਇਸ ਨੂੰ ਨਵੀਂ ਦਿੱਲੀ ਲਈ ਇੱਕ ਵੱਡੀ ਰਣਨੀਤਕ ਹਾਰ ਵਜੋਂ ਦਰਸਾਇਆ ਗਿਆ ਸੀ। ਮੌਜੂਦਾ ਹਾਲਾਤ ਦੇ ਮੱਦੇਨਜ਼ਰ, ਭਾਰਤ ਨੇ ਵੀ ਕਾਬੁਲ ਵਿੱਚ ਆਪਣਾ ਦੂਤਾਵਾਸ ਅਤੇ ਹੋਰ ਅਫਗਾਨ ਸ਼ਹਿਰਾਂ ਵਿੱਚ ਸਥਿਤ ਆਪਣੇ ਕੌਂਸਲੇਟਾਂ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਸੀ; ਹਾਲਾਂਕਿ, ਤਾਲਿਬਾਨ ਨਾਲ ਸਬੰਧਾਂ ਵਿੱਚ ਸੁਧਾਰ ਹੋਣ 'ਤੇ ਬਾਅਦ ਵਿੱਚ ਇਹਨਾਂ ਕੂਟਨੀਤਕ ਮਿਸ਼ਨਾਂ ਨੂੰ ਦੁਬਾਰਾ ਖੋਲ੍ਹ ਦਿੱਤਾ ਗਿਆ।

ਸੋਮਵਾਰ ਰਾਤ ਨੂੰ, ਪਾਕਿਸਤਾਨ ਨੇ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਤੇ ਹਵਾਈ ਹਮਲਾ ਕੀਤਾ। ਅਫਗਾਨ ਤਾਲਿਬਾਨ ਨੇ ਕਿਹਾ ਕਿ ਇੱਕ ਨਸ਼ਾ ਛੁਡਾਊ ਕੇਂਦਰ 'ਤੇ ਪਾਕਿਸਤਾਨੀ ਹਮਲੇ ਵਿੱਚ ਘੱਟੋ-ਘੱਟ 400 ਵਿਅਕਤੀ ਮਾਰੇ ਗਏ ਅਤੇ 250 ਜ਼ਖਮੀ ਹੋਏ। ਹਾਲਾਂਕਿ, ਪਾਕਿਸਤਾਨ ਨੇ ਇਸ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਉਸ ਨੇ ÷ਅੱਤਵਾਦੀਆਂ ਦਾ ਸਮਰਥਨ ਕਰਨ ਵਾਲੇ ਫੌਜੀ ਠਿਕਾਣਿਆਂ ਅਤੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਹੈ।÷ ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਇਨ੍ਹਾਂ ਦੋਵਾਂ ਮੁਸਲਿਮ ਗੁਆਂਢੀਆਂ ਵਿਚਕਾਰ ਵਧਦਾ ਤਣਾਅ 'ਖੁੱਲ੍ਹੀ ਜੰਗ' ਵਰਗੀ ਹਾਲਤ ਵਿੱਚ ਪੁੱਜ ਗਿਆ ਹੈ। 22 ਫਰਵਰੀ ਨੂੰ, ਪਾਕਿਸਤਾਨ ਨੇ ਅਫ਼ਗਾਨਿਸਤਾਨ 'ਚ ਬਾਗ਼ੀ ਸਮੂਹਾਂ ਨਾਲ ਸਬੰਧਤ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ। ਉਸੇ ਮਹੀਨੇ ਬਾਅਦ ਵਿੱਚ, ਪਾਕਿਸਤਾਨ ਨੇ ਕਈ ਪ੍ਰਮੁੱਖ ਅਫ਼ਗਾਨ ਸ਼ਹਿਰਾਂ 'ਤੇ ਹਵਾਈ ਹਮਲੇ ਕੀਤੇ। ਇਨ੍ਹਾਂ ਹਵਾਈ ਅਤੇ ਜ਼ਮੀਨੀ ਹਮਲਿਆਂ ਨੇ ਸਰਹੱਦ ਦੇ ਕਈ ਸੈਕਟਰਾਂ ਵਿੱਚ ਤਾਲਿਬਾਨ ਫੌਜੀ ਚੌਕੀਆਂ, ਹੈੱਡਕੁਆਰਟਰਜ਼ ਅਤੇ ਗੋਲਾ-ਬਾਰੂਦ ਡਿਪੂਆਂ ਨੂੰ ਨਿਸ਼ਾਨਾ ਬਣਾਇਆ। ਇਹ ਹਮਲੇ ਤਾਲਿਬਾਨ – ਜੋ ਵਰਤਮਾਨ ਵਿੱਚ ਅਫਗਾਨਿਸਤਾਨ ਨੂੰ ਕੰਟਰੋਲ ਕਰਦੇ ਹਨ – ਵੱਲੋਂ ਪਾਕਿਸਤਾਨੀ ਸਰਹੱਦੀ ਬਲਾਂ 'ਤੇ ਹਮਲਾ ਕਰਨ ਦੇ ਜਵਾਬ ਵਿੱਚ ਕੀਤੇ ਗਏ ਸਨ। ਇਸ ਤੋਂ ਪਹਿਲਾਂ, ਅਕਤੂਬਰ ਵਿੱਚ, ਦੋਵੇਂ ਦੇਸ਼ਾਂ ਵਿਚਕਾਰ ਸਰਹੱਦੀ ਝੜਪਾਂ ਵਿੱਚ ਦਰਜਨਾਂ ਫ਼ੌਜੀ ਜਵਾਨ ਮਾਰੇ ਗਏ ਸਨ; ਤੁਰਕੀ, ਕਤਰ ਅਤੇ ਸਾਊਦੀ ਅਰਬ ਵੱਲੋਂ ਵਿਚੋਲਗੀ ਦੇ ਯਤਨਾਂ ਤੋਂ ਬਾਅਦ ਜੰਗਬੰਦੀ ਖ਼ਤਮ ਹੋ ਗਈ, ਜਿਸ ਨਾਲ ਇੱਕ ਨਾਜ਼ੁਕ ਜੰਗਬੰਦੀ ਲਾਗੂ ਹੋਈ। 2021 ਵਿੱਚ ਤਾਲਿਬਾਨ ਦੀ ਸੱਤਾ ਵਿੱਚ ਵਾਪਸੀ ਤੋਂ ਬਾਅਦ, ਪਾਕਿਸਤਾਨ ਵਿੱਚ ਅੱਤਵਾਦੀ ਹਮਲਿਆਂ ਵਿੱਚ ਅਚਾਨਕ ਵਾਧਾ ਹੋਇਆ। ਇਹ ਵਾਧਾ ਸਮੇਂ ਦੇ ਨਾਲ ਤੇਜ਼ ਹੁੰਦਾ ਗਿਆ ਹੈ। ਪਾਕਿਸਤਾਨ ਦਾ ਦੋਸ਼ ਹੈ ਕਿ ਕੱਟੜ-ਪੰਥੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਦੀ ਲੀਡਰਸ਼ਿਪ ਅਤੇ ਕਈ ਲੜਾਕੇ ਅਫ਼ਗਾਨਿਸਤਾਨ ਵਿੱਚ ਮੌਜੂਦ ਹਨ, ਜਿੱਥੇ ਉਹ ਹਮਲਿਆਂ ਦੀ ਸਾਜ਼ਿਸ਼ ਰਚ ਰਹੇ ਹਨ। ਇਹ ਅੱਗੇ ਦੋਸ਼ ਲਗਾਉਂਦਾ ਹੈ ਕਿ ਬਲੋਚਿਸਤਾਨ ਦੀ ਆਜ਼ਾਦੀ ਦੀ ਮੰਗ ਕਰਨ ਵਾਲੇ ਹਥਿਆਰਬੰਦ ਬਾਗ਼ੀ ਅਫ਼ਗਾਨਿਸਤਾਨ ਨੂੰ ਵੀ ਇੱਕ ਸੁਰੱਖਿਅਤ ਪਨਾਹਗਾਹ ਵਜੋਂ ਵਰਤਦੇ ਹਨ। ਇੱਕ ਗਲੋਬਲ ਨਿਗਰਾਨੀ ਸੰਗਠਨ, 'ਆਰਮਡ ਕਨਫਲਿਕਟ ਲੋਕੇਸ਼ਨ ਐਂਡ ਇਵੈਂਟ ਡੇਟਾ' ਪ੍ਰੋਜੈਕਟ ਅਨੁਸਾਰ, 2022 ਤੋਂ ਪਾਕਿਸਤਾਨ ਵਿੱਚ ਹਰ ਸਾਲ ਅੱਤਵਾਦ ਵਧਿਆ ਹੈ, ਜਿਸ ਦੇ ਨਾਲ ਟੀਟੀਪੀ ਅਤੇ ਬਲੋਚ ਬਾਗੀਆਂ ਵੱਲੋਂ ਕੀਤੇ ਗਏ ਹਮਲਿਆਂ ਵਿੱਚ ਵਾਧਾ ਹੋਇਆ ਹੈ। ਆਪਣੇ ਹਿੱਸੇ ਲਈ, ਕਾਬੁਲ ਨੇ ਵਾਰ-ਵਾਰ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਕਿ ਉਸ ਨੇ ਅੱਤਵਾਦੀਆਂ ਨੂੰ ਪਾਕਿਸਤਾਨ ਵਿਰੁੱਧ ਹਮਲੇ ਕਰਨ ਲਈ ਅਫ਼ਗਾਨਿਸਤਾਨ ਦੀ ਧਰਤੀ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਹੈ। ਇਸ ਦੌਰਾਨ, ਅਫਗਾਨ ਤਾਲਿਬਾਨ ਦਾ ਦਾਅਵਾ ਹੈ ਕਿ ਪਾਕਿਸਤਾਨ ਆਪਣੇ ਦੁਸ਼ਮਣ, ਇਸਲਾਮਿਕ ਸਟੇਟ ਨਾਲ ਸਬੰਧਤ ਲੜਾਕਿਆਂ ਨੂੰ ਪਨਾਹ ਦਿੰਦਾ ਹੈ।

# ਕੌਮਾਂਤਰੀ ਇਸਤਰੀ ਦਿਵਸ ਮੌਕੇ ਪ੍ਰਾਪਤੀਆਂ ਲਈ ਔਰਤਾਂ ਦਾ ਸਨਮਾਨ ਕੀਤਾ ਗਿਆ



**ਸੈਕਰਾਮੈਂਟੋ, ਕੈਲੀਫੋਰਨੀਆ, 18 ਮਾਰਚ (ਹੁਸਨ ਲੜੋਆ ਬੰਗਾ)** – ਐਸੋਸੀਏਸ਼ਨ ਆਫ ਇੰਡੋ ਅਮੈਰੀਕਨਜ ਨੇ ਕੌਂਸਲੇਟ ਜਨਰਲ ਆਫ ਇੰਡੀਆ ਸਨਫਰਾਂਸਿਸਕੋ ਦੇ ਸਹਿਯੋਗ ਨਾਲ 'ਨਾਰੀ 2026– ਕੌਮਾਂਤਰੀ ਇਸਤਰੀ ਦਿਵਸ' ਮਨਾਇਆ ਜਿਸ ਦੌਰਾਨ ਵੱਖ ਵੱਖ ਖੇਤਰਾਂ ਵਿਚ ਪ੍ਰਾਪਤੀਆਂ ਲਈ 48 ਔਰਤਾਂ ਦਾ ਸਨਮਾਨ ਕੀਤਾ ਗਿਆ।

ਇਸ ਦੇ ਨਾਲ ਹੀ ਤਿੰਨ ਅਹਿਮ ਸਖਸ਼ੀਅਤਾਂ ਕੈਲੀਫੋਰਨੀਆ ਦੇ ਲੈਫਟੀਨੈਂਟ ਗਵਰਨਰ ਐਲੇਨੀ ਕੋਨਾਲਾਕਿਸ, ਸਾਬਕਾ ਯੂ ਐਸ ਅੰਬੈਸਡਰ ਸ਼ੇਫਾਲੀ ਰਾਜ਼ਦਾਨ ਦੁੱਗਲ ਤੇ ਸਮਾਜ ਸੇਵੀ ਨੀਰੂ ਖੋਸਲਾ ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਲੈਫਟੀਨੈਂਟ ਗਵਰਨਰ ਕੋਨਾਲਾਕਿਸ ਨੇ ਕਿਹਾ ਕਿ ਇਸ ਕਿਸਮ ਦੇ ਇਕੱਠ ਸਮਾਜਕ ਰਿਸ਼ਤਿਆਂ ਵਿਚ ਇਕ ਨਵੀਂ ਰੂਹ ਫੂਕਦੇ ਹਨ ਜਿਸ ਨਾਲ ਆਪਸੀ ਪਿਆਰ ਤੇ ਮਿਲਵਰਤਨ ਦੇ ਨਵੇਂ ਰਾਹ ਖੁਲਦੇ ਹਨ।



ਲੋਕ ਸੇਵਾ, ਤਕਨੀਕ, ਸਿਹਤ ਸੰਭਾਲ, ਉਦਮਤਾ, ਸਿੱਖਿਆ ਤੇ ਸਮਾਜਿਕ ਅਗਵਾਈ ਦੇ ਖੇਤਰ ਵਿੱਚ ਜਿਨਾਂ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦਿੱਤੀ ਤੇ ਸਨਮਾਨਿਤ ਕੀਤਾ ਗਿਆ ਉਨਾਂ ਵਿਚ ਪ੍ਰਾਥਿਮਾ ਰੈਡੀ ਕੋਪੁਲਾ, ਕੈਥਰੀਨ ਸਟੇਫਾਨੀ, ਪੈਨੀ ਕੋਲਟਰ, ਕ੍ਰਿਸਟਾਈਨ ਪੇਲੋਸੀ, ਰੰਗਾਨਾਥਨ, ਸੋਨਿਤਾ ਲੋਨਟੋਹ, ਲਿਲੀ ਮੀ, ਸ਼ੈਰੀ ਹੂ, ਅਨੀਤਾ ਮਨਵਾਨੀ, ਨੋਰੀਨ ਕਿੰਗ, ਹਨਾਹ ਕੈਨ, ਮਮਤਾ ਭੰਡਾਰੀ. ਡਾ ਨੀਲਿਮਾ ਰਾਘਵਨ ਤੇ ਹੋਰ ਸ਼ਾਮਿਲ ਹਨ।

ਗੀਤਾ ਰਾਮਾਕ੍ਰਿਸ਼ਨਨ ਮੈਮੋਰਲੀਅਲ ਐਵਾਰਡ ਸ਼ ?ਰੀਮਾ ਰੰਗਾਨਾਥਨ ਨੂੰ ਦਿੱਤਾ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਇਸਤਰੀ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਤੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

# ਨਿਊ ਮੈਕਸੀਕੋ ਦੇ ਹੋਲੋਮੈਨ ਹਵਾਈ ਅੱਡੇ 'ਤੇ ਗੋਲੀਬਾਰੀ, ਇਕ ਮੌਤ ਤੇ ਇਕ ਜ਼ਖ਼ਮੀ

**ਅਲਾਮੋਗੋਰਡੋ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਮੰਗਲਵਾਰ ਸ਼ਾਮ ਨੂੰ ਹੋਲੋਮੈਨ ਹਵਾਈ ਫ਼ੌਜ ਅੱਡੇ 'ਤੇ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਇੱਕ ਹੋਰ ਜ਼ਖ਼ਮੀ ਹੋਇਆ। ਫ਼ੌਜੀ ਅਧਿਕਾਰੀਆਂ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਥਿਤੀ 'ਤੇ ਤੁਰੰਤ ਕਾਬੂ ਪਾ ਲਿਆ ਗਿਆ। ਅੱਡੇ ਵੱਲੋਂ ਜਾਰੀ ਬਿਆਨ ਅਨੁਸਾਰ, ਸ਼ੱਕੀ ਹਮਲਾਵਰ ਦੀ ਮੌਜੂਦਗੀ ਬਾਰੇ ਸੂਚਨਾ ਮਿਲਣ ਤੋਂ ਬਾਅਦ ਸ਼ਾਮ ਕਰੀਬ ਸਾਢੇ ਪੰਜ ਵਜੇ ਪੂਰੇ ਕੰਪਲੈਕਸ ਨੂੰ ਤੁਰੰਤ ਲੌਕਡਾਊਨ ਕਰ ਦਿੱਤਾ ਗਿਆ ਸੀ।




ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕੀਤਾ ਗਿਆ ਅਤੇ ਐਮਰਜੈਂਸੀ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ। ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਜਾਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਘਟਨਾ ਦੇ ਹਾਲਾਤਾਂ ਦੀ ਪੂਰੀ ਤਰ੍ਹਾਂ ਸਮੀਖਿਆ ਕੀਤੀ ਜਾ ਰਹੀ ਹੈ।

ਹਾਲਾਂਕਿ, ਇਸ ਵੇਲੇ ਤੱਕ ਮ੍ਰਿਤਕ ਅਤੇ ਜ਼ਖ਼ਮੀ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ। ਸੁਰੱਖਿਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਡਾ ਹੁਣ ਪੂਰੀ ਤਰ੍ਹਾਂ ਸੁਰੱਖਿਅਤ ਹੈ ਅਤੇ ਆਮ ਕਾਰਜਕਲਾਪ ਮੁੜ ਸ਼ੁਰੂ ਕਰ ਦਿੱਤੇ ਗਏ ਹਨ। ਬਿਆਨ ਵਿੱਚ ਇਹ ਵੀ ਕਿਹਾ ਗਿਆ, "ਐਮਰਜੈਂਸੀ ਕਰਮਚਾਰੀ ਸਥਿਤੀ ਨਾਲ ਨਜਿੱਠ ਰਹੇ ਹਨ ਅਤੇ ਫਿਲਹਾਲ ਕੋਈ ਖ਼ਤਰਾ ਨਹੀਂ ਹੈ।"ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਧਿਕਾਰਿਕ ਜਾਣਕਾਰੀ 'ਤੇ ਹੀ ਭਰੋਸਾ ਕਰਨ ਅਤੇ ਅਫਵਾਹਾਂ ਤੋਂ ਬਚਣ। ਇਸ ਘਟਨਾ ਨੇ ਫਿਰ ਤੋਂ ਫ਼ੌਜੀ ਅੱਡਿਆਂ ਦੀ ਸੁਰੱਖਿਆ ਬਾਰੇ ਚਰਚਾ ਛੇੜ ਦਿੱਤੀ ਹੈ, ਜਦਕਿ ਜਾਂਚ ਜਾਰੀ ਹੈ।

# ਚੰਡੀਗੜ੍ਹ ਏਅਰਪੋਰਟ ਨੂੰ ਮਿਲ ਸਕਦਾ ਹੈ 'ਪੁਆਇੰਟ ਆਫ਼ ਕਾੱਲ' ਦਰਜਾ

**ਨਵੀਂ ਦਿੱਲੀ, 17 ਮਰਚ (ਵਿਸ਼ੇਸ਼ ਪ੍ਰਤੀਨਿਧ) :** ਸੰਸਦ ਮੈਂਬਰ (ਰਾਜ ਸਭਾ) ਸਤਨਾਮ ਸਿੰਘ ਸੰਧੂ ਨੇ ਸੰਸਦ ਵਿੱਚ ਇਹ ਮੁੱਦਾ ਉਠਾਇਆ ਕਿ 'ਪੁਆਇੰਟ ਆਫ਼ ਕਾਲ' ਦੀ ਅਣਹੋਂਦ ਕਾਰਨ ਦਿੱਲੀ ਤੋਂ ਇੰਟਰਨੈਸ਼ਨਲ ਫ਼ਲਾਈਟ ਫੜਨ ਲਈ ਪੰਜਾਬੀਆਂ ਦੇ 11 ਤੋਂ 12 ਘੰਟੇ ਅਜਾਈਂ ਚਲੇ ਜਾਂਦੇ ਹਨ। ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਲਈ ਨਾਮਕਰਨ ਜਿੱਥੋਂ ਸਿਰਫ਼ ਦੋ ਅੰਤਰਰਾਸ਼ਟਰੀ ਉਡਾਣਾਂ ਅਬੂ ਧਾਬੀ ਅਤੇ ਦੁਬਈ ਲਈ ਚਲਾਈਆਂ ਜਾਂਦੀਆਂ ਹਨ। ਚੱਲ ਰਹੇ ਬਜਟ ਸੈਸ਼ਨ ਦੌਰਾਨ ਰਾਜ ਸਭਾ ਵਿੱਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ, ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨੇ ਕਿਹਾ ਕਿ ਸਰਕਾਰ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ 'ਪੁਆਇੰਟ ਆਫ਼ ਕਾਲ' ਵਜੋਂ ਮਨੋਨੀਤ ਕਰਨ ਲਈ ਇੱਥੋਂ ਦੇ ਟ੍ਰੈਫਿਕ ਦੀ ਜਾਂਚ ਕਰੇਗੀ ਜੋ ਕਿ ਅੰਤਰਰਾਸ਼ਟਰੀ ਏਅਰਲਾਈਨਜ਼ ਲਈ ਇੱਕ ਖਾਸ ਹਵਾਈ ਅੱਡੇ ਤੋਂ ਗਲੋਬਲ ਮੰਜ਼ਿਲਾਂ ਤੱਕ ਸੰਚਾਲਨ ਲਈ ਇੱਕ ਪਹਿਲੀ ਸ਼ਰਤ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹਵਾਈ ਅੱਡਿਆਂ ਨੂੰ ਅੰਤਰਰਾਸ਼ਟਰੀ ਉਡਾਣਾਂ ਲਈ 'ਪੁਆਇੰਟ ਆਫ਼ ਕਾਲ' ਵਜੋਂ ਮਨੋਨੀਤ ਕਰਦੇ ਹੋਏ, ਕੇਂਦਰ ਸਰਕਾਰ ਭਾਰਤੀ ਕੈਰੀਅਰਾਂ ਨੂੰ ਅੰਤਰਰਾਸ਼ਟਰੀ ਯਾਤਰੀ ਆਵਾਜਾਈ ਦਾ ਲਾਹਾ ਲੈਣ ਅਤੇ ਭਾਰਤ ਦੇ ਮਹਾਨਗਰਾਂ ਦੇ ਹਵਾਈ ਅੱਡਿਆਂ ਨੂੰ ਅੰਤਰਰਾਸ਼ਟਰੀ ਹਵਾਬਾਜ਼ੀ ਹੱਬ ਬਣਾਉਣ ਲਈ ਉਤਸ਼ਾਹਿਤ ਕਰ ਰਹੀ ਹੈ। ਇੱਕ ਹਵਾਈ ਅੱਡੇ ਦਾ ਜੇ 'ਪੁਆਇੰਟ ਆੱਫ਼ ਕਾੱਲ' ਦਰਜਾ ਹੁੰਦਾ ਹੈ, ਤਾਂ ਉਥੇ ਇੱਕ ਸਮਝੌਤੇ ਤਹਿਤ ਇੰਟਰਨੈਸ਼ਨਲ ਏਅਰਲਾਈਨਜ਼ ਨੂੰ ਆਪਣੀਆਂ ਉਡਾਣਾ ਲਗਾਤਾਰ ਦੇਣੀਆਂ ਪੈਂਦੀਆਂ ਹਨ।




ਰਾਜ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਇਹ ਮੁੱਦਾ ਉਠਾਉਂਦੇ ਹੋਏ, ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਕਿਹਾ, "ਪੰਜਾਬ ਤੋਂ ਦਿੱਲੀ ਦੀ ਯਾਤਰਾ ਵਿੱਚ ਸੱਤ ਤੋਂ ਅੱਠ ਘੰਟੇ ਲੱਗਦੇ ਹਨ, ਜਿਸ ਤੋਂ ਬਾਅਦ ਰਵਾਨਗੀ ਤੋਂ ਤਿੰਨ ਘੰਟੇ ਪਹਿਲਾਂ ਹਵਾਈ ਅੱਡੇ 'ਤੇ ਪਹੁੰਚਣ ਦੀ ਜ਼ਰੂਰਤ ਹੁੰਦੀ ਹੈ। ਨਤੀਜੇ ਵਜੋਂ, ਪੰਜਾਬੀ 11 ਤੋਂ 12 ਘੰਟਿਆਂ ਦੀ ਕੁੱਲ ਉਡੀਕ ਤੋਂ ਬਾਅਦ ਹੀ ਆਪਣੀਆਂ ਅੰਤਰਰਾਸ਼ਟਰੀ ਉਡਾਣਾਂ ਫੜਦੇ ਹਨ। ਚੰਡੀਗੜ੍ਹ ਤੋਂ ਵਾਧੂ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਦੀ ਮੰਗ ਕਰਦਿਆਂ ਐਮਪੀ ਸੰਧੂ ਨੇ ਕਿਹਾ ਕਿ ਚੰਡੀਗੜ੍ਹ ਹਵਾਈ ਅੱਡਾ ਇਸ ਵੇਲੇ ਆਪਣੀ ਸਮਰੱਥਾ ਦੇ ਸਿਰਫ਼ 60% 'ਤੇ ਕੰਮ ਕਰ ਰਿਹਾ ਹੈ ਕਿਉਂਕਿ ਇਸਨੂੰ 'ਪੁਆਇੰਟ ਆਫ਼ ਕਾਲ' ਸੂਚੀ ਤੋਂ ਬਾਹਰ ਰੱਖਿਆ ਗਿਆ ਹੈ। ਇਸੇ ਲਈ ਅੰਤਰਰਾਸ਼ਟਰੀ ਉਡਾਣਾਂ ਉੱਥੇ ਨਹੀਂ ਉਤਰਦੀਆਂ। ਐਮਪੀ ਸੰਧੂ ਦੇ ਸਵਾਲ ਦੇ ਜਵਾਬ ਵਿੱਚ, ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨੇ ਕਿਹਾ, ਵੱਖ-ਵੱਖ ਰਾਜਾਂ ਦੇ ਕਈ ਹਵਾਈ ਅੱਡੇ ਆਪਣੀ ਅੰਤਰਰਾਸ਼ਟਰੀ ਸੰਪਰਕ ਨੂੰ ਵਧਾਉਣ ਲਈ 'ਪੁਆਇੰਟ ਆਫ਼ ਕਾਲ' ਦਰਜੇ ਦੀ ਬੇਨਤੀ ਕਰ ਰਹੇ ਹਨ। ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡੇ ਕੋਲ ਪਹਿਲਾਂ ਹੀ ਅਬੂ ਧਾਬੀ ਅਤੇ ਦੁਬਈ ਨਾਲ ਸੰਪਰਕ ਹੈ। ਇਸ ਲਈ, 'ਪੁਆਇੰਟ ਆਫ਼ ਕਾਲ' ਦਾ ਮਨੋਨੀਤਕਰਨ ਮੁੱਖ ਤੌਰ 'ਤੇ ਉਦੋਂ ਇੱਕ ਲੋੜ ਬਣ ਜਾਂਦਾ ਹੈ ਜਦੋਂ ਵਿਦੇਸ਼ੀ ਕੈਰੀਅਰ ਸਾਡੇ ਖਾਸ ਹਵਾਈ ਅੱਡਿਆਂ ਲਈ ਉਡਾਣਾਂ ਚਲਾਉਣ ਦਾ ਇਰਾਦਾ ਰੱਖਦੇ ਹਨ। ਜੇ ਭਾਰਤ ਦੀਆਂ ਘਰੇਲੂ ਏਅਰਲਾਈਨਾਂ ਦੁਵੱਲੇ ਹਵਾਈ ਸੇਵਾਵਾਂ ਸਮਝੌਤਿਆਂ ਦੇ ਢਾਂਚੇ ਦੇ ਤਹਿਤ ਦੁਨੀਆ ਭਰ ਵਿੱਚ ਕਿਸੇ ਵੀ ਮੰਜ਼ਿਲ ਲਈ ਉਡਾਣ ਭਰਨਾ ਚਾਹੁੰਦੀਆਂ ਹਨ, ਤਾਂ ਉਹ ਸਾਡੇ ਕਿਸੇ ਵੀ ਹਵਾਈ ਅੱਡੇ ਤੋਂ ਸੰਚਾਲਨ ਕਰਨ ਦੀ ਆਜ਼ਾਦੀ ਰੱਖਦੇ ਹਨ ਬਸ਼ਰਤੇ ਹਵਾਈ ਅੱਡੇ ਨੂੰ ਚੰਡੀਗੜ੍ਹ ਹਵਾਈ ਅੱਡੇ ਵਾਂਗ ਅੰਤਰਰਾਸ਼ਟਰੀ ਹਵਾਈ ਅੱਡੇ ਵਜੋਂ ਮਨੋਨੀਤ ਕੀਤਾ ਗਿਆ ਹੋਵੇ।

# ਇੰਗਲੈਂਡ 'ਚ ਪੰਜਾਬੀ ਰੈਸਟੋਰੈਂਟ ਮਾਲਕ ਗ੍ਰਿਫ਼ਤਾਰ

## ਕੱਟੜਪੰਥੀਆਂ ਦੇ ਨਿਸ਼ਾਨੇ 'ਤੇ ਰਹੇ ਹਨ ਹਰਮਨ ਸਿੰਘ ਕਪੂਰ

**ਲੰਡਨ (ਯੂਕੇ), 17 ਮਰਚ (ਵਿਸ਼ੇਸ਼ ਪ੍ਰਤੀਨਿਧ) :** ਭਾਰਤੀ ਮੂਲ ਦੇ ਸਿੱਖ ਰੈਸਟੋਰੈਂਟ ਮਾਲਕ, ਹਰਮਨ ਸਿੰਘ ਕਪੂਰ ਨੂੰ ਇੰਗਲੈਂਡ 'ਚ ਆਤਮ-ਰੱਖਿਆ ਬਾਰੇ ਬੋਲਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਕਪੂਰ ਨੂੰ ਯੂਕੇ ਵਿੱਚ ਉਨ੍ਹਾਂ ਦੇ ਇੱਕ ਸਾਲ ਪਹਿਲਾਂ ਖੋਲ੍ਹੇ ਰੈਸਟੋਰੈਂਟ- ਰੰਗਰੇਜ਼ ਤੋਂ ਗ੍ਰਿਫਤਾਰ ਕੀਤਾ ਗਿਆ। ਘੰਟਿਆਂ ਬਾਅਦ, ਉਨ੍ਹਾਂ ਨੇ 'ਤੇ ਕਈ ਪੋਸਟਾਂ ਦੇ ਜਵਾਬ ਵਿੱਚ ਐਲਾਨ ਕੀਤਾ ਕਿ ਉਹ ਵਾਪਸ ਆ ਗਏ ਹਨ। ਫਰਵਰੀ 2026 ਦੇ ਆਖਰੀ ਹਫ਼ਤੇ, ਹਰਮਨ ਸਿੰਘ ਕਪੂਰ ਨੇ ਐਲਾਨ ਕੀਤਾ ਸੀ ਕਿ ਉਹ ਆਪਣਾ ਰੈਸਟੋਰੈਂਟ ਛੇਤੀ ਹੀ ਬੰਦ ਕਰ ਦੇਣਗੇ। ਪਰ ਬੀਤੇ ਦਿਨੀਂ ਉਨ੍ਹਾਂ ਕਿਹਾ ਕਿ ਰੈਸਟੋਰੈਂਟ ਹੁਣ ਬੰਦ ਨਹੀਂ ਹੋਵੇਗਾ ਕਿਉਂਕਿ ਉਨ੍ਹਾਂ ਨੂੰ ਸਥਾਨਕ ਲੋਕਾਂ ਤੋਂ ਬਹੁਤ ਸਮਰਥਨ ਮਿਲ ਰਿਹਾ ਹੈ। ਉਹ ਲਗਾਤਾਰ ਇਸਲਾਮਿਕ ਕੱਟੜਪੰਥੀਆਂ ਅਤੇ ਖਾਲਿਸਤਾਨੀ ਗਰਮ-ਖ਼ਿਆਲੀਆਂ ਦੇ ਨਿਸ਼ਾਨੇ 'ਤੇ ਰਹੇ ਹਨ। ਉਨ੍ਹਾਂ ਦਾ ਰੈਸਟੋਰੈਂਟ ਉਨ੍ਹਾਂ ਦੁਰਲੱਭ ਰੈਸਟੋਰੈਂਟਾਂ ਵਿੱਚੋਂ ਇੱਕ ਹੈ ਜੋ ਮਾਣ ਨਾਲ ਦਰਸਾਉਂਦਾ ਹੈ ਕਿ ਉਹ ਹਲਾਲ ਮੀਟ ਨਹੀਂ ਪਰੋਸਦੇ।



ਕਪੂਰ ਨੇ ਆਪਣੇ ਰੈਸਟੋਰੈਂਟ ਵਿੱਚ ਹਲਾਲ ਮੀਟ ਪਰੋਸਣ ਤੋਂ ਇਨਕਾਰ ਕਰ ਦਿੱਤਾ ਸੀ, ਨੇ ਇੱਕ ਵੀਡੀਓ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਯਕੀਨ ਨਹੀਂ ਸੀ ਕਿ ਆਪਣੇ ਰੈਸਟੋਰੈਂਟ ਵਿੱਚ ਹਲਾਲ ਮੀਟ ਨਾ ਪਰੋਸਣ ਕਾਰਣ ਹਮਲਾ ਕਰਨ ਵਾਲੇ ਇਸਲਾਮਿਕ ਕੱਟੜਪੰਥੀਆਂ ਤੋਂ ਬਚਾਉਣ ਲਈ ਇੰਗਲੈਂਡ ਦੀ ਮੈਟਰੋਪਾਲਿਟਨ ਪੁਲਿਸ ਉਨ੍ਹਾਂ ਦੀ ਕੋਈ ਮਦਦ ਕਰੇਗੀ। ਵੀਡੀਓ ਵਿੱਚ, ਉਨ੍ਹਾਂ ਨੇ ਆਪਣੀ ਖ਼ੁਦ ਦੀ ਰੱਖਿਆ ਬਾਰੇ ਗੱਲ ਕਰਦੇ ਹੋਏ ਆਪਣੀ ਕਿਰਪਾਨ ਦਿਖਾਈ, ਜਿਸ ਕਾਰਨ ਕਥਿਤ ਤੌਰ 'ਤੇ ਉਨ੍ਹਾਂ ਦੀ ਗ੍ਰਿਫਤਾਰੀ ਹੋਈ, ਹਾਲਾਂਕਿ ਸਹੀ ਕਾਰਨ ਹਾਲੇ ਵੀ ਸਪੱਸ਼ਟ ਨਹੀਂ ਹੈ। ਸੋਸ਼ਲ ਮੀਡੀਆ ਦੇ ਜ਼ਿਆਦਾਤਰ ਯੂਜ਼ਰਜ਼ ਨੇ ਦਲੀਲ ਦਿੱਤੀ ਹੈ ਕਿ ਹਰਮਨ ਸਿੰਘ ਕਪੂਰ ਨੂੰ ਹਲਾਲ ਮਾਸ ਨਾ ਪਰੋਸਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦਾਅਵੇ ਦਾ ਹਰਮਨ ਹੁਰਾਂ ਨੇ ਖੰਡਨ ਨਹੀਂ ਕੀਤਾ। ਮੈਟਰੋਪਾਲਿਟਨ ਪੁਲਿਸ ਨੇ ਇਸ ਮਾਮਲੇ ਵਿੱਚ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। ਕਪੂਰ ਨੇ 'ਤੇ ਇੱਕ ਪੋਸਟ ਦਾ ਜਵਾਬ ਦਿੰਦਿਆਂ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਕਿਹਾ, ਮੈਂ ਸਿਰਫ਼ ਆਪਣੇ ਪਰਿਵਾਰ ਦੀ ਰੱਖਿਆ ਕਰਨ ਦੀ ਗੱਲ ਕੀਤੀ ਸੀ, ਫਿਰ ਵੀ ਮੈਨੂੰ ਹੀ ਗ੍ਰਿਫਤਾਰ ਕੀਤਾ ਗਿਆ ਸੀ। ਸਾਡੀ ਰੱਖਿਆ ਕਰਨ ਦੀ ਬਜਾਏ, ਪੁਲਿਸ ਨੇ ਮੇਰੇ ਧਰਮ, ਮੇਰੇ ਸਿੱਖ ਵਿਸ਼ਵਾਸ ਅਤੇ ਮੇਰੇ ਵਿਸ਼ਵਾਸਾਂ ਨੂੰ ਨਿਸ਼ਾਨਾ ਬਣਾਇਆ। ਇਹ ਬਹੁਤ ਪਰੇਸ਼ਾਨ ਕਰਨ ਵਾਲੀ ਗੱਲ ਹੈ।

ਕਪੂਰ ਨੇ ਵਾਰ-ਵਾਰ ਕਿਹਾ ਹੈ ਕਿ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ ਹੈ ਕਿ ਉਨ੍ਹਾਂ ਦਾ ਕਾਰੋਬਾਰ ਭਾਵੇਂ ਨਾਕਾਮ ਹੋ ਜਾਵੇ ਪਰ ਉਹ ਹਲਾਲ ਮਾਸ ਨਹੀਂ ਵੇਚਣਗੇ। ਉਨ੍ਹਾਂ ਖੁਲਾਸਾ ਕੀਤਾ ਕਿ ਪਹਿਲੇ ਦਿਨ ਤੋਂ ਹੀ ਇਸਲਾਮਵਾਦੀ ਉਨ੍ਹਾਂ ਨੂੰ ਹਲਾਲ ਮਾਸ ਨਾ ਪਰੋਸਣ ਲਈ ਮਾੜੀਆਂ ਸਮੀਖਿਆਵਾਂ ਦੇ ਰਹੇ ਹਨ। ਕਪੂਰ ਨੇ ਸੋਸ਼ਲ ਮੀਡੀਆ 'ਤੇ ਆਪਣੀ ਇੱਕ ਪੋਸਟ ਵਿੱਚ ਕਿਹਾ, ਮਾਣ ਨਾਲ, ਮੈਂ ਹਲਾਲ ਨਹੀਂ ਵੇਚਦਾ।

# ਅਮਰੀਕਾ-ਈਰਾਨ ਜੰਗ ਦਾ ਭਾਰਤ 'ਤੇ ਪ੍ਰਭਾਵ

ਦੁਨੀਆਂ ਇਕ ਨਵੀਂ ਜੰਗ ਦੀ ਲਪੇਟ 'ਚ ਹੈ ਜੋ ਨਾ ਸਿਰਫ ਮੱਧ ਪੂਰਬ ਨੂੰ ਹਿਲਾ ਰਹੀ ਹੈ, ਸਗੋਂ ਗਲੋਬਲ ਅਰਥਚਾਰੇ ਅਤੇ ਕੂਟਨੀਤੀ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। 28 ਫਰਵਰੀ 2026 ਨੂੰ ਸ਼ੁਰੂ ਹੋਏ ਅਮਰੀਕਾ ਅਤੇ ਇਜ਼ਰਾਈਲ ਦੇ ਈਰਾਨ 'ਤੇ ਹਵਾਈ ਹਮਲਿਆਂ ਨੇ ਇਸ ਸੰਘਰਸ਼ ਨੂੰ ਇਕ ਪੂਰਨ ਜੰਗ ਦਾ ਰੂਪ ਦੇ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ, ਬੈਲਿਸਟਿਕ ਮਿਜ਼ਾਈਲਾਂ ਅਤੇ ਸਮੁੰਦਰੀ ਫੌਜ ਨੂੰ ਨਸ਼ਟ ਕਰਨ ਦਾ ਐਲਾਨ ਕੀਤਾ ਹੈ, ਜਦਕਿ ਈਰਾਨ ਨੇ ਜਵਾਬੀ ਕਾਰਵਾਈ 'ਚ ਅਮਰੀਕੀ ਟਿਕਾਣਿਆਂ ਅਤੇ ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ ਹਨ। ਹੋਰਮੁਜ਼ ਜਲਡਮਰੂਮੱਧ ਨੂੰ ਬੰਦ ਕਰਨ ਨਾਲ ਤੇਲ ਦੀਆਂ ਕੀਮਤਾਂ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਈਆਂ ਹਨ, ਜੋ ਗਲੋਬਲ ਅਰਥਚਾਰੇ ਲਈ ਇਕ ਵੱਡਾ ਝਟਕਾ ਹੈ।




ਸਵਾਲ ਉੱਠਦਾ ਹੈ ਕਿ ਕੀ ਇਹ ਜੰਗ ?ਸਰਫ ਅਮਰੀਕਾ ਦੀ ਹੰਕਾਰੀ ਕੂਟਨੀਤੀ ਦਾ ਨਤੀਜਾ ਹੈ, ਜਿੱਥੇ ਉਹ ਗਲੋਬਲ ਪ੍ਰਭੂਤੱਵ ਸਥਾਪਤ ਕਰਨਾ ਚਾਹੁੰਦਾ ਹੈ ਅਤੇ ਤੇਲ ਤੇ ਖਣਿਜ ਬਾਜ਼ਾਰ 'ਤੇ ਕਬਜ਼ਾ ਜਮਾਉਣਾ ਚਾਹੁੰਦਾ ਹੈ? ਜਾਂ ਇਹ ਇਕ ਲੋੜੀਂਦਾ ਰੱਖਿਆਤਮਕ ਕਦਮ ਹੈ ਜੋ ਈਰਾਨ ਦੀਆਂ ਪ੍ਰਮਾਣੂ ਇੱਛਾਵਾਂ ਨੂੰ ਰੋਕਣ ਲਈ ਚੁੱਕਿਆ ਗਿਆ ਹੈ? ਇਕ ਸੁਤੰਤਰ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਇਹ ਜੰਗ ਅਮਰੀਕੀ ਕੂਟਨੀਤੀ ਦੀ ਅਸਫਲਤਾ ਦਾ ਪ੍ਰਤੀਕ ਹੈ, ਜਿੱਥੇ ਵਾਰਤਾ ਦੇ ਬਦਲ ਵਜੋਂ ਫ਼ੌਜੀ ਸ਼ਕਤੀ 'ਤੇ ਜ਼ੋਰ ਦਿੱਤਾ ਗਿਆ। ਟਰੰਪ ਪ੍ਰਸ਼ਾਸਨ ਨੇ ਈਰਾਨ 'ਤੇ ਵੱਧ ਤੋਂ ਵੱਧ ਦਬਾਅ ਦੀ ਨੀਤੀ ਅਪਣਾਈ, ਪਰ ਇਸ ਨਾਲ ਈਰਾਨ ਹੋਰ ਵੱਧ ਹਮਲਾਵਰ ਹੋ ਗਿਆ। ਰੱਖਿਆ ਮਾਹਿਰ ਜੋ ਕੋਸਟਾ ਦਾ ਕਹਿਣਾ ਹੈ ਕਿ ਇਹ ਜੰਗ ਅਮਰੀਕੀ ਫ਼ੌਜੀ ਤਿਆਰੀਆਂ ਨੂੰ ਕਮਜ਼ੋਰ ਕਰ ਰਹੀ ਹੈ, ਖਾਸ ਕਰਕੇ ਚੀਨ ਦੇ ਖ਼ ?ਲਾਫ਼। ਆਰਥਿਕ ਮਾਹਿਰਾਂ ਅਨੁਸਾਰ, ਇਹ ਤੇਲ ਬਾਜ਼ਾਰ 'ਤੇ ਕਬਜ਼ੇ ਦੀ ਲੜਾਈ ਹੈ, ਪਰ ਇਸ ਨਾਲ ਅਮਰੀਕਾ ਦੀ ਗਲੋਬਲ ਸਥਿਤੀ ਕਮਜ਼ੋਰ ਹੋ ਸਕਦੀ ਹੈ। ਭਾਰਤ, ਜੋ ਆਪਣੀ 90 ਫੀਸਦੀ ਤੋਂ ਵੱਧ ਕੱਚੇ ਤੇਲ ਦੀ ਜ਼ਰੂਰਤ ਦਰਾਮਦ ਤੋਂ ਪੂਰੀ ਕਰਦਾ ਹੈ, ਇਸ ਜੰਗ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸ਼ਾਂ 'ਚੋਂ ਇਕ ਹੈ। ਹੋਰਮੁਜ਼ ਜਲਡਮਰੂਮੱਧ ਦੇ ਬੰਦ ਹੋਣ ਨਾਲ ਤੇਲ ਦੀ ਸਪਲਾਈ ਪ੍ਰਭਾਵਿਤ ਹੋ ਗਈ ਹੈ, ਜਿਸ ਨਾਲ ਭਾਰਤ ਦਾ ਦਰਾਮਦ ਬਿੱਲ ਵਧ ਗਿਆ ਹੈ। ਟੀ. ਐੱਸ. ਲੋਮਬਾਰਡ ਦੀ ਅਰਥਸ਼ਾਸਤਰੀ ਸ਼ੁਮਿਤਾ ਦੇਵੇਸ਼ਵਰ ਕਹਿੰਦੀ ਹੈ ਕਿ ਲੰਬੇ ਸਮੇਂ ਤੱਕ ਚੱਲਣ ਵਾਲੀ ਜੰਗ ਭਾਰਤ ਦੀ ਰਸਦ ਲਾਗਤ ਨੂੰ ਪ੍ਰਭਾਵਿਤ ਕਰੇਗੀ। ਅਜਿਹੇ 'ਚ ਭਾਰਤ ਦਾ ਵਪਾਰ ਘਾਟਾ ਵੱਧ ਸਕਦਾ ਹੈ ਅਤੇ ਮਹਿੰਗਾਈ ਵਧਣ ਨਾਲ ਆਮ ਆਦਮੀ 'ਤੇ ਬੋਝ ਪਵੇਗਾ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਪਹਿਲਾਂ ਹੀ ਵਧੀਆਂ ਹੋਈਆਂ ਹਨ, ਜਿਸ ਨਾਲ ਆਵਾਜਾਈ ਅਤੇ ਖੇਤੀਬਾੜੀ ਖੇਤਰ ਪ੍ਰਭਾਵਿਤ ਹੋ ਰਹੇ ਹਨ।\ ਰਣਨੀਤਕ ਤੌਰ 'ਤੇ ਇਹ ਜੰਗ ਭਾਰਤ ਦੀ ਵਿਦੇਸ਼ ਨੀਤੀ ਨੂੰ ਗੁੰਝਲਦਾਰ ਬਣਾ ਰਹੀ ਹੈ। ਭਾਰਤ ਨੇ ਈਰਾਨ ਦੇ ਨਾਲ ਚਾਬਹਾਰ ਬੰਦਰਗਾਹ ਪ੍ਰਾਜੈਕਟ 'ਚ ਨਿਵੇਸ਼ ਕੀਤਾ ਹੈ, ਜੋ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪਹੁੰਚ ਪ੍ਰਦਾਨ ਕਰਦਾ ਹੈ ਪਰ ਜੰਗ ਕਾਰਨ ਇਹ ਪ੍ਰਾਜੈਕਟ ਖ਼ਤਰੇ 'ਚ ਆ ਗਿਆ ਹੈ। ਉੱਥੇ ਹੀ, ਭਾਰਤ-ਅਰਬ-ਇਜ਼ਰਾਈਲ-ਯੂਰਪ ਗਲਿਆਰਾ (ਆਈ. ਐੱਮ. ਈ. ਸੀ.) ਹੁਣ ਵੱਧ ਮਹੱਤਵਪੂਰਨ ਹੋ ਗਿਆ ਹੈ, ਕਿਉਂਕਿ ਈਰਾਨ ਦੀ ਅਸਥਿਰਤਾ ਕਾਰਨ ਚਾਬਹਾਰ ਦਾ ਬਦਲ ਸੀਮਤ ਹੋ ਗਿਆ ਹੈ। ਰੈਂਡ ਦੇ ਅਰਥਸ਼ਾਸਤਰੀ ਰਫੀਕ ਦੋਸਾਨੀ ਕਹਿੰਦੇ ਹਨ ਕਿ ਜੇਕਰ ਅਮਰੀਕਾ ਅਤੇ ਇਜ਼ਰਾਈਲ ਜਿੱਤਦੇ ਹਨ, ਤਾਂ ਆਈ. ਐੱਮ. ਈ. ਸੀ. ਇਜ਼ਰਾਈਲ ਦੀ ਤਰਜੀਹ ਬਣੇਗਾ। ਇਸ ਤੋਂ ਇਲਾਵਾ, ਮੱਧ ਪੂਰਬ 'ਚ ਰਹਿਣ ਵਾਲੇ ਲੱਖਾਂ ਪ੍ਰਵਾਸੀ ਭਾਰਤੀਆਂ ਦੀ ਸੁਰੱਖਿਆ ਵੀ ਖ਼ਤਰੇ 'ਚ ਪੈ ਗਈ ਹੈ। ਹਾਲ ਹੀ 'ਚ 'ਦਿ ਹਿੰਦੂ' ਦੇ ਇਕ ਸੰਪਾਦਕੀ 'ਚ ਕਿਹਾ ਗਿਆ ਹੈ ਕਿ ਇਹ ਜੰਗ ਭਾਰਤ 'ਤੇ ਉਮੀਦ ਤੋਂ ਵੱਧ ਪ੍ਰਭਾਵ ਪਾਏਗੀ।

ਭਾਰਤ ਨੂੰ ਅਮਰੀਕਾ ਦੇ ਨਾਲ ਨੇੜਲੇ ਸਬੰਧ ਬਣਾਈ ਰੱਖਦੇ ਹੋਏ ਈਰਾਨ ਨਾਲ ਸੰਤੁਲਨ ਬਣਾਉਣਾ ਹੋਵੇਗਾ, ਜੋ ਇਕ ਕੂਟਨੀਤਕ ਚੁਣੌਤੀ ਹੈ। ਇਹ ਜੰਗ ਅਮਰੀਕਾ ਦੀ ਗਲੋਬਲ ਸਥਿਤੀ ਨੂੰ ਦੋਧਾਰੀ ਤਲਵਾਰ ਵਾਂਗ ਪ੍ਰਭਾਵਿਤ ਕਰ ਰਹੀ ਹੈ। ਇਕ ਪਾਸੇ, ਅਮਰੀਕਾ ਨੇ ਈਰਾਨ ਦੀ ਸਮੁੰਦਰੀ ਫੌਜ ਅਤੇ ਮਿਜ਼ਾਈਲ ਸਮਰੱਥਾ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ, ਜੋ ਉਸ ਦੇ ਫ਼ੌਜੀ ਦਬਦਬੇ ਨੂੰ ਦਰਸਾਉਂਦਾ ਹੈ। ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਕਿਹਾ ਕਿ ਹਮਲਿਆਂ ਨੇ ਈਰਾਨ ਦੀ ਸਮੁੰਦਰੀ ਫੌਜ ਨੂੰ 'ਲੜਾਈ ਅਸਮਰੱਥ' ਬਣਾ ਦਿੱਤਾ ਹੈ ਪਰ ਲੰਬੇ ਸਮੇਂ 'ਚ, ਇਹ ਜੰਗ ਅਮਰੀਕੀ ਸਰੋਤਾਂ ਨੂੰ ਖਿੱਚ ਸਕਦੀ ਹੈ। ਚੈਥਮ ਹਾਊਸ ਦੇ ਮਾਹਿਰਾਂ ਅਨੁਸਾਰ, ਲੰਬੀ ਜੰਗ ਗਲੋਬਲ ਜੀ. ਡੀ. ਪੀ. 'ਤੇ ਸੀਮਤ ਪ੍ਰਭਾਵ ਪਾਏਗੀ, ਪਰ ਉੱਭਰ ਰਹੇ ਅਰਥਚਾਰਿਆਂ ਨੂੰ ਊਰਜਾ ਕੀਮਤਾਂ ਨਾਲ ਨੁਕਸਾਨ ਹੋਵੇਗਾ। ਗਲੋਬਲ ਪੱਧਰ 'ਤੇ, ਇਹ ਜੰਗ ਅਮਰੀਕਾ ਦੀ ਕੂਟਨੀਤੀ ਦੀ ਭਰੋਸੇਯੋਗਤਾ 'ਤੇ ਸਵਾਲ ਉਠਾ ਰਹੀ ਹੈ। ਚੀਨ ਅਤੇ ਰੂਸ ਈਰਾਨ ਦਾ ਸਮਰਥਨ ਕਰ ਰਹੇ ਹਨ, ਜੋ ਬਹੁ-ਧਰੁਵੀ ਵਿਸ਼ਵ ਵਿਵਸਥਾ ਨੂੰ ਮਜ਼ਬੂਤ ਕਰ ਰਿਹਾ ਹੈ। ਅਟਲਾਂਟਿਕ ਕੌਂਸਲ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਚੀਨ ਇਸ ਸੰਘਰਸ਼ ਤੋਂ ਫਾਇਦਾ ਉਠਾ ਰਿਹਾ ਹੈ, ਕਿਉਂਕਿ ਈਰਾਨ ਉਸ ਦਾ ਰਣਨੀਤਕ ਸਾਂਝੇਦਾਰ ਹੈ। ਆਰਥਿਕ ਤੌਰ 'ਤੇ, ਅਮਰੀਕਾ ਊਰਜਾ ਬਰਾਮਦਕਾਰ ਹੋਣ ਕਾਰਨ ਘੱਟ ਪ੍ਰਭਾਵਿਤ ਹੈ, ਪਰ ਗਲੋਬਲ ਸਪਲਾਈ ਚੇਨ 'ਚ ਵਿਘਨ ਨਾਲ ਮੰਦੀ ਦਾ ਖ਼ਤਰਾ ਹੈ। ਜੇਕਰ ਜੰਗ ਖੇਤਰੀ ਹੋ ਗਈ, ਤਾਂ ਤੇਲ ਕੀਮਤਾਂ 120 ਡਾਲਰ ਤੱਕ ਪਹੁੰਚ ਸਕਦੀਆਂ ਹਨ, ?ਜਸ ਨਾਲ ਅਮਰੀਕੀ ਵਿਕਾਸ ਦਰ ਨਾਕਾਰਾਤਮਕ ਹੋ ਸਕਦੀ ਹੈ। ਦੁਨੀਆ ਭਰ ਦੇ ਜ਼ਿਆਦਾਤਰ ਜਾਣਕਾਰਾਂ ਦਾ ਇਹ ਮਤ ਹੈ ਕਿ ਇਹ ਜੰਗ ਮੁੱਖ ਤੌਰ 'ਤੇ ਅਮਰੀਕੀ ਕੂਟਨੀਤੀ ਦੀ ਅਸਫਲਤਾ ਹੈ। ਤੇਲ ਅਤੇ ਖਣਿਜ ਬਾਜ਼ਾਰ 'ਤੇ ਅਮਰੀਕੀ ਕਬਜ਼ੇ ਦੀ ਇੱਛਾ ਸਾਫ਼ ਦਿਸਦੀ ਹੈ, ਕਿਉਂਕਿ ਹੋਰਮੁਜ਼ ਦਾ ਕੰਟਰੋਲ ਗਲੋਬਲ ਊਰਜਾ ਸਪਲਾਈ ਨੂੰ ਕੰਟਰੋਲ ਕਰਦਾ ਹੈ ਪਰ ਇਹ ਹੰਕਾਰੀ ਦ੍ਰਿਸ਼ਟੀਕੋਣ ਹੈ, ਕਿਉਂਕਿ ਹਵਾਈ ਹਮਲੇ ਸਰਕਾਰ ਨਹੀਂ ਡੇਗ ਸਕਦੇ। ਰੱਖਿਆ ਮਾਹਿਰ ਰੌਬ ਜਾਨਸਨ ਕਹਿੰਦੇ ਹਨ ਕਿ ਅਮਰੀਕਾ ਈਰਾਨ ਦੀ ਹਵਾਈ ਰੱਖਿਆ ਨੂੰ ਨਸ਼ਟ ਕਰ ਸਕਦਾ ਹੈ, ਪਰ ਲੰਬੇ ਸਮੇਂ 'ਚ ਗਲੋਬਲ ਊਰਜਾ ਸਥਿਰਤਾ ਪ੍ਰਭਾਵਿਤ ਹੋਵੇਗੀ। ਈਰਾਨ ਦੇ ਨਵੇਂ ਸਰਵਉੱਚ ਨੇਤਾ ਮੁਸ਼ਤਾਕ ਹਾਮੀ ਨੇ ਹੋਰਮੁਜ਼ ਨੂੰ ਬੰਦ ਰੱਖਣ ਦੀ ਧਮਕੀ ਦਿੱਤੀ ਹੈ, ਜੋ ਗਲੋਬਲ ਅਰਥਚਾਰੇ ਨੂੰ ਹਿਲਾ ਸਕਦੀ ਹੈ। ਇਹ ਜੰਗ ਨਾ ਸਿਰਫ ਈਰਾਨ ਦੀ ਪ੍ਰਭੂਸੱਤਾ ਦਾ ਮੁੱਦਾ ਹੈ, ਸਗੋਂ ਗਲੋਬਲ ਸ਼ਕਤੀ ਸੰਤੁਲਨ ਦਾ ਵੀ ਹੈ। ਭਾਰਤ ਨੂੰ ਆਪਣੀ ਊਰਜਾ ਸੁਰੱਖਿਆ ਮਜ਼ਬੂਤ ਕਰਨੀ ਚਾਹੀਦੀ ਹੈ। ਅਮਰੀਕਾ ਨੂੰ ਵਾਰਤਾ ਵੱਲ ਪਰਤਣਾ ਚਾਹੀਦਾ ਹੈ, ਨਹੀਂ ਤਾਂ ਇਹ ਸੰਘਰਸ਼ ਵਿਸ਼ਵ ਜੰਗ ਦਾ ਰੂਪ ਲੈ ਸਕਦਾ ਹੈ। ਸੁਤੰਤਰ ਰੂਪ 'ਚ ਵੇਖਿਆ ਜਾਵੇ ਤਾਂ, ਇਹ ਜੰਗ ਗੈਰ-ਜ਼ਰੂਰੀ ਹੈ ਅਤੇ ਇਸ ਨਾਲ ਸਾਰੀਆਂ ਧਿਰਾਂ ਹਾਰਨਗੀਆਂ। ਗਲੋਬਲ ਨੇਤਾਵਾਂ ਨੂੰ ਤੁਰੰਤ ਦਖ਼ਲ ਦੇਣਾ ਚਾਹੀਦਾ ਹੈ ਤਾਂ ਜੋ ਸ਼ਾਂਤੀ ਬਹਾਲ ਹੋ ਸਕੇ।

WORLD FAMOUS ASTROLOGER
ਗੁਰੂ ਕਬੀਰ ਜੀ
ਹਰ ਜਗ੍ਹਾ ਤੋਂ ਨਿਰਾਸ਼ ਇੱਕ ਵਾਰ ਜ਼ਰੂਰ ਮਿਲੋ
GET BEST SOLUTION FOR YOUR PROBLEMS


ਕਿਸਮਤ 'ਚ ਲਿਖਿਆ ਕਿਉਂ ਨਹੀਂ ਮਿਲਿਆ?
ਬਿਨ੍ਹਾਂ ਦੱਸੇ ਸੱਚ ਜਾਣੋ
ਸਪੈਸ਼ਲਿਸਟ : ਲਵ ਮੈਰਿਜ, ਵਸ਼ੀਕਰਨ, ਮੂਠਕਰਨੀ, ਸੌਤਨ ਦੁਸ਼ਮਣ ਤੋਂ ਛੁਟਕਾਰਾ, ਪ੍ਰੇਮ ਵਿਆਹ, ਕੋਰਟ ਕਚਹਿਰੀ, ਲਾਟਰੀ, ਘਰੇਲੂ ਪ੍ਰੇਸ਼ਾਨੀ ਨੌਕਰੀ, ਕਾਰੋਬਾਰ, ਬੱਚੇ ਕਹਿਣੇ ਤੋਂ ਬਾਹਰ, ਕੀਤਾ ਕਰਾਇਆ, ਵਿਦੇਸ਼ ਯਾਤਰਾ, ਪਤੀ ਜਾਂ ਪ੍ਰੇਮੀ ਕਿਸੇ ਦੇ ਵੱਸ 'ਚ ਹੈ ਤਾਂ ਤੁਰੰਤ ਫ਼ੋਨ ਕਰੋ
ਇਕੱਲਾ ਪੈਸਾ ਹੀ ਕੰਮ ਨਹੀਂ ਆਉਂਦਾ, ਦੂਆ ਵੀ ਕੰਮ ਕਰਦੀ ਹੈ
+91 98786-21133

HIGH RETURNS INVESTMENT
with principal protection
TAX FREE SAVING ACCOUNT
RRSP RESP RDSP
INVESTMENT
LOANS
INSURANCE
• Life • Critical • Disability
Ravinder Singh
(Financial Advisor)
QUANTUM FINANCIAL PLANNING INC.
416-303-2828
7420 Airport Rd, Suite-107, Mississauga, ON, L4T 4E5

WISE
WORLD CLASS IMMIGRATION SERVICES ENTITY INC.
We Specialize in Processing All Kinds of Immigration Applications as
SPOUSAL & PARENTAL SPONSORSHIP
SKILLED WORKERS CLASS
WORK PERMITS
ARRANGED EMPLOYMENTS
LIVE IN CARE GIVER (NANNY)
PROVINCIAL NOMINEE PROGRAM
Arvinder Singh
Member ICCRC
CALL FOR BEST RATES& FREE CONSULTATION
905-670-5597
Unit # 10, 1332 Khalsa Dr., MISSISSAUGA Fax: 905-670-5514
website: www.wisecanada.ca, email: info@wisecanada.ca

BRAMPTON DENTURE & IMPLANT CLINIC
Denture service available in Brampton
OUR SERVICES
• CUSTOMIZED COMPLETE DENTURES
• IMMEDIATE DENTURES
• PARTIAL DENTURES
• IMPLANTRETAINED DENTURES
ਤੁਹਾਡੀ ਮੁਸਕਰਾਹਟ ਹੀ ਸਾਡੀ ਮੁਸਕਾਨ ਹੈ
Book your Free Consultation!!
Canadian dental care plan accepted
JALPA TALATI DD 9057810144
312-2250 Bovaird drive east Brampton L6R0W3
bramptondentureimplantclinic@gmail.com

KANG TAX & FINANCIAL SERVICES
SUKHWINDER KANG
(M.Sc.CFP) Financial Advisor
* Personal and Corporate Tax Filings
* RDSP, RESP, RRSP, TFSA Plans
* Mutual Funds provided by Carte Wealth Management Inc.
**Tax Planning & Filings provided by Kang Tax & Financial Services
Carte WEALTH MANAGEMENT INC.
Free Tax Filing For New Immigrants
Email: skangtax@hotmail.com
416-271-4877
2645 ISLINGTON AVENUE, Unit# 101, ETOBICOKE
ALBION & ISLINGTON (OVER INDIA BAZAR GROCERY STORE)

# ਧਮਕੀਆਂ ਦੀ ਜਾਂਚ ਕਰਨ ਲਈ ਕੈਨੇਡਾ ਨਵੇਂ ਯੰਤਰ ਵਰਤੋਂ ‘ਚ ਲਿਆਏਗਾ - ਰੂਬੀ ਸਹੋਤਾ



ਬਰੈਂਪਟਨ, -ਗਲੀਆਂ-ਬਾਜ਼ਾਰਾਂ ਤੋਂ ਲੈ ਕੇ ਕੌਮੀ ਪੱਧਰ ‘ਤੇ ਮਿਲ ਰਹੀਆਂ ਧਮਕੀਆਂ ਤੱਕ ਹੋ ਰਹੀਆਂ ਅਪਰਾਧਕ ਘਟਨਾਵਾਂ ਵਿੱਚ ਇਸ ਸਮੇਂ ਡਿਜੀਟਲ, ਗਲੋਬਲ ਅਤੇ ਆਧੁਨਿਕ ਗੁੰਝਲਦਾਰ ਨੈੱਟਵਰਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਕੈਨੇਡਾ-ਵਾਸੀਆਂ ਦੀ ਸੁਰੱਖਿਆ ਲਈ ਕੈਨੇਡਾ ਦੀ ਨਵੀਂ ਸਰਕਾਰ ‘ਕ੍ਰਿਮੀਨਲ ਕੋਡ’ ਨੂੰ ਹੋਰ ਸਖ਼ਤ ਕਰ ਰਹੀ ਹੈ ਅਤੇ ਲਾਅ-ਐੱਨਫੋਰਸਮੈਂਟ ਤੇ ਕੈਨੇਡੀਅਨ ਸਕਉਰਿਟੀ ਇੰਟੈਲੀਜੈਂਸ ਸਰਵਿਸ (ਸੀ.ਐੱਸ.ਆਈ.ਐੱਸ.) ਨੂੰ ਨਵੇਂ ਆਧੁਨਿਕ ਯੰਤਰ ਮੁਹੱਈਆ ਕਰ ਰਹੀ ਹੈ, ਜਿਨ੍ਹਾਂ ਦੀ ਉਨ੍ਹਾਂ ਨੂੰ ਅਪਰਾਧ ਰੋਕਣ, ਨਾਜ਼ੁਕ ਧਮਕੀਆਂ ਦੀ ਜਾਂਚ ਕਰਨ ਅਤੇ ਕਮਿਉਨਿਟੀਆਂ ਦੀ ਸੁਰੱਖਿਆ ਲਈ ਅਤੀ ਜ਼ਰੂਰਤ ਹੈ।ਕੈਨੇਡਾ-ਵਾਸੀਆਂ ਦੀ ਬਿਹਤਰ ਸੁਰੱਖਿਆ ਲਈ ਲੰਘੀ 12 ਮਾਰਚ 2026 ਨੂੰ ਪਬਲਿਕ ਸੇਫ਼ਟੀ ਮੰਤਰੀ ਮਾਣਯੋਗ ਗੈਰੀ ਅਨੰਦਾਸੈਂਗਰੀ, ਮਨਿਸਟਰ ਆਫ਼ ਜਸਟਿਸ ਐਂਡ ਅਟਾਰਨੀ ਜਨਰਲ ਆਫ਼ ਕੈਨੇਡਾ ਮਾਣਯੋਗ ਸੀਨ ਫਰੇਜ਼ਰ, ਸੈੱਕਟਰੀ ਆਫ਼ ਸਟੇਟ (ਕੰਬੈਟਿੰਗ ਕਰਾਈਮ) ਮਾਣਯੋਗ ਰੂਬੀ ਸਹੋਤਾ ਅਤੇ ਪੀਲ ਪੋਲੀਸ ਚੀਫ਼ ਨਿਸ਼ਾਨ ਦੁਰਿਆਪਾ ਨੇ ‘ਬਿੱਲ ਸੀ-22’ ਵਿੱਚ ਸਕਉਰਿਟੀ- ਸੇਵਾਵਾਂ ਨੂੰ ਨਵੇਂ ਸਾਧਨ ਅਤੇ ਯੰਤਰ ਦੇਣ ਬਾਰੇ ਸੋਧ ਕਰਨ ਬਾਰੇ ਗੱਲਬਾਤ ਕੀਤੀ ਹੈ। ਇਸ ਉੱਪਰ ਡੂੰਘੀ ਸੋਚ ਵਿਚਾਰ ਤੋਂ ਬਾਅਦ ਇਹ ਬਿੱਲ ‘ਫਾਈਵ ਆਈਜ਼’ ਸਮੇਤ ਕੈਨੇਡਾ ਦੇ ਉਨ੍ਹਾਂ ਕਾਨੂੰਨਾਂ ਦੀ ਕਤਾਰ ਵਿੱਚ ਸ਼ਾਮਲ ਹੋ ਜਾਇਗਾ ਜੋ ਇਸ ਸਮੇਂ ਦੇਸ਼ ਵਿੱਚ ਕਾਨੂੰਨੀ ਵਿਵਸਥਾ ਕਾਇਮ ਰੱਖਣ ਲਈ ਵਰਤੋਂ ਵਿੱਚ ਲਿਆਂਦੇ ਜਾ ਰਹੇ ਹਨ। ਸੰਸਾਰ-ਭਰ ਵਿੱਚ ਚੱਲ ਰਹੇ ਅਜੋਕੇ ਨਾਜ਼ੁਕ ਹਾਲਾਤ ਦੇ ਮੱਦੇਨਜ਼ਰ ਬਿੱਲ ਸੀ-22 ਵਿਚਲੀਆਂ ਮੱਦਾਂ ਕੌਮੀ ਸੁਰੱਖਿਆ ਲਈ ਪੂਰੀ ਤਰ੍ਹਾਂ ਲਾਹੇਵੰਦ ਸਾਬਤ ਹੋਣਗੀਆਂ।ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨਵੀਆਂ ਤਕਨਾਲੋਜੀਆਂ ਸੰਚਾਰ-ਮਾਧਿਅਮ ਨੂੰ ਤੇਜ਼ ਕਰਨ ਵਿੱਚ ਸਹਾਇਕ ਹੁੰਦੀਆਂ ਹਨ ਅਤੇ ਇਨ੍ਹਾਂ ਤੱਕ ਅੱਜਕੱਲ੍ਹ ਪਹੁੰਚ ਵੀ ਵਧੇਰੇ ਹੈ, ਪਰ ਇਸਦੇ ਨਾਲ ਹੀ ਇਨ੍ਹਾਂ ਦੀ ਦੁਰ-ਵਰਤੋਂ ਵੀ ਕੀਤੀ ਜਾ ਸਕਦੀ ਹੈ। ਅਪਰਾਧਕ ਵਿਅਕਤੀ ਅਤੇ ਕੈਨੇਡਾ ਦੀ ਸੁਰੱਖਿਆ ਨੂੰ ਧਮਕੀਆਂ ਦੇਣ ਵਾਲੇ ਸੰਗੀਨ ਅਪਰਾਧ ਕਰਨ ਲਈ ਇਸ ਨਵੇਂ ਡਿਜੀਟਲ ਮਾਹੌਲ ਦੀ ਕਈ ਢੰਗਾਂ-ਤਰੀਕਿਆਂ ਨਾਲ ਗ਼ਲਤ ਵਰਤੋਂ ਕਰ ਰਹੇ ਹਨ ਜਿਨ੍ਹਾਂ ਵਿੱਚ ਬੱਚਿਆਂ ਦਾ ਯੋਨ-ਸ਼ੋਸ਼ਣ, ਧਮਕੀਆਂ, ਮਨੁੱਖੀ ਤਸਕਰੀ ਅਤੇ ਮਨੀ- ਲਾਂਡਰਿੰਗ, ਆਦਿ ਸੰਗਠਿਤ ਅਪਰਾਧਕ ਨੈੱਟਵਰਕ ਸ਼ਾਮਲ ਹਨ। ਕੈਨੇਡਾ ਨੂੰ ਮਿਲਣ ਵਾਲੀਆਂ ਧਮਕੀਆਂ ਅਤੇ ਵਿਉਂਤਬੰਦ ਤਰੀਕੇ ਤੇ ਤਾਲਮੇਲ ਨਾਲ ਘੜੀਆਂ ਗਈਆਂ ਇਹ ਸਾਜਿਸ਼ਾਂ ਗ਼ੈਰ-ਕਾਨੂੰਨੀ ਢੰਗਾਂ ਨਾਲ ਵਿੱਤੀ-ਸਹਾਇਤਾ ਪ੍ਰਾਪਤ ਕਰਦੀਆਂ ਹਨ। ਇਨ੍ਹਾਂ ਵਿੱਚ ਅੱਤਵਾਦੀ ਹਮਲੇ, ਹਿੰਸਕ ਅੱਤਵਾਦ ਅਤੇ ਬਾਹਰੀ ਵਿਦੇਸ਼ੀ ਤਾਕਤਾਂ ਸ਼ਾਮਲ ਹਨ।ਕੈਨੇਡੀਅਨ ਕਾਨੂੰਨਾਂ ਨੂੰ ਤੇਜ਼ੀ ਨਾਲ ਬਦਲ ਰਹੇ ਇਸ ਡਿਜੀਟਲ ਮਾਹੌਲ ਦੇ ਹਾਣੀ ਬਣਨ ਦੀ ਸਖ਼ਤ ਲੋੜ ਹੈ। ਇਹ ‘ਕੀਪਿੰਗ ਕੈਨੇਡੀਅਨਜ਼ ਸੇਫ਼ ਐਕਟ’ ਲਾਅ-ਐੱਨਫੋਰਸਮੈਂਟ ਅਤੇ ਸੀ.ਐੱਸ.ਆਈ.ਐੱਸ. ਨੂੰ ਧਮਕੀਆਂ ਦੀ ਜਾਂਚ ਕਰਨ, ਹੰਗਾਮੀ ਸਥਿਤੀਆਂ ਦਾ ਮੁਕਾਬਲਾ ਕਰਨ ਅਤੇ ਜਾਂਚ ਲਈ ਜ਼ਰੂਰੀ ਜਾਣਕਾਰੀ ਪ੍ਰਾਪਤ ਕਰਨ ਅਤੇ ਜੱਜਾਂ ਕੋਲੋਂ ਪ੍ਰੋਡਕਸ਼ਨ ਆਰਡਰ ਜਾਂ ਵਾਰੰਟ ਲੈਣ ਲਈ ਸਹਾਈ ਹੋਵੇਗਾ। ਇਹ ਸੰਗੀਨ ਅਪਰਾਧਾਂ ਅਤੇ ਧਮਕੀਆਂ ਨੂੰ ਨਜਿੱਠਣ ਲਈ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਤਾਲਮੇਲ ਵਧਾਉਣ ਵਿੱਚ ਵੀ ਮਦਦ ਕਰੇਗਾ। ਮਜ਼ਬੂਤ ਕੈਨੇਡਾ ਦਾ ਭਾਵ ਦੇਸ਼ ਦੀਆਂ ਕਮਿਊਨਿਟੀਆਂ ਦਾ ਮਜ਼ਬੂਤੀ ਨਾਲ ਬਚਾਅ ਕਰਨਾ ਹੈ। ਇਹ ਕਾਨੂੰਨ ਕੈਨੇਡਾ ਦੀ ਨਵੀਂ ਸਰਕਾਰ ਵੱਲੋਂ ਜ਼ਮਾਨਤ ਸਬੰਧੀ ਸਖ਼ਤ ਕਦਮ ਲੈਣ, ਬਾਰ-ਬਾਰ ਹਿੰਸਕ ਅਪਰਾਧ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ, ਗ਼ੈਰ-ਕਾਨੂੰਨੀ ਨਸ਼ਿਆਂ ਤੇ ਮਨੁੱਖੀ ਤਸਕਰੀ ਨੂੰ ਰੋਕਣ ਅਤੇ ਨਿਕਟਵਰਤੀ-ਸਬੰਧੀਆਂ ਪ੍ਰਤੀ ਹਿੰਸਾ ਨੂੰ ਠੱਲ੍ਹਣ ਵਾਸਤੇ ਹੈ।

ਇਸਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੈੱਕਟਰੀ ਆਫ਼ ਸਟੇਟ (ਕੰਬੈਟਿੰਗ ਕਰਾਈਮ) ਨੇ ਕਿਹਾ, “ਦੁਨੀਆਂ-ਭਰ ਵਿੱਚ ਨਵਾਂ ਟੈੱਕਨਾਲੋਜੀ ਅਤੇ ਡਿਜੀਟਲ ਮਾਹੌਲ ਤੇਜ਼ੀ ਨਾਲ ਉਸਰ ਰਿਹਾ ਹੈ ਅਤੇ ਇਸ ਦੇ ਲਈ ਜ਼ਰੂਰੀ ਹੈ ਕਿ ਸਾਡੇ ਕਾਨੂੰਨ ਇਸ ਨਵੇਂ ਮਾਹੌਲ ਦੇ ਹਾਣੀ ਬਣਨ। ਤਜਵੀਜ਼ ਕੀਤਾ ਜਾ ਰਿਹਾ ਇਹ ਨਵਾਂ ਕਾਨੂੰਨ ਕੈਨੇਡਾ-ਵਾਸੀਆਂ ਦੀ ਪੂਰੀ ਸੁਰੱਖਿਆ ਕਰੇਗਾ। ਇਸਦੇ ਨਾਲ ਪੀਲ ਰੀਜਨ ਪੋਲੀਸ ਅਤੇ ਸਮੁੱਚੇ ਕੈਨੇਡਾ ਦੀਆਂ ਸੁਰੱਖਿਆ ਏਜੰਸੀਆਂ ਕੋਲ ਜੀ.ਟੀ.ਏ. ਵਿੱਚ ਲੋਕਾਂ ਦੀ ਸੁਰੱਖਿਆ ਲਈ ਨਵੇਂ ਸਾਧਨ ਅਤੇ ਯੰਤਰ ਉਪਲੱਬਧ ਹੋ ਜਾਣਗੇ ਜਿਨ੍ਹਾਂ ਨਾਲ ਉਹ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ‘ਤੇ ਵਿਉਂਤਬੱਧ ਸੰਗੀਨ ਅਪਰਾਧਾਂ ਨਾਲ ਨਜਿੱਠਣ ਦੇ ਯੋਗ ਹੋ ਜਾਣਗੇ ਅਤੇ ਕੈਨੇਡਾ ਦੇ ਕੌਮੀ ਚਾਰਟਰ ਦੀ ਵੀ ਰੱਖਿਆ ਕਰ ਸਕਣਗੇ।ਪੀਲ ਰੀਜਨ ਪੋਲੀਸ ਦੇ ਮੁਖੀ ਨਿਸ਼ਾਨ ਦੁਰਿਆਪਾ ਨੇ ਇਸ ਮੌਕੇ ਕਿਹਾ, “ਅੰਤਰਰਾਸ਼ਟਰੀ ਅਤੇ ਵਿਉਂਤਬੱਧ ਅਪਰਾਧਾਂ, ਜਿਨ੍ਹਾਂ ਵਿੱਚ ਧਮਕੀਆਂ, ਬੱਚਿਆਂ ਦਾ ਸ਼ੋਸਣ ਅਤੇ ਮਨੁੱਖੀ ਤਸਕਰੀ, ਆਦਿ ਸ਼ਾਮਲ ਹਨ, ਲਈ ਜ਼ਿੰਮੇਵਾਰ ਅਪਰਾਧੀ ਮੌਜੂਦਾ ਕਾਨੂੰਨੀ ਵਿਵਸਥਾਵਾਂ ਤੋਂ ਆਪਣੇ ਆਪ ਨੂੰ ਪਰੇ ਅਤੇ ਆਜ਼ਾਦ ਸਮਝਦੇ ਹਨ। ਪੋਲੀਸ ਅਫ਼ਸਰਾਂ ਕੋਲ ਨਵੇਂ ਯੰਤਰ ਆ ਜਾਣ ਨਾਲ ਉਹ ਇਨ੍ਹਾਂ ਅਪਰਾਧਾਂ ਦੀ ਜਾਂਚ ਸਹੀ ਤਰੀਕੇ ਨਾਲ ਅਤੇ ਤੇਜ਼ੀ ਨਾਲ ਕਰ ਸਕਣਗੇ। ਇਹ ਸਮੇਂ ਦੀ ਲੋੜ ਹੈ। ਪੀਲ ਰੀਜਨ ਪੋਲੀਸ ਵੱਲੋਂ ਮੈਂ ‘ਪਬਲਿਕ ਸੇਫ਼ਟੀ ਕੈਨੇਡਾ’ ਦਾ ਇਸ ਸੁਆਗਤਯੋਗ ਸੋਧ ਲਈ ਕਰਦਾ ਹਾਂ। ਉਸਦੇ ਵੱਲੋਂ ਦਿੱਤਾ ਗਿਆ ਯੋਗ ਕਾਨੂੰਨੀ ਸਹਿਯੋਗ ਸਾਡੀਆਂ ਕਮਿਊਨਿਟੀਆਂ ਨੂੰ ਸੁਰੱਖਿਅਤ ਰੱਖਣ ਲਈ ਸਹਾਈ ਹੋਵੇਗਾ।“

# ਕੈਨੇਡਾ ਦੇ ਗੁਰੂ ਘਰਾਂ 'ਚ ਨਵੇਂ ਵਰ੍ਹੇ ਦਾ ਸ਼ਰਧਾ ਨਾਲ ਕੀਤਾ ਗਿਆ ਆਗਮਨ




13 ਮਾਰਚ 2026 ਨੂੰ ਨਾਨਕਸ਼ਾਹੀ ਸੰਮਤ 558 ਦੇ ਨਵੇਂ ਵਰ੍ਹੇ ਦੇ ਆਗਮਨ ਨੂੰ ਸਮਰਪਿਤ ਸਮਾਗਮਾਂ ਦੀ ਰੌਣਕ ਕੈਨੇਡਾ ਦੇ ਕਈ ਪ੍ਰਮੁੱਖ ਗੁਰਦੁਆਰਾ ਸਾਹਿਬਾਂ ਵਿੱਚ ਵੇਖਣ ਨੂੰ ਮਿਲੀ। ਇਸ ਮੌਕੇ ਓਨਟਾਰੀਓ ਖਾਲਸਾ ਦਰਬਾਰ ਸਮੇਤ ਸਿੱਖ ਸਪਿਰਚੁਅਲ ਸੈਂਟਰ ਟੋਰਾਂਟੋ, ਸ੍ਰੀ ਗੁਰੂ ਸਿੰਘ ਸਭਾ ਮਾਲਟਨ ਅਤੇ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, ਬਰੈਂਪਟਨ ਵਿੱਚ ਵੀ ਵਿਸ਼ੇਸ਼ ਧਾਰਮਿਕ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ, ਕਥਾ ਅਤੇ ਧਾਰਮਿਕ ਵਿਚਾਰਾਂ ਰਾਹੀਂ ਨਵੇਂ ਸਾਲ ਦਾ ਆਤਮਿਕ ਢੰਗ ਨਾਲ ਸਵਾਗਤ ਕੀਤਾ ਗਿਆ। ਓਨਟਾਰੀਓ ਖਾਲਸਾ ਦਰਬਾਰ ਵਿੱਚ ਹੋਏ ਮੁੱਖ ਸਮਾਗਮ ਦੌਰਾਨ ਸਿੱਖ ਪੰਥ ਦੇ ਕਈ ਪ੍ਰਸਿੱਧ ਕਥਾਵਾਚਕਾਂ, ਢਾਡੀ ਜਥਿਆਂ ਅਤੇ ਰਾਗੀ ਜਥਿਆਂ ਨੇ ਹਾਜ਼ਰੀ ਭਰ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। 13 ਮਾਰਚ ਦੀ ਰਾਤ ਨੂੰ ਜੈਕਾਰਿਆਂ ਦੀ ਗੂੰਜ ਅਤੇ ਵਾਹਿਗੁਰੂ ਦੇ ਸਿਮਰਨ ਦੇ ਦਰਮਿਆਨ ਨਾਨਕਸ਼ਾਹੀ ਸੰਮਤ 557 ਨੂੰ ਅਲਵਿਦਾ ਕਿਹਾ ਗਿਆ ਅਤੇ ਸੰਮਤ 558 ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਹੋਰ ਗ੍ਰੰਥੀ ਸਿੰਘਾਂ ਦੀ ਅਗਵਾਈ ਹੇਠ ਸਮੂਹ ਸੰਗਤ ਵੱਲੋਂ ਸ੍ਰੀ ਜਪੁਜੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਅਰਦਾਸ ਕਰਕੇ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਗਈ।ਅਰਦਾਸ ਦੌਰਾਨ ਸਮੂਹ ਸੰਸਾਰ ਦੀ ਭਲਾਈ, ਸੰਗਤ ਦੀ ਚੜ੍ਹਦੀ ਕਲਾ ਅਤੇ ਸਿੱਖ ਕੌਮ ਦੀ ਤਰੱਕੀ ਲਈ ਅਰਦਾਸਾਂ ਕੀਤੀਆਂ ਗਈਆਂ। ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਜੀ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਨਾਨਕਸ਼ਾਹੀ ਸੰਮਤ 558 ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਜਿਵੇਂ ਅਸੀਂ ਅੰਗਰੇਜ਼ੀ ਕੈਲੰਡਰ ਦੇ ਅਨੁਸਾਰ ਨਵਾਂ ਸਾਲ ਮਨਾਉਂਦੇ ਹਾਂ, ਓਸੇ ਤਰ੍ਹਾਂ ਸਾਨੂੰ ਆਪਣੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਵੀ ਨਵਾਂ ਸਾਲ ਖੁਸ਼ੀ ਅਤੇ ਧੂਮ-ਧਾਮ ਨਾਲ ਮਨਾਉਣਾ ਚਾਹੀਦਾ ਹੈ। ਉਨ੍ਹਾਂ ਭਾਰੀ ਬਰਫਬਾਰੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਅਤੇ ਸੇਵਾਦਾਰਾਂ ਦਾ ਧੰਨਵਾਦ ਵੀ ਕੀਤਾ। ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਗੁਰੂ ਘਰ ਦੇ ਮੁੱਖ ਸਕੱਤਰ ਭਾਈ ਪਰਮਜੀਤ ਸਿੰਘ ਗਿੱਲ ਜੀ ਨੇ ਵੀ ਸੰਗਤ ਨੂੰ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਜਥਿਆਂ ਭਾਈ ਦਰਸ਼ਨਜੀਤ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਓਕਾਰ ਸਿੰਘ, ਭਾਈ ਜਗਦੀਸ਼ ਸਿੰਘ, ਭਾਈ ਕੁਲਵਿੰਦਰ ਸਿੰਘ, ਭਾਈ ਨਿਸ਼ਾਨ ਸਿੰਘ, ਭਾਈ ਪਲਵਿੰਦਰ ਸਿੰਘ, ਭਾਈ ਹਰਪਾਲ ਸਿੰਘ, ਭਾਈ ਮਨਜੋਤ ਸਿੰਘ, ਭਾਈ ਰਣਜੀਤ ਸਿੰਘ ਅਤੇ ਭਾਈ ਗੁਰਵਿੰਦਰ ਸਿੰਘ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ।ਇਸਦੇ ਨਾਲ ਹੀ ਓਨਟਾਰੀਓ ਖਾਲਸਾ ਦਰਬਾਰ ਦੇ ਗੁਰਮਤ ਸਕੂਲ ਦੇ ਵਿਦਿਆਰਥੀਆਂ ਨੇ ਤੰਤੀ ਸਾਜ਼ਾਂ ਨਾਲ ਸੁਰੀਲੇ ਕੀਰਤਨ ਪੇਸ਼ ਕੀਤੇ। ਭਾਈ ਕੇਵਲ ਸਿੰਘ ਜੀ ਵੱਲੋਂ ਕਥਾ ਵਿਚਾਰਾਂ ਕੀਤੀਆਂ ਗਈਆਂ ਅਤੇ ਗਿਆਨੀ ਅਮਨਦੀਪ ਸਿੰਘ ਭੁੱਲਾਰਾਈ ਦੇ ਢਾਡੀ ਜਥੇ ਵੱਲੋਂ ਵੀਰ ਰਸ ਭਰੀਆਂ ਢਾਡੀ ਵਾਰਾਂ ਸੁਣਾਕੇ ਸੰਗਤ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਗਿਆ। ਇਸੇ ਤਰ੍ਹਾਂ ਟੋਰਾਂਟੋ ਦੇ ਸਿੱਖ ਸਪਿਰਿਚੁਅਲ ਸੈਂਟਰ, ਮਾਲਟਨ ਸਥਿਤ ਸ੍ਰੀ ਗੁਰੂ ਸਿੰਘ ਸਭਾ ਅਤੇ ਬ੍ਰੈਂਪਟਨ ਦੇ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ ਵਿੱਚ ਵੀ ਨਾਨਕਸ਼ਾਹੀ ਸੰਮਤ 558 ਦੇ ਆਗਮਨ ’ਤੇ ਵਿਸ਼ੇਸ਼ ਦੀਵਾਨ ਸਜਾਏ ਗਏ। ਇਨ੍ਹਾਂ ਗੁਰਦੁਆਰਾ ਸਾਹਿਬਾਂ ਵਿੱਚ ਵੀ ਸੰਗਤਾਂ ਵੱਲੋਂ ਗੁਰਬਾਣੀ ਕੀਰਤਨ, ਪਾਠ ਅਤੇ ਅਰਦਾਸਾਂ ਰਾਹੀਂ ਨਵੇਂ ਸਾਲ ਦਾ ਸਵਾਗਤ ਕੀਤਾ ਗਿਆ ਅਤੇ ਗੁਰੂ ਘਰਾਂ ਵਿੱਚ ਆਤਮਿਕ ਅਤੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਿਹਾ। ਸਮੂਹ ਗੁਰਦੁਆਰਾ ਸਾਹਿਬਾਂ ਵਿੱਚ ਹੋਏ ਇਨ੍ਹਾਂ ਸਮਾਗਮਾਂ ਦੌਰਾਨ ਸੰਗਤਾਂ ਨੇ ਇਕੱਠੇ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ, ਗੁਰਬਾਣੀ ਸੁਣੀ ਅਤੇ ਗੁਰੂ ਕਾ ਲੰਗਰ ਛਕਿਆ।



# ਬਰੈਂਪਟਨ 'ਚ ਅਕਾਲ ਅਕੈਡਮੀ ਵਿਖੇ ਛੋਟੇ ਬੱਚਿਆਂ ਲਈ 14 ਮਾਰਚ ਤੋਂ ਕਲਾਸਾਂ ਸ਼ੁਰੂ

ਬਰੈਂਪਟਨ 17 ਮਾਰਚ (ਹਮਦਰਦ ਦੇ ਵਿਸ਼ੇਸ਼ ਪ੍ਰਤੀਨਿਧ ਦੁਆਰਾ):-ਬਰੈਂਪਟਨ ਸਥਿਤ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ 99 ਗਲਿੱਡਨ ਰੋਡ ਗੁਰਦੁਆਰਾ ਸਾਹਿਬ ਵਿਖੇ ਛੋਟੇ ਬੱਚਿਆਂ ਲਈ ਅਕਾਲ ਅਕੈਡਮੀ ਵਿਖੇ ਪ੍ਰੀ ਸਕੂਲ ਦੀ ਕਲਾਸਾਂ 14 ਮਾਰਚ ਤੋਂ ਸ਼ੁਰੂ ਹੋ ਚੁੱਕੀਆਂ ਹਨ।ਸਕੂਲ ਵਿਚ ਉਹ ਬੱਚੇ ਰਜਿਟਰਡ ਕੀਤੇ ਜਾ ਰਹੇ ਹਨ ਜਿਨ੍ਹਾਂ ਨੇ ਆਉਂਦੇ ਸਤੰਬਰ ਤੋਂ ਕਿੰਡਰ ਗਾਰਡਨ ਵਿਚ ਦਾਖਲਾ ਲੈਣਾ ਹੈ। ਅਕਾਲ ਅਕੈਡਮੀ ਦੀ ਪ੍ਰਿੰਸੀਪਲ ਕਮਲਜੀਤ ਕੌਰ ਨੇ ਹਮਦਰਦ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੱਚਿਆਂ ਨੂੰ ਦੂਜੇ ਸਕੂਲਾਂ ਵਿਚ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਮੁੱਢਲੀ ਜਾਣਕਾਰੀ ਸਿਖਾਈ ਜਾਵੇਗੀ ਤਾਂ ਕਿ ਉਨ੍ਹਾਂ ਨੂੰ ਦੂਜੇ ਸਕੂਲਾਂ ਵਿਚ ਦਾਖਲ ਹੋਣ ਤੋਂ ਬਾਅਦ ਕੋਈ ਮੁਸ਼ਕਲ ਨਾ ਆਵੇ। ਅਕਾਲ ਅਕੈਡਮੀ ‘ਚ ਇਹਨਾਂ ਕਲਾਸਾਂ ਦੌਰਾਨ ਬੱਚਿਆਂ ਨੂੰ ਇਕ ਦੂਜੇ ਬੱਚਿਆਂ ਨਾਲ ਖੇਡਣ, ਨਾਂ ਦੀ ਰੈਕੋਨਾਈਜੇਸ਼ਨ, ਪੈਨਸਲ ਸਕਿੱਲ, ਫਾਈਨ ਮੋਟਰ ਸਕਿੱਲ ਅਤੇ ਗਰੌਸ ਮੋਟਰ ਸਕਿੱਲ ਦਾ ਤਜ਼ਰਬਾਂ ਹਾਸਿਲ ਕਰਵਾਇਆ ਜਾਂਦਾ ਹੈ।ਇਹ ਕਲਾਸਾਂ 14 ਮਾਰਚ ਤੋਂ ਹਰ ਸ਼ੁਨਿੱਚਰਵਾਰ ਨੂੰ ਸ਼ਾਮ 5 ਵਜੇ ਤੋਂ 6 ਵਜੇ ਤੱਕ ਲਾਈਆਂ ਜਾਂਦੀਆਂ ਹਨ ਤੇ ਇਹ ਜੂਨ ਤੱਕ ਚੱਲਣਗੀਆਂ ਤੇ ਇਸ ਸਬੰਧੀ ਦਾਖਲ ਹੋਣ ਦੇ ਚਾਹਵਾਨ ਬੱਚਿਆਂ ਦੇ ਮਾਪਿਆਂ ਤੋਂ ਕੁੱਲ ਫੀਸ ਸਿਰਫ 60 ਡਾਲਰ ਲਈ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ ਸਕੂਲ ਦੇ ਪ੍ਰਿੰਸੀਪਲ ਕਮਲਜੀਤ ਕੌਰ ਨਾਲ 647-632-2933 ਤੇ ਫੋਨ ਕੀਤਾ ਜਾ ਸਕਦਾ ਹੈ ਜਾਂ ਫਿਰ ਵੀਰਵਾਰ ਤੋਂ ਐਤਵਾਰ ਤੱਕ ਬਾਅਦ ਦੁਪਹਿਰ 6 ਵਜੇ ਤੋਂ 8 ਵਜੇ ਤੱਕ ਗੁਰੂ ਘਰ ਆ ਕੇ ਹੋਰ ਪੁੱਛਗਿੱਛ ਕੀਤੀ ਜਾ ਸਕਦੀ ਹੈ।

JAGAT PUNJABI SABHA | ONTARIO FRIEND CLUB B.A. OFC-BA | PUNJABI BUSINESS PROFESSIONALS ASSOCIATION PUBPA
ਜਗਤ ਪੰਜਾਬੀ ਸਭਾ , ਉਨਟਾਰੀਓ ਫਰੈਂਡ ਕਲੱਬ ਤੇ ਪਬਪਾ
12ਵੀਂ ਵਰਲਡ ਪੰਜਾਬੀ ਕਾਨਫ਼ਰੰਸ
WPC 2026
ਵਰਲਡ ਪੰਜਾਬੀ ਕਾਨਫ਼ਰੰਸ
17, 18 ਤੇ 19 ਜੁਲਾਈ 2026
ਬਰੈਪਟਨ, ਕਨੇਡਾ
ਵਿਸ਼ਾ : 1 ਪੰਜਾਬੀ ਭਾਸ਼ਾ ਦਾ ਭਵਿੱਖ ਅਤੇ 2 ਸਿੱਖਿਆ
ਅਜੈਬ ਸਿੰਘ ਚੱਠਾ , ਚੇਅਰਮੈਨ ,
ਤਰਲੋਚਨ ਸਿੰਘ ਅਟਵਾਲ, ਪ੍ਰਧਾਨ ,
ਸੰਤੋਖ ਸਿੰਘ ਸੰਧੂ ਪ੍ਰਧਾਨ ਓ ਐਫ. ਸੀ ,
ਸਰਦੂਲ ਸਿੰਘ ਥਿਆੜਾ , ਪ੍ਰਧਾਨ ਜ ਪ ਸਭਾ,
ਤਾਹਿਰ ਅਸਲਮ ਗੋਰਾ, ਕੋਆਰਡੀਨੇਟਰ ,
ਗੁਰਦਰਸ਼ਨ ਸਿੰਘ ਸੀਰਾ ਮੀਤ ਪ੍ਰਧਾਨ ,
ਸੰਜੀਤ ਸਿੰਘ , ਕੋ ਕੋਆਰਡੀਨੇਟਰ ,
ਰਮਨੀ ਬਤਰਾ, ਪ੍ਰਧਾਨ ਪਬਪਾ
ਅਮਰ ਸਿੰਘ ਭੁੱਲਰ ਸਰਪ੍ਰਸਤ

BEST BARGAIN CARPET & FLOORING LTD
Residential Commercial Industrial
Sale and Custom Installation Done by Professionals
Custom Hardwood Stairs
TORLYS
beaulieu
Hardwood
Laminate
Vinyl
Wall to Wall Carpets
Hall Runners
Custom Made Area Rugs
All Kind of Carpet Binding
Tel: 905-696-7817 Cell: 416-937-2855
1332 KHALSA DR. UNIT 21
MISSISSAUGA, ON L5S 0A2
E-mail: info@bbcflooring.ca
Website: www.bbcflooring.ca
Specialized in Hotel, Motel and Banquet Halls Carpet and Wallpaper and Tiles

Attention : People on Visitor Visa or workers whose work permit expiring soon
Are you on a Visitor Visa?
or
Is Your Work Permit Expiring and see no hope of extension?
or
Feel what I can do to stay in Canada?
Then I have a easy solution for you
I can get your visitor visa or work Permit converted into study permit without IELTS
Classes are 100% online
GLOBAL VILLAGE IMMIGRATION SOLUTIONS LTD.
416.848.3930
4515 Ebenezer Rd., #215, Brampton, Email: globalvillageimmigration@gmail.com
SCF 28, Phase 6, Mohali, Punjab, India. Tel : 9041058844
HARMANJOT S SODHI, RCIC CONSULTANT
Serving Community since 24 years

# ਪੈਰਿਸ ਦੀਆਂ ਸੜਕਾਂ ਤੋਂ ਕਦੋਂ ਸ਼ੁਰੂ ਹੋਇਆ ਸੀ ਬੱਸ ਦਾ ਸਫ਼ਰ ?



ਭਾਰਤ ਸਮੇਤ ਦੁਨੀਆ ਭਰ ਵਿੱਚ ਬਹੁਤ ਸਾਰੇ ਲੋਕ ਜਨਤਕ ਬੱਸਾਂ ਰਾਹੀਂ ਸਫ਼ਰ ਕਰਦੇ ਹਨ। ਇਹ ਬੱਸਾਂ ਹਰ ਰੋਜ਼ ਲੱਖਾਂ ਕਿਲੋਮੀਟਰ ਦੀ ਦੂਰੀ ਤੈਅ ਕਰਦੀਆਂ ਹਨ ਅਤੇ ਕਰੋੜਾਂ ਲੋਕਾਂ ਨੂੰ ਮੰਜ਼ਿਲ ਤੱਕ ਪਹੁੰਚਾਉਂਦੀਆਂ ਹਨ। ਪਰ ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਵਿੱਚ ਪਹਿਲੀ ਵਾਰ ਜਨਤਕ ਬੱਸ ਸੇਵਾ ਕਦੋਂ ਅਤੇ ਕਿੱਥੇ ਸ਼ੁਰੂ ਹੋਈ ਸੀ ? ਅਤੇ ਉਸ ਸਮੇਂ ਕਿਹੜੇ ਲੋਕਾਂ ਨੂੰ ਬੱਸ ਵਿੱਚ ਸਫ਼ਰ ਕਰਨ ਦੀ ਇਜਾਜ਼ਤ ਨਹੀਂ ਸੀ ? ਅਸੀਂ ਤੁਹਾਨੂੰ ਇਸ ਖ਼ਬਰ ਵਿੱਚ ਦੱਸ ਰਹੇ ਹਾਂ।

**ਕਿੱਥੇ ਸ਼ੁਰੂ ਹੋਈ ਸੀ ਪਹਿਲੀ ਜਨਤਕ ਬੱਸ ਸੇਵਾ ?**

ਦੁਨੀਆ ਵਿੱਚ ਸਭ ਤੋਂ ਪਹਿਲਾਂ ਜਨਤਕ ਬੱਸ ਸੇਵਾ ਦੀ ਸ਼ੁਰੂਆਤ ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਹੋਈ ਸੀ। ਇਸ ਤੋਂ ਪਹਿਲਾਂ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਜਨਤਕ ਬੱਸ ਸੇਵਾ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ।

**ਕਦੋਂ ਹੋਈ ਸੀ ਸ਼ੁਰੂਆਤ ?**

ਜਾਣਕਾਰੀ ਅਨੁਸਾਰ, ਫਰਾਂਸ ਦੀ ਰਾਜਧਾਨੀ ਪੈਰਿਸ ਵਿੱਚ ਪਹਿਲੀ ਵਾਰ ਜਨਤਕ ਬੱਸ ਸੇਵਾ ਦੀ ਸ਼ੁਰੂਆਤ 18 ਮਾਰਚ 1662 ਨੂੰ ਕੀਤੀ ਗਈ ਸੀ। ਉਸ ਸਮੇਂ ਬੱਸਾਂ ਵਿੱਚ ਇੰਜਣ ਨਹੀਂ ਹੁੰਦਾ ਸੀ, ਸਗੋਂ ਉਹਨਾਂ ਨੂੰ ਘੋੜਿਆਂ ਦੁਆਰਾ ਖਿੱਚਿਆ ਜਾਂਦਾ ਸੀ। ਇਸ ਤਰ੍ਹਾਂ ਦੀਆਂ ਬੱਸਾਂ ਵਿੱਚ ਇੱਕ ਸਮੇਂ ਵਿੱਚ 6 ਤੋਂ 8 ਯਾਤਰੀ ਸਫ਼ਰ ਕਰ ਸਕਦੇ ਸਨ।

**ਕਿਸ ਨੇ ਕੀਤੀ ਸੀ ਪਹਿਲ ?**

ਫਰਾਂਸ ਵਿੱਚ ਪਹਿਲੀ ਵਾਰ ਜਨਤਕ ਬੱਸ ਸੇਵਾ ਸ਼ੁਰੂ ਕਰਨ ਦਾ ਸਿਹਰਾ ਫਰਾਂਸ ਦੇ ਹੀ ਮਸ਼ਹੂਰ ਗਣਿਤ-ਸ਼ਾਸਤਰੀ ਬਲੇਜ਼ ਪਾਸਕਲ (Blaise Pascal) ਨੂੰ ਦਿੱਤਾ ਗਿਆ ਸੀ। ਪਾਸਕਲ ਦਾ ਮੰਨਣਾ ਸੀ ਕਿ ਅਜਿਹੀ ਸੇਵਾ ਸ਼ੁਰੂ ਕਰਨ ਨਾਲ ਕਈ ਫ਼ਾਇਦੇ ਹੋਣਗੇ, ਜਿਨ੍ਹਾਂ ਵਿੱਚ ਸਭ ਤੋਂ ਪਹਿਲਾ ਫ਼ਾਇਦਾ ਆਵਾਜਾਈ ਨੂੰ ਆਸਾਨ ਅਤੇ ਸਸਤਾ ਬਣਾਉਣਾ ਸੀ।

**ਰਾਜਾ ਤੋਂ ਮਿਲੀ ਸੀ ਇਜਾਜ਼ਤ**

ਪਾਸਕਲ ਨੇ ਇਸ ਸੇਵਾ ਨੂੰ ਸ਼ੁਰੂ ਕਰਨ ਲਈ ਕਈ ਅਮੀਰ ਲੋਕਾਂ ਨੂੰ ਨਿਵੇਸ਼ ਕਰਨ ਲਈ ਤਿਆਰ ਕੀਤਾ ਸੀ ਅਤੇ ਇਸਦੇ ਲਈ ਫਰਾਂਸ ਦੇ ਰਾਜਾ ਲੂਈਸ XIV (Louis XIV) ਨੇ ਸ਼ਾਹੀ ਇਜਾਜ਼ਤ ਵੀ ਦਿੱਤੀ ਸੀ। ਸ਼ੁਰੂ ਹੋਣ ਤੋਂ ਬਾਅਦ ਇਹ ਸੇਵਾ ਜ਼ਿਆਦਾਤਰ ਅਮੀਰ ਲੋਕਾਂ ਲਈ ਹੀ ਸੀ, ਕਿਉਂਕਿ ਬੱਸ ਵਿੱਚ ਇੱਕ ਵਾਰ ਵਿੱਚ ਸਿਰਫ਼ 6 ਤੋਂ 8 ਲੋਕ ਹੀ ਸਫ਼ਰ ਕਰ ਸਕਦੇ ਸਨ।

**ਕਿਵੇਂ ਲਿਆ ਜਾਂਦਾ ਸੀ ਕਿਰਾਇਆ ?**

ਜਾਣਕਾਰੀ ਮੁਤਾਬਕ ਉਸ ਸਮੇਂ ਬੱਸ ਸੇਵਾ ਨੂੰ 'ਕਾਰੋਸ ਆ ਸੈਂਕ' (Carrosses à cinq) ਕਿਹਾ ਜਾਂਦਾ ਸੀ, ਜਿਸਦਾ ਮਤਲਬ ਸੀ 'ਪੰਜ ਸਿੱਕਿਆਂ ਵਿੱਚ ਚੱਲਣ ਵਾਲੀ ਗੱਡੀ'। ਜਨਤਕ ਬੱਸ ਸੇਵਾ ਸ਼ੁਰੂ ਹੁੰਦੇ ਹੀ ਇਹ ਕਾਫ਼ੀ ਮਸ਼ਹੂਰ ਹੋ ਗਈ ਸੀ, ਪਰ ਫਿਰ ਵੀ ਕਈ ਲੋਕ ਇਸ ਵਿੱਚ ਸਫ਼ਰ ਨਹੀਂ ਕਰ ਸਕਦੇ ਸਨ।

**ਕਿਨ੍ਹਾਂ ਨੂੰ ਨਹੀਂ ਸੀ ਸਫ਼ਰ ਕਰਨ ਦੀ ਇਜਾਜ਼ਤ ?**

ਜਾਣਕਾਰੀ ਅਨੁਸਾਰ, ਉਸ ਸਮੇਂ ਫਰਾਂਸ ਵਿੱਚ ਵੀ ਕਈ ਲੋਕਾਂ ਨੂੰ ਜਨਤਕ ਬੱਸ ਸੇਵਾ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਸੀ। ਇਹਨਾਂ ਵਿੱਚ ਸੈਨਿਕ ਅਤੇ ਕਿਸਾਨ ਵੀ ਸ਼ਾਮਲ ਸਨ।

# ਇੱਛਾ ਮੌਤ : ਕਿਸੇ ਨੂੰ ਇਹ ਦਿਨ ਨਾ ਦੇਖਣੇ ਪੈਣ

ਹਾਲ ਹੀ 'ਚ ਹਰੀਸ਼ ਰਾਣਾ ਨਾਂ ਦੇ 31 ਸਾਲਾ ਨੌਜਵਾਨ ਦੇ ਮਾਤਾ-ਪਿਤਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਇੱਛਾ ਮੌਤ ਦੀ ਇਜਾਜ਼ਤ ਦੇ ਦਿੱਤੀ। ਅਜਿਹਾ ਦੇਸ਼ 'ਚ ਪਹਿਲੀ ਵਾਰ ਹੋਇਆ। ਅਦਾਲਤ ਫੈਸਲਾ ਸੁਣਾਉਂਦੇ ਸਮੇਂ ਬਹੁਤ ਭਾਵੁਕ ਵੀ ਹੋ ਗਈ ਅਤੇ ਇਸ ਨੌਜਵਾਨ ਦੇ ਮਾਤਾ-ਪਿਤਾ ਨੂੰ ਸੈਲਿਊਟ ਵੀ ਕੀਤਾ। ਤੇਰਾਂ ਸਾਲਾਂ ਤੋਂ ਇਹ ਨੌਜਵਾਨ ਕੋਮਾ 'ਚ ਸੀ। ਉਸ ਦੇ ਪੂਰੇ ਸਰੀਰ ਨੂੰ ਲਕਵਾ ਵੀ ਮਾਰ ਗਿਆ ਸੀ। ਉਸ ਦੇ ਠੀਕ ਹੋਣ ਦੀ ਕੋਈ ਉਮੀਦ ਵੀ ਨਹੀਂ ਸੀ ਪਰ ਮਾਤਾ-ਪਿਤਾ ਅਤੇ ਛੋਟੇ ਭਰਾ ਨੇ ਉਸ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਮਾਤਾ-ਪਿਤਾ ਦੀ ਹਾਲਤ ਸੋਚ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ, ਜਿਨ੍ਹਾਂ ਨੂੰ ਆਪਣੇ ਬੇਟੇ ਦੀ ਮੌਤ ਦੀ ਇਜਾਜ਼ਤ ਅਦਾਲਤ ਤੋਂ ਲੈਣੀ ਪਈ। ਪਿਤਾ ਨੇ ਕਿਹਾ ਕਿ ਉਨ੍ਹਾਂ ਦਾ ਬੇਟਾ ਟਾਪਰ ਸੀ। ਨਾ ਜਾਣੇ ਉਸ ਦੇ ਕਿੰਨੇ ਸੁਪਨੇ ਸਨ। ਹੋਸਟਲ 'ਚ ਚੌਥੀ ਮੰਜ਼ਿਲ ਤੋਂ ਡਿੱਗਿਆ ਤਾਂ ਫਿਰ ਕਦੇ ਉੱਠ ਨਹੀਂ ਸਕਿਆ। ਮਾਂ ਸਿਸਕਦੇ ਹੋਏ ਬੋਲੀ ਕਿ ਸਾਡੇ ਤੋਂ ਬਾਅਦ ਉਸ ਦੀ ਦੇਖਭਾਲ ਕੌਣ ਕਰਦਾ, ਇਸ ਲਈ ਅਜਿਹਾ ਫੈਸਲਾ ਲੈਣਾ ਪਿਆ।





ਅਰਸੇ ਤੋਂ ਆਪਣੇ ਇੱਥੇ ਇੱਛਾ ਮੌਤ 'ਤੇ ਬਹਿਸ ਚੱਲ ਰਹੀ ਹੈ। ਮੁੰਬਈ ਦੀ ਨਰਸ ਅਰੁਣਾ ਸ਼ਾਨਬਾਗ ਵੀ ਦਹਾਕਿਆਂ ਤੱਕ ਕੋਮਾ 'ਚ ਰਹੀ। ਉਨ੍ਹਾਂ ਲਈ ਵੀ ਇੱਛਾ ਮੌਤ ਦੀ ਮੰਗ ਅਦਾਲਤ ਤੋਂ ਕੀਤੀ ਗਈ ਸੀ ਪਰ ਇਜਾਜ਼ਤ ਨਹੀਂ ਮਿਲੀ ਸੀ। ਬਾਅਦ 'ਚ ਨਿਮੋਨੀਏ ਨਾਲ ਉਨ੍ਹਾਂ ਦੀ ਮੌਤ ਹੋ ਗਈ। ਜਿਸ ਪਰਿਵਾਰ 'ਤੇ ਅਜਿਹੀ ਆਫਤ ਟੁੱਟਦੀ ਹੈ, ਉਨ੍ਹਾਂ ਦੇ ਦੁੱਖਾਂ ਬਾਰੇ ਬਿਆਨ ਨਹੀਂ ਕੀਤਾ ਜਾ ਸਕਦਾ। ਇਸੇ ਲਈ ਇਸ ਮਾਮਲੇ 'ਚ ਅਦਾਲਤ ਨੇ ਵੀ ਕਿਹਾ ਕਿ ਸਰਕਾਰ ਨੂੰ ਇਸ ਬਾਰੇ ਕਾਨੂੰਨ ਬਣਾਉਣਾ ਚਾਹੀਦਾ ਹੈ। ਕੁਝ ਸਾਲ ਪਹਿਲਾਂ ਅੰਗਰੇਜ਼ੀ ਦੇ ਇਕ ਅਖ਼ਬਾਰ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ 'ਚ ਭਰਤੀ ਅਜਿਹੇ ਮਰੀਜ਼ਾਂ ਬਾਰੇ ਇਕ ਰਿਪੋਰਟ ਛਾਪੀ ਸੀ। ਇਸ 'ਚ ਦੱਸਿਆ ਗਿਆ ਸੀ ਕਿ ਕਈ ਬ੍ਰੇਨ ਡੈੱਡ ਮਰੀਜ਼ ਉੱਥੇ ਸਾਲਾਂ ਤੋਂ ਭਰਤੀ ਹਨ। ਘਰ ਵਾਲਿਆਂ ਨੂੰ ਹਸਪਤਾਲ ਕਹਿੰਦਾ ਹੈ ਕਿ ਹੁਣ ਉਨ੍ਹਾਂ ਨੂੰ ਘਰ ਲੈ ਜਾਣ, ਜਿਸ ਨਾਲ ਕਿ ਹੋਰ ਮਰੀਜ਼ਾਂ ਨੂੰ ਉਨ੍ਹਾਂ ਦੇ ਬੈੱਡ ਮਿਲ ਸਕਣ ਪਰ ਘਰ ਵਾਲੇ ਇਸ ਲਈ ਤਿਆਰ ਨਹੀਂ ਹੁੰਦੇ। ਉਨ੍ਹਾਂ ਨੂੰ ਲੱਗਦਾ ਹੈ ਕਿ ਘਰ ਲਿਜਾ ਕੇ ਉਹ ਮਰੀਜ਼ਾਂ ਦੀ ਚੌਵੀ ਘੰਟੇ ਦੇਖਭਾਲ ਕਿਵੇਂ ਕਰਨਗੇ। ਹਸਪਤਾਲਾਂ ਦੀ ਮਜਬੂਰੀ ਇਹ ਹੁੰਦੀ ਹੈ ਕਿ ਉਨ੍ਹਾਂ ਕੋਲ ਸੀਮਤ ਸਰੋਤ ਹੁੰਦੇ ਹਨ, ਇਕ ਬੈੱਡ ਖਾਲੀ ਹੋਵੇ ਤਾਂ ਹੋ ਸਕਦਾ ਹੈ ਕਿ ਕਈ ਮਰੀਜ਼ ਉਸ ਲਾਈਨ 'ਚ ਲੱਗੇ ਹੋਣ। ਇੰਜ ਵੀ ਆਪਣੇ ਦੇਸ਼ ਵਿਚ ਹਸਪਤਾਲਾਂ ਦੀ ਭਾਰੀ ਕਮੀ ਹੈ। ਪ੍ਰਾਈਵੇਟ ਸੈਕਟਰ ਹਸਪਤਾਲਾਂ 'ਚ ਜਾਣ ਬਾਰੇ ਸਾਧਨਹੀਣ ਮਰੀਜ਼ ਤਾਂ ਸੋਚ ਵੀ ਨਹੀਂ ਸਕਦੇ। ਸਿੱਖਿਆ ਵਾਂਗ ਇਲਾਜ ਵੀ ਮਨੁੱਖ ਦੇ ਮੌਲਿਕ ਅਧਿਕਾਰਾਂ 'ਚ ਇਕ ਹੋਣਾ ਚਾਹੀਦਾ ਹੈ ਪਰ ਸ਼ਾਇਦ ਹੀ ਕੋਈ ਇਸ ਬਾਰੇ ਸੋਚਦਾ ਹੋਵੇ। ਇਸ ਤੋਂ ਇਲਾਵਾ ਜਿਉਂ-ਜਿਉਂ ਚਿਕਿਤਸਾ ਪ੍ਰਾਈਵੇਟ ਸੈਕਟਰ ਦੇ ਹੱਥਾਂ 'ਚ ਗਈ ਹੈ, ਇਲਾਜ ਮਹਿੰਗੇ ਤੋਂ ਮਹਿੰਗਾ ਹੁੰਦਾ ਗਿਆ ਹੈ। ਲੋਕਾਂ ਦੇ ਸਾਰੇ ਸਾਧਨ ਕਿਸੇ ਇਕ ਵਿਅਕਤੀ ਦੇ ਇਲਾਜ 'ਚ ਲੱਗ ਜਾਂਦੇ ਹਨ। ਫਿਰ ਵੀ ਬਹੁਤੀ ਵਾਰ ਮਰੀਜ਼ ਠੀਕ ਨਹੀਂ ਹੁੰਦਾ।

ਹਰੀਸ਼ ਰਾਣਾ ਦੇ ਪਰਿਵਾਰ ਨੂੰ ਵੀ ਉਸ ਦੇ ਘਰ ਰਹਿਣ 'ਤੇ ਇਲਾਜ ਲਈ ਆਪਣੀ ਤਿੰਨ ਮੰਜ਼ਿਲਾ ਜਾਇਦਾਦ ਤੱਕ ਵੇਚਣੀ ਪਈ ਸੀ। ਉਸ ਦੇ ਮਾਤਾ-ਪਿਤਾ ਨੇ ਇਹ ਵੀ ਕਿਹਾ ਕਿ ਅਦਾਲਤ ਦੇ ਇਸ ਫੈਸਲੇ ਨਾਲ ਉਨ੍ਹਾਂ ਵਰਗੇ ਅਨੇਕਾਂ ਪਰਿਵਾਰਾਂ ਨੂੰ ਰਾਹਤ ਮਿਲੇਗੀ, ਜੋ ਇਸ ਤਰ੍ਹਾਂ ਦੀ ਮੁਸੀਬਤ 'ਚੋਂ ਗੁਜ਼ਰ ਰਹੇ ਹਨ। ਉਹ ਸਾਲਾਂ ਤੋਂ ਬੇਟੇ ਨੂੰ ਇਸ ਲਾਚਾਰ ਅਵਸਥਾ 'ਚ ਦੇਖ ਰਹੇ ਹਨ ਅਤੇ ਕੁਝ ਕਰ ਵੀ ਨਹੀਂ ਸਕਦੇ। ਪੱਛਮ ਦੇ ਕਈ ਦੇਸ਼ਾਂ 'ਚ ਇੱਛਾ ਮੌਤ ਕਾਨੂੰਨੀ ਹੈ। ਤੁਹਾਨੂੰ ਯਾਦ ਹੋਵੇਗਾ ਕਿ ਕੁਝ ਸਾਲ ਪਹਿਲਾਂ ਆਸਟ ?ਰੇਲੀਆ ਦੇ ਇਕ ਸੌ ਸਾਲਾ ਵਿਗਿਆਨੀ ਇਸ ਦੇ ਲਈ ਸਵਿਟਜ਼ਰਲੈਂਡ ਗਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਉਸ ਨੇ ਬਹੁਤ ਜੀਅ ਲਿਆ ਹੈ, ਹੁਣ ਹੋਰ ਨਹੀਂ ? ਜਊਣਾ ਚਾਹੁੰਦਾ। ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਉਸ ਨੇ ਉੱਥੇ ਖ਼ੂਬ ਸੈਰ ਕੀਤੀ। ਜਦੋਂ ਉਸ ਤੋਂ ਪੁੱਛਿਆ ਗਿਆ ਕਿ ਕੀ ਉਸ ਨੂੰ ਪਤਾ ਹੈ ਕਿ ਉਸ ਨਾਲ ਕੀ ਹੋਵੇਗਾ, ਉਦੋਂ ਉਸ ਨੇ ਪੂਰੀ ਪ੍ਰਕਿਰਿਆ ਬਾਰੇ ਖ਼ੁਦ ਦੱਸਿਆ ਸੀ। ਅਗਲੇ ਦਿਨ ਹਸਪਤਾਲ 'ਚ ਉਸ ਦੀ ਇੱਛਾ ਅਨੁਸਾਰ ਇੰਜੈਕਸ਼ਨ ਦੇ ਕੇ ਉਸ ਨੂੰ ਮੁਕਤੀ ਦਿੱਤੀ ਗਈ ਸੀ। ਦਰਅਸਲ ਆਪਣੇ ਬੱਚੇ ਜਾਂ ਪਰਿਵਾਰ ਦੇ ਕਿਸੇ ਮੈਂਬਰ ਲਈ ਇਸ ਤਰ੍ਹਾਂ ਦੀ ਮੌਤ ਦੀ ਮੰਗ ਕਰਨੀ ਦਿਲ 'ਤੇ ਪੱਥਰ ਰੱਖਣ ਵਰਗਾ ਕੰਮ ਹੈ। ਇਸ ਲਈ ਬਹੁਤ ਹੌਸਲਾ ਚਾਹੀਦਾ ਹੈ ਪਰ ਜਦੋਂ ਹਾਲਾਤ ਆਪਣੇ ਹੱਥੋਂ ਨਿਕਲਣ ਲੱਗਦੇ ਹਨ, ਸਾਰੇ ਵਸੀਲੇ ਸੁੱਕ ਜਾਂਦੇ ਹਨ, ਸਰੀਰ ਦੀ ਹਿੰਮਤ ਜਵਾਬ ਦੇ ਜਾਂਦੀ ਹੈ, ਤਾਂ ਕੋਈ ਕਰੇ ਵੀ ਕੀ। ਕਿਸੇ ਗੰਭੀਰ ਬੀਮਾਰੀ ਜਾਂ ਹਾਦਸੇ ਦੇ ਕਾਰਨ ਕਿਸੇ ਨਾਲ ਅਜਿਹਾ ਹੋ ਜਾਵੇ ਕਿ ਉਸ ਦੇ ਜੀਵਨ ਦੀ ਸੰਭਾਵਨਾ ਬਿਲਕੁਲ ਨਾ ਬਚੇ, ਤਾਂ ਹੋਰ ਰਸਤਾ ਹੀ ਕੀ ਹੈ। ਆਸਟ ?ਰੇਲੀਆ ਦੇ ਵਿਗਿਆਨੀ ਨੂੰ ਤਾਂ ਅਜਿਹੀ ਕੋਈ ਸਮੱਸਿਆ ਨਹੀਂ ਸੀ ਪਰ ਉਨ੍ਹਾਂ ਦਾ ਕਹਿਣਾ ਸੀ ਕਿ ਹੁਣ ਜਿਊਣ ਤੋਂ ਉਨ੍ਹਾਂ ਦਾ ਮਨ ਭਰ ਗਿਆ ਹੈ। ਇਹ ਸੋਚ ਕੇ ਵੀ ਦਿਲ ਭਰ ਆਉਂਦਾ ਹੈ ਕਿ ਜਦੋਂ ਹਸਪਤਾਲ 'ਚ ਹਰੀਸ਼ ਰਾਣਾ ਦੇ ਸਾਰੇ ਮੈਡੀਕਲ ਸਪੋਰਟ ਹਟਾਏ ਜਾਣਗੇ, ਤਾਂ ਸਾਹਮਣੇ ਖੜ੍ਹੇ ਮਾਤਾ-ਪਿਤਾ ਅਤੇ ਹੋਰ ਲੋਕਾਂ 'ਤੇ ਕੀ ਗੁਜ਼ਰੇਗੀ। ਇਹੀ ਪ੍ਰਾਰਥਨਾ ਕੀਤੀ ਜਾ ਸਕਦੀ ਹੈ ਕਿ ਅਜਿਹੇ ਮਾੜੇ ਦਿਨ ਕਿਸੇ ਹੋਰ ਨੂੰ ਨਾ ਦੇਖਣੇ ਪੈਣ। ਕਿਸੇ ਨੂੰ ਇੰਨੀ ਬਿਪਤਾ 'ਚੋਂ ਨਾ ਲੰਘਣਾ ਪਵੇ।

# ਸੈਂਟ ਪੈਟਰਿਕ ਦਿਵਸ ਮੌਕੇ ਹਰੇ ਰੰਗ 'ਚ ਰੰਗਿਆ ਨਜ਼ਰ ਆਇਆ 'ਨਿਆਗਰਾ ਫਾਲਸ'

**ਵੈਨਕੂਵਰ, 17 ਮਰਚ (ਵਿਸ਼ੇਸ਼ ਪ੍ਰਤੀਨਿਧ) :** ਸੇਂਟ ਪੈਟ੍ਰਿਕ ਦਿਵਸ ਦੇ ਮੌਕੇ 'ਤੇ ਕੈਨੇਡਾ ਦੇ ਵਿਸ਼ਵ ਪ੍ਰਸਿੱਧ ਸੈਲਾਨੀ ਸਥਾਨ ਨਿਆਗਰਾ ਫਾਲਸ 'ਤੇ ਰਾਤ ਸਮੇਂ ਸ਼ਾਨਦਾਰ ਦ੍ਰਿਸ਼ ਦੇਖਣ ਨੂੰ ਮਿਲਿਆ, ਜਦੋਂ ਕੁਦਰਤ ਦੇ ਅਜੀਬ ਅਤੇ ਦਿਲਕਸ਼ ਅਜੂਬੇ ਨੂੰ ਹਰੇ ਰੰਗ ਦੀ ਰੌਸ਼ਨੀ ਨਾਲ ਰੌਸ਼ਨ ਕੀਤਾ ਗਿਆ। 'ਗਲੋਬਲ ਗ੍ਰੀਨਿੰਗ' ਮੁਹਿੰਮ ਦੇ ਹਿੱਸੇ ਵਜੋਂ ਆਯੋਜਿਤ ਕੀਤੇ ਇਸ ਵਿਸ਼ੇਸ਼ ਉਪਰਾਲੇ ਤਹਿਤ ਦੁਨੀਆ ਭਰ ਦੇ ਹੋਰਨਾ ਪ੍ਰਸਿੱਧ ਸੈਲਾਨੀ ਸਥਾਨਾਂ ਨੂੰ ਹਰੇ ਰੰਗ ਨਾਲ ਸਜਾਉਣ ਦੀ ਕੜੀ ਵਜੋਂ ਹੀ ਇਹ ਪ੍ਰੋਗਰਾਮ ਉਲੀਕਿਆ ਗਿਆ ਸੀ ਜਾਣਕਾਰੀ ਅਨੁਸਾਰ ਨਿਆਗਰਾ ਫਾਲਸ 'ਤੇ ਇਹ ਰੌਸ਼ਨੀ ਪ੍ਰੋਗਰਾਮ ਸ਼ਾਮ ਦੇ ਸਮੇਂ ਤੋਂ ਸ਼ੁਰੂ ਹੋ ਕੇ ਰਾਤ ਦੇ ਦੇਰ ਤੱਕ ਜਾਰੀ ਰਿਹਾ। ਇਸ ਦੌਰਾਨ ਹਰ ਘੰਟੇ ਦੇ ਸ਼ੁਰੂ ਵਿੱਚ 15 ਮਿੰਟ ਲਈ ਹਰੇ ਰੰਗ ਦੀ ਲਾਈਟਿੰਗ ਕੀਤੀ ਗਈ, ਜਿਸ ਨਾਲ ਦਰਸ਼ਕਾਂ ਨੂੰ ਵਾਰ-ਵਾਰ ਇਹ ਮਨਮੋਹਕ ਨਜ਼ਾਰਾ ਦੇਖਣ ਦਾ ਮੌਕਾ ਮਿਲਿਆ।



ਇਸ ਦੌਰਾਨ ਨਿਆਗਰਾ ਫਾਲਸ ਦੇ ਝਰਨੇ ਦੀ ਉਚਾਈ ਚੋਂ ਡਿੱਗਦੀਆਂ ਪਾਣੀ ਦੀਆਂ ਬਰੀਕ ਬੂੰਦਾਂ ਦੀ ਸੰਘਣੀ ਧੁੰਦ ਦੀ ਚਾਦਰ ਹਰੀ ਰੋਸ਼ਨੀ ਚ ਰੰਗੀ ਨਜ਼ਰੀ ਆਈ ਤਾਂ ਸਮੁੱਚਾ ਦ੍ਰਿਸ਼ ਹੋਰ ਵੀ ਮਨਮੋਹਕ ਦ੍ਰਿਸ਼ ਹੋਰ ਵੀ ਸੁਹਾਵਣਾ ਅਤੇ ਯਾਦਗਾਰੀ ਬਣਿਆ ਨਜ਼ਰੀ ਆਇਆ ਸੈਲਾਨੀਆਂ ਅਤੇ ਸਥਾਨਕ ਲੋਕਾਂ ਨੇ ਇਸ ਵਿਲੱਖਣ ਦ੍ਰਿਸ਼ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕਰਦਿਆਂ ਖ਼ੂਬ ਆਨੰਦ ਮਾਣਿਆ।

ਜ਼ਿਕਰਯੋਗ ਹੈ ਕਿ ਇਹ ਪ੍ਰੋਗਰਾਮ ਹਰ ਸਾਲ ਸੇਂਟ ਪੈਟ੍ਰਿਕ ਦਿਵਸ ਮੌਕੇ ਆਯੋਜਿਤ ਕੀਤਾ ਜਾਂਦਾ ਹੈ ਅਤੇ ਹੁਣ ਇਹ ਸੈਲਾਨੀਆਂ ਲਈ ਇੱਕ ਵੱਡਾ ਆਕਰਸ਼ਣ ਬਣ ਚੁੱਕਾ ਹੈ



# 'ਆਪ' ਵਿਧਾਇਕਾਂ ਦਾ ਗੈਸ ਦੀ ਕਿੱਲਤ ਖ਼ਿਲਾਫ਼ ਰੋਸ ਪ੍ਰਦਰਸ਼ਨ

## ਦੇਸ਼ ਦੀ ਅਜਿਹੀ ਹਾਲਤ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਕਰਾਰ



**ਚੰਡੀਗੜ੍ਹ, 17 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦਾ ਅੱਜ ਆਖ਼ਰੀ ਦਿਨ ਹੈ। ਅੱਜ ਸਦਨ 'ਚ ਰਸੋਈ ਗੈਸ ਦੀ ਘਾਟ ਦਾ ਮੁੱਦਾ ਪੂਰੇ ਜ਼ੋਰ-ਸ਼ੋਰ ਨਾਲ਼ ਉਠਾਇਆ ਗਿਆ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਇਕੱਠੇ ਹੋ ਕੇ ਗੈਸ ਦੀ ਕਿੱਲਤ ਖ਼ਿਲਾਫ਼ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਕੇਂਦਰ ਸਰਕਾਰ ਨੂੰ ਇਸ ਹਿਲਾਤ ਲਈ ਜ਼ਿੰਮੇਵਾਰ ਕਰਾਰ ਦਿੰਦਿਆਂ ਨਾਅਰੇਬਾਜ਼ੀ ਵੀ ਕੀਤੀ।

ਮੰਤਰੀਆਂ ਤੇ 'ਆਪ' ਦੇ ਵਿਧਾਇਕਾਂ ਨੇ ਖ਼ਾਸ ਤਰ੍ਹਾਂ ਦੇ ਚੋਗੇ ਜਿਹੇ ਪਾਏ ਹੋਏ ਸਨ। ਸਦਨ ਦੀ ਕਾਰਵਾਈ ਸ਼ੁਰੂ ਹੋਣ 'ਤੇ ਉਹ ਉਨ੍ਹਾਂ ਹੀ ਚੋਗਿਆਂ 'ਹ ਸਦਨ 'ਚ ਵੀ ਬੈਠ ਗਏ। ਤਦ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਸਦਨ ਦੀ ਮਰਿਆਦਾ ਨੂੰ ਨਿਰੰਤਰ ਕਾਇਮ ਰੱਖਣਾ ਸਾਡੀ ਮੈਂਬਰਾਂ ਦੀ ਹੀ ਆਪਣੀ ਜ਼ਿੰਮੇਵਾਰੀ ਹੈ। ਪਰ ਫਿਰ ਵੀ 'ਆਪ' ਦੇ ਕੁਝ ਵਿਧਾਇਕ ਆਪਣੀ ਅੜੀ 'ਤੇ ਕਾਇਮ ਰਹੇ। ਇਸ ਤੋਂ ਪਹਿਲਾਂ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ ਦੌਰਾਨ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਕਿ ਪੰਜਾਬ 'ਚ ਹੁਣ ਰਸੋਈ ਗੈਸ ਦੀ ਇੰਨੀ ਜ਼ਿਆਦਾ ਕਿੱਲਤ ਹੈ ਕਿ ਏਜੰਸੀਆਂ ਦਾ ਕੋਈ ਬੰਦਾ ਫ਼ੋਨ ਤੱਕ ਨਹੀਂ ਚੁੱਕਦਾ। ਜਿਸ ਕਾਰਨ ਸਿਲੰਡਰਾਂ ਦੀ ਬੁਕਿੰਗ ਵੀ ਨਹੀਂ ਹੋ ਸਕ ਰਹੀ।

ਇਸ ਕਾਰਣ ਆਮ ਲੋਕਾਂ ਨੂੰ ਵੱਡੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਨੂੰ ਲੰਮੀਆਂ-ਲੰਮੀਆਂ ਕਤਾਰਾਂ 'ਚ ਖਲੋਣਾ ਪੈ ਰਿਹਾ ਹੈ। ਪੰਜਾਬ ਦੇ ਲਗਭਗ ਸਾਰੇ ਹੀ ਸ਼ਹਿਰਾਂ 'ਚ ਹੁਣ ਗੈਸ ਦੀ ਕਿੱਲਤ ਵਧਦੀ ਹੀ ਜਾ ਰਹੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੇਸ਼ 'ਚ ਅਜਿਹੀ ਹਾਲਤ ਲਈ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ ਨੂੰ ਜ਼ਿੰਮੇਵਾਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ 'ਚ ਜ਼ਖ਼ੀਰੇਬਾਜ਼ਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ। ਪਰ ਕਾਲਾਬਾਜ਼ਾਰੀ ਕਰਨ ਵਾਲ਼ਿਆਂ ਵਿਰੁੱਧ ਬੇਹੱਦ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਧਰ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਸਦਨ ਨੂੰ ਦੱਸਿਆ ਕਿ ਰਾਜ ਵਿੱਚ ਬਿਜਲੀ ਦੀ ਸਪਲਾਈ ਬੇਰੋਕ ਜਾਰੀ ਰੱਖਣ ਲਈ ਛੇ ਕਰੋੜ ਰੁਪਏ ਦੀ ਲਾਗਤ ਨਾਲ਼ ਨਵੇਂ ਗ੍ਰਿੱਡ ਲਾਏ ਜਾ ਰਹੇ ਹਨ।

# 23 ਮਈ ਨੂੰ ਖੁੱਲ੍ਹਣਗੇ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ

- ਯਾਤਰਾ ਦੀਆਂ ਤਿਆਰੀਆਂ ਕੀਤੀਆਂ ਮੁਕੰਮਲ
- ਉਤਰਾਖੰਡ ਸਰਕਾਰ 'ਤੇ ਹੈ ਸ਼ਰਧਾਲੂਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ



**ਸ੍ਰੀ ਹੇਮਕੁੰਟ ਸਾਹਿਬ (ਉਤਰਾਖੰਡ), 17 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸਨਿੱਚਰਵਾਰ 23 ਮਈ ਨੂੰ ਖੁੱਲ੍ਹ ਜਾਣਗੇ। ਇਸ ਲਈ ਸਾਰੀਆਂ ਮੁੱਖ ਤਿਆਰੀਆਂ ਕਰ ਲਈਆਂ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਟਰੱਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਉਤਰਾਖੰਡ ਦੇ ਮੁੱਖ ਸਕੱਤਰ ਆਨੰਦ ਵਰਧਨ ਨਾਲ਼ ਮੀਟਿੰਗ ਤੋ ? ਬਾਅਦ ਇਹ ਜਾਣਕਾਰੀ ਦਿੱਤੀ। ਇੱਥੇ ਦੱਸ ਦੇਈਏ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਉਤਰਾਖੰਡ ਸੂਬੇ ਦੇ ਚਮੋਲੀ ਜ਼ਿਲ੍ਹੇ 'ਚ ਸਥਿਤ ਹੈ।

ਚੇਅਰਮੈਨ ਬਿੰਦਰਾ ਨੇ ਦੱਸਿਆ ਕਿ ਤੀਰਥ ਯਾਤਰੀਆਂ ਤੇ ਹੋਰ ਸ਼ਰਧਾਲੂਆਂ ਦੀ ਆਮਦ ਦੇ ਮਾਮਲੇ ਨੂੰ ਲੈ ਕੇ ਲੰਮੀ ਗੱਲਬਾਤ ਹੋਈ। ਮੌਜੂਦਾ ਮੌਸਮ ਦਾ ਵੀ ਜਾਇਜ਼ਾ ਲਿਆ ਗਿਆ। ਅੰਤ ਦੋਵੇਂ ਧਿਰਾਂ ਨੇ ਮਿਲ਼ ਕੇ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੋਲ੍ਹਣ ਦੀ ਤਰੀਕ 23 ਮਈ, 2026 ਤੈਅ ਕਰ ਦਿੱਤੀ। ਗੁਰੂਘਰ ਦਾ ਪ੍ਰਬੰਧਕੀ ਟ ?ਰੱਸਟ ਹਮੇਸ਼ਾ ਉਤਰਾਖੰਡ ਸਰਕਾਰ ਦੇ ਤਾਲਮੇਲ ਨਾਲ਼ ਹੀ ਯਾਤਰਾ ਦਾ ਪ੍ਰੋਗਰਾਮ ਤੈਅ ਕਰਦਾ ਹੈ। ਸ਼ਰਧਾਲੂਆਂ ਦੀ ਆਮਦ ਸਮੇਂ ਉਨ੍ਹਾਂ ਨੂੰ ਰਾਹ 'ਚ ਕਿਤੇ ਰੋਟੀ-ਪਾਣੀ ਦੀ ਕੋਈ ਤਕਲੀਫ਼ ਨਾ ਹੋਵੇ, ਇਸ ਲਈ ਹਰਿਦੁਆਰ, ਰਿਸ਼ੀਕੇਸ਼, ਸ਼੍ਰੀਨਗਰ, ਰਤੂੜਾ, ਜੋਸ਼ੀਮੱਠ, ਗੋਵਿੰਦਘਾਟ ਅਤੇ ਗੋਬਿੰਦ ਧਾਮ ਘੰਗਰੀਆ ਜਿਹੇ ਸਟੇਸ਼ਨਾਂ 'ਤੇ ਰਿਹਾਇਸ਼ ਤੇ ਲੰਗਰ ਦਾ ਇੰਤਜ਼ਾਮ ਵੀ ਟ ?ਰੱਸਟ ਵੱਲੋਂ ਕੀਤਾ ਜਾਂਦਾ ਹੈ। ਪਰ ਉੱਚੇ ਪਹਾੜੀ ਇਲਾਕਿਆਂ ਅਤੇ ਕੁਝ ਸੀਮਤ ਸੁਵਿਧਾਵਾਂ ਹੋਣ ਕਾਰਨ ਸ਼ਰਧਾਲੂਆਂ ਨੂੰ ਰਾਤ ਸਮੇਂ ਰੁਕਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ।

ਪਿਛਲੀ ਵਾਰ ਘੱਟ ਬਰਫ਼ਬਾਰੀ ਕਾਰਣ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕੁਝ ਛੇਤੀ ਸ਼ੁਰੂ ਹੋ ਗਈ ਸੀ। ਪਰ ਇਸ ਵਾਰ ਮੌਸਮ ਦੀ ਸਥਿਤੀ ਬਾਰੇ ਕੁਝ ਅਗਾਊਂ ਅਨੁਮਾਨ ਨਹੀਂ ਲਾਏ ਜਾ ਸਕਦੇ। ਇਸ ਦੇ ਬਾਵਜੂਦ ਟ ?ਰੱਸਟ ਨੇ ਇਸ ਵਾਰ ਵੀ ਯਾਤਰਾ ਕੁਝ ਛੇਤੀ ਸ਼ੁਰੂ ਕਰਨ ਦਾ ਫ਼ੈਸਲਾ ਲੈ ਲਿਆ ਹੈ। ਐਤਕੀਂ ਉਤਰਾਖੰਡ 'ਚ ਕੇਦਾਰਨਾਥ, ਬਦਰੀਨਾਥ, ਗੰਗੋਤਰੀ ਤੇ ਯਮੁਨੋਤਰੀ ਵਿਖੇ ਮੌਜੂਦ ਚਾਰ ਧਾਮ ਯਾਤਰਾ ਆਉਂਦੇ ਅਪ੍ਰੈਲ ਮਹੀਨੇ ਤੋਂ ਸ਼ੁਰੂ ਹੋਣ ਜਾ ਰਹੀ ਹੈ। ਉਤਰਾਖੰਡ ਸਰਕਾਰ ਨੇ ਭਰੋਸਾ ਦਿਵਾਇਆ ਹੈ ਕਿ ਸ੍ਰੀ ਹੇਮਕੁੰਟ ਸਾਹਿਬ ਅਤੇ ਚਾਰਧਾਮ ਦੀ ਯਾਤਰਾ ਉੱਤੇ ਆਉਣ ਵਾਲ਼ੇ ਸਾਰੇ ਹੀ ਸ਼ਰਧਾਲੂਆਂ ਦੀ ਸੁਰੱਖਿਆ ਦਾ ਖ਼ਾਸ ਧਿਆਨ ਰੱਖਿਆ ਜਾਵੇਗਾ। ਇਹ ਯਾਤਰਾ ਸੁਚਾਰੂ ਤੇ ਸੁਖਾਵੇਂ ਢੰਗ ਨਾਲ਼ ਕਰਵਾਉਣ ਦੇ ਸਾਰੇ ਜਤਨ ਕੀਤੇ ਜਾਣਗੇ। ਇੱਥੇ ਦੱਸ ਦੇਈਏ ਕਿ ਹੁਣ ਜਿੱਥੇ ਸ੍ਰੀ ਹੇਮਕੁੰਟ ਸਾਹਿਬ ਦਾ ਗੁਰੂਘਰ ਸਥਾਪਤ ਹੈ, ਉੱਥੇ ਹੀ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਛਲੇ ਜਨਮ ਵਿੱਚ ਧਿਆਨ ਲਾਇਆ ਸੀ। ਇਸ ਦਾ ਵਰਣਨ ਗੁਰੂ ਜੀ ਨੇ ਖ਼ੁਦ ਦਸਮ ਗ੍ਰੰਥ ਦੇ ਬਚਿੱਤਰ ਨਾਟਕ ਅਧਿਆਇ ਵਿੱਚ ਕੀਤਾ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਹਿਮਾਲਾ ਪਰਬਤਾਂ 'ਤੇ 15 ਹਜ਼ਾਰ ਫ਼ੁੱਟ ਤੋਂ ਵੱਧ ਦੀ ਉਚਾਈ ਉੱਤੇ ਸਥਿਤ ਹੈ।

# ਚੀਨ ਦੀ ਯੂਨੀਵਰਸਿਟੀ ਪੜ੍ਹਾਏਗੀ ਪੰਜਾਬੀ ਭਾਸ਼ਾ

- ਬਠਿੰਡਾ ਦੇ ਪ੍ਰੋਫ਼ੈਸਰ ਚੀਨ 'ਚ ਪੜ੍ਹਾਉਣਗੇ ਪੰਜਾਬੀ
- ਦੁਨੀਆਂ ਭਰ ਦੇ ਪੰਜਾਬੀ ਹੋਏ ਡਾਢੇ ਖ਼ੁਸ਼

**ਬੀਜਿੰਗ, 17 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਚੀਨ ਦੀ ਮਸ਼ਹੂਰ ਬੀਜਿੰਗ ਫਾਰੇਨ ਸਟਡੀਜ਼ ਯੂਨੀਵਰਸਿਟੀ (BFS") ਨੇ ਆਪਣੀਆਂ ਵਿਦੇਸ਼ੀ ਭਾਸ਼ਾਵਾਂ ਦੀ ਸੂਚੀ ਵਿੱਚ ਪੰਜਾਬੀ ਭਾਸ਼ਾ ਸ਼ਾਮਲ ਕਰ ਲਈ ਹੈ। ਇਸ ਨਾਲ ਯੂਨੀਵਰਸਿਟੀ ਵੱਲੋਂ ਪੜ੍ਹਾਈ ਜਾਣ ਵਾਲੀਆਂ ਭਾਸ਼ਾਵਾਂ ਦੀ ਗਿਣਤੀ 101 ਤੋਂ ਵਧ ਕੇ 102 ਹੋ ਗਈ ਹੈ। ਇਹ ਐਲਾਨ ਅੱਜ ਸੋਮਵਾਰ, 16 ਮਾਰਚ ਨੂੰ ਸਾਹਮਣੇ ਆਇਆ ਹੈ ਅਤੇ ਇਸ ਨੇ ਭਾਰਤ-ਚੀਨ ਸਬੰਧਾਂ, ਪੰਜਾਬੀ ਡਾਇਸਪੋਰਾ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਵਿੱਚ ਇੱਕ ਨਵਾਂ ਅਧਿਆਇ ਜੋੜ ਦਿੱਤਾ ਹੈ। ਇਸ ਤੋਂ ਪੰਜਾਬੀ ਡਾਢੇ ਖ਼ੁਸ਼ ਹਨ। BFS" ਚੀਨ ਦੀ ਸਭ ਤੋਂ ਵੱਡੀ ਵਿਦੇਸ਼ੀ ਭਾਸ਼ਾਵਾਂ ਵਾਲੀ ਯੂਨੀਵਰਸਿਟੀ ਹੈ, ਜੋ ਸਿੱਧੇ ਚੀਨੀ ਸਿੱਖਿਆ ਮੰਤਰਾਲੇ ਅਧੀਨ ਚੱਲਦੀ ਹੈ। ਇਸ ਨੇ 1960 ਤੋਂ ਹੀ ਵਿਦੇਸ਼ੀ ਭਾਸ਼ਾਵਾਂ ਦੀ ਪੜ੍ਹਾਈ ਤੇ ਖੋਜ ਉੱਤੇ ਧਿਆਨ ਕੇਂਦ੍ਰਿਤ ਕੀਤਾ ਹੈ। ਹੁਣ ਇਥੇ 102 ਵਿਦੇਸ਼ੀ ਭਾਸ਼ਾਵਾਂ (ਯੂਰਪੀ, ਏਸ਼ੀਆਈ, ਅਫ਼ਰੀਕੀ ਅਤੇ ਓਸ਼ਨੀਆਈ) ਪੜ੍ਹਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਘੱਟ ਪੜ੍ਹਾਈ ਜਾਣ ਵਾਲੀਆਂ ਭਾਸ਼ਾਵਾਂ ਵੀ ਸ਼ਾਮਲ ਹਨ। ਇਸ ਯੂਨੀਵਰਸਿਟੀ ਵਿੱਚ ਪਹਿਲਾਂ ਹੀ ਪੜ੍ਹਾਈਆਂ ਜਾਣ ਵਾਲ਼ੀਆ ਭਾਰਤੀ ਭਾਸ਼ਾਵਾਂ ਵਿੱਚ ਹਿੰਦੀ, ਉਰਦੂ, ਤਮਿਲ, ਬੰਗਾਲੀ, ਨੇਪਾਲੀ, ਸੰਸਕ੍ਰਿਤ ਅਤੇ ਪਾਲੀ ਸ਼ਾਮਲ ਹਨ। ਪੰਜਾਬੀ ਨੂੰ ਹੁਣ ਇਸ ਸੂਚੀ ਵਿੱਚ ਜੋੜਿਆ ਗਿਆ ਹੈ। ਯੂਨੀਵਰਸਿਟੀ ਦੀ ਵੈੱਬਸਾਈਟ (en.bfsu.edu.cn) 'ਤੇ ਭਾਸ਼ਾਵਾਂ ਦੀ ਪੂਰੀ ਲਿਸਟ ਵਿੱਚ ਪੰਜਾਬੀ ਦਾ ਨਾਮ ਸਪੱਸ਼ਟ ਤੌਰ ਤੇ ਸ਼ਾਮਲ ਹੈ। ਇਸ ਯੂਨੀਵਰਸਿਟੀ ਦਾ ਮੁੱਖ ਉਦੇਸ਼ ਚੀਨੀ ਵਿਦਿਆਰਥੀਆਂ, ਡਿਪਲੋਮੈਟਾਂ ਅਤੇ ਅਧਿਕਾਰੀਆਂ ਨੂੰ ਵਿਦੇਸ਼ੀ ਭਾਸ਼ਾਵਾਂ ਵਿੱਚ ਮਾਹਰ ਬਣਾਉਣਾ ਹੈ, ਤਾਂ ਜੋ ਚੀਨ ਦੀ ਵਿਦੇਸ਼ ਨੀਤੀ ਅਤੇ ਵਪਾਰੀ ਸਬੰਧਾਂ ਨੂੰ ਮਜ਼ਬੂਤ ਕੀਤਾ ਜਾ ਸਕੇ। ਪ੍ਰੋਫ਼ੈਸਰ ਜ਼ਮੀਰਪਾਲ ਕੌਰ ਸੰਧੂ ਬਾਜਵਾ ਨੂੰ ਪੰਜਾਬੀ ਭਾਸ਼ਾ ਪੜ੍ਹਾਉਣ ਲਈ ਨਿਯੁਕਤ ਕੀਤਾ ਗਿਆ ਹੈ। ਉਹ ਪਹਿਲਾਂ ਸੈਂਟ ?ਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਵਿੱਚ ਡੀਨ ਅਤੇ ਪ੍ਰੋਫ਼ੈਸਰ ਸਨ। ਉਹ ਚੀਨੀ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਪੰਜਾਬੀ ਇਤਿਹਾਸ ਅਤੇ ਸੱਭਿਆਚਾਰ ਪੜ੍ਹਾਉਣਗੇ। ਉਨ੍ਹਾਂ ਨੂੰ ਚੀਨੀ ਅਧਿਆਪਕਾਂ ਨੂੰ ਪੰਜਾਬੀ ਭਾਸ਼ਾ ਪੜ੍ਹਾਉਣ ਦੀ ਟ੍ਰੇਨਿੰਗ ਵੀ ਦੇਣੀ ਹੈ ਤਾਂ ਜੋ ਭਵਿੱਖ ਵਿੱਚ ਇਸ ਭਾਸ਼ਾ ਨੂੰ ਚੀਨ ਵਿੱਚ ਹੋਰ ਵਿਸਥਾਰ ਮਿਲੇ। ਪ੍ਰੋਫ਼ੈਸਰ ਬਾਜਵਾ ਨੇ ਮੀਡੀਆ ਨੂੰ ਦੱਸਿਆ: "ਭਾਸ਼ਾ ਪੜ੍ਹਾਉਣ ਤੋਂ ਇਲਾਵਾ ਮੈਂ ਪੰਜਾਬੀ ਇਤਿਹਾਸ ਅਤੇ ਸੱਭਿਆਚਾਰ ਬਾਰੇ ਕਲਾਸਾਂ ਵੀ ਲਵਾਂਗੀ ਅਤੇ ਚੀਨੀ ਅਧਿਆਪਕਾਂ ਨੂੰ ਪੰਜਾਬੀ ਸਿਖਾਉਣ ਲਈ ਟ੍ਰੇਨਿੰਗ ਦੇਵਾਂਗੀ। ਇਹ ਨਿਯੁਕਤੀ ਅਤੇ ਭਾਸ਼ਾ ਸ਼ਾਮਲ ਕਰਨਾ ਇੱਕ ਵੱਡਾ ਕਦਮ ਹੈ ਕਿਉਂਕਿ ਇਸ ਤੋਂ ਪਹਿਲਾਂ ਚੀਨ ਵਿੱਚ ਪੰਜਾਬੀ ਭਾਸ਼ਾ ਦੀ ਰਸਮੀ ਪੜ੍ਹਾਈ ਨਹੀਂ ਸੀ। ਚੀਨ ਵਿੱਚ ਰਹਿੰਦੇ ਪੰਜਾਬੀ ਹੁਣ ਕੈਨੇਡਾ, ਯੂਕੇ, ਅਮਰੀਕਾ, ਆਸਟ ?ਰੇਲੀਆ ਵਿੱਚ ਲੱਖਾਂ ਸਿੱਖ/ਪੰਜਾਬੀਆਂ ਨਾਲ ਜੁੜ ਕੇ ਵਪਾਰ ਅਤੇ ਡਿਪਲੋਮੈਸੀ ਵਧਾਉਣਾ ਚਾਹੁੰਦੇ ਹਨ। ਯੂਨੀਵਰਸਿਟੀ ਦੇ ਇਸ ਕਦਮ ਨਾਲ਼ ਪੰਜਾਬੀ ਭਾਸ਼ਾ ਨੂੰ ਵਿਸ਼ਵ ਪੱਧਰ ਤੇ ਮਾਨਤਾ ਮਿਲ਼ੇਗੀ। ਪੰਜਾਬ ਦੀਆਂ ਯੂਨੀਵਰਸਿਟੀਆਂ ਲਈ ਵੀ ਇੱਕ ਵੱਡੀ ਖ਼ੁਸ਼ਖ਼ਬਰੀ ਹੈ। ਚੀਨੀ ਵਿਦਿਆਰਥੀ ਵੀ ਹੁਣ ਪੰਜਾਬੀ ਇਤਿਹਾਸ, ਗੁਰੂ ਸਾਹਿਬਾਨ, ਭਗਤੀ ਲਹਿਰ ਅਤੇ ਆਧੁਨਿਕ ਪੰਜਾਬੀ ਸਾਹਿਤ ਤੋਂ ਜਾਣੂ ਹੋਣਗੇ। ਚੀਨ ਆਪਣੀ ਵਿਦੇਸ਼ ਨੀਤੀ ਲਈ ਘੱਟ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਤੇ ਖ਼ਾਸ ਧਿਆਨ ਦੇ ਰਿਹਾ ਹੈ। ਪੰਜਾਬੀ ਇਸ ਲੜੀ ਵਿੱਚ ਇੱਕ ਨਵਾਂ ਰਤਨ ਹੈ। BFS" ਪਹਿਲਾਂ ਹੀ ਹਿੰਦੀ ਅਤੇ ਉਰਦੂ ਵਰਗੀਆਂ ਭਾਰਤੀ ਭਾਸ਼ਾਵਾਂ ਪੜ੍ਹਾਉਂਦੀ ਰਹੀ ਹੈ। ਪੰਜਾਬੀ ਦਾ ਇਸ ਵਿੱਚ ਸ਼ਾਮਲ ਹੋਣਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਚੀਨ ਹੁਣ ਪੰਜਾਬੀ ਭਾਈਚਾਰੇ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਪ੍ਰੋਫ਼ੈਸਰ ਬਾਜਵਾ ਵਰਗੀ ਭਾਰਤੀ ਵਿਦਵਾਨ ਦੀ ਨਿਯੁਕਤੀ ਨਾਲ ਇਹ ਪ੍ਰੋਗਰਾਮ ਹੋਰ ਪ੍ਰਮਾਣਿਕ ਬਣੇਗਾ। ਭਵਿੱਖ ਵਿੱਚ ਇਸ ਤੋਂ ਡਿਗਰੀ ਪ੍ਰੋਗਰਾਮ, ਆਨਲਾਈਨ ਕੋਰਸ ਜਾਂ ਚੀਨ-ਪੰਜਾਬ ਐਕਸਚੇਂਜ ਪ੍ਰੋਗਰਾਮ ਵੀ ਸ਼ੁਰੂ ਹੋ ਸਕਦੇ ਹਨ। ਭਾਰਤੀ ਵਿਦਿਆਰਥੀਆਂ ਲਈ ਵੀ ਚੀਨ ਵਿੱਚ ਪੜ੍ਹਨ ਦੇ ਮੌਕੇ ਵਧ ਸਕਦੇ ਹਨ। ਇਸ ਨੂੰ "ਪੰਜਾਬੀ ਭਾਸ਼ਾ ਦਾ ਨਵਾਂ ਯੁੱਗ"ਕਿਹਾ ਜਾ ਰਿਹਾ ਹੈ।




# ਕੈਨੇਡਾ ਦਾ ਨਵਾਂ ਇਮੀਗ੍ਰੇਸ਼ਨ ਬਿਲ ਸੀ 12 ਕਿਸੇ ਲਈ ਸੁਰੱਖਿਆ ਦਾ ਸਾਧਨ ਤੇ ਕਿਸੇ ਲਈ ਖ਼ਤਰੇ ਦੀ ਘੰਟੀ ਬਣ ਆ ਰਿਹਾ ਹੈ



ਸੁਰਜੀਤ ਸਿੰਘ ਫਲੋਰਾ

ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਦਹਾਕਿਆਂ ਬਾਅਦ ਇੰਨਾ ਵੱਡਾ ਹਿਲਾਵ ਕਦੇ ਕਦੇ ਹੀ ਵੇਖਣ ਨੂੰ ਮਿਲਦਾ ਹੈ। 12 ਮਾਰਚ 2026 ਨੂੰ ਸੈਨੇਟ ਨੇ ਬਿਲ ਸੀ-12 ਨੂੰ ਸੋਧਾਂ ਸਮੇਤ ਤੀਜੀ ਪੜ੍ਹਤ ਵਿੱਚ ਪਾਸ ਕਰ ਦਿੱਤਾ। ਹੁਣ ਇਹ ਹਾਊਸ ਆਫ ਕਾਮਨਜ਼ ਵਿੱਚ ਆਖਰੀ ਮਨਜ਼ੂਰੀ ਲਈ ਵਾਪਸ ਜਾਵੇਗਾ। ਇਹ ਸਿਰਫ਼ ਇਕ ਹੋਰ ਤਕਨੀਕੀ ਬਦਲਾਵ ਨਹੀਂ ਹੈ। ਇਹ ਉਹ ਕਿਸਮ ਦਾ ਕਾਨੂੰਨੀ ਪੈਕੇਜ ਹੈ ਜੋ ਹਜ਼ਾਰਾਂ ਲੋਕਾਂ ਦੇ ਰਾਹ, ਉਮੀਦ ਅਤੇ ਹੱਕਾਂ ਨੂੰ ਸਿੱਧਾ ਛੂਹ ਸਕਦਾ ਹੈ। ਇਹ ਬਿੱਲ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨ ਅਤੇ ਸੰਗਠਿਤ ਅਪਰਾਧੀਆਂ ਵੱਲੋਂ ਫਿਰੌਤੀ ਦੇ ਮਾਮਲਿਆਂ ਵਿੱਚ ਵਰਤੀਆਂ ਜਾਂਦੀਆਂ ਕਾਨੂੰਨੀ ਖਾਮੀਆਂ ਨੂੰ ਬੰਦ ਕਰਨ ਲਈ ਲਿਆਂਦਾ ਗਿਆ ਹੈ। ਦੱਖਣੀ ਇਲਾਕੇ ਵਿੱਚ ਲੋਕ ਫਿਰੌਤੀ ਅਤੇ ਸੰਗਠਿਤ ਅਪਰਾਧ ਕਾਰਨ ਲਗਾਤਾਰ ਡਰ ਦੇ ਸਾਏ ਵਿੱਚ ਜੀ ਰਹੇ ਹਨ। ਲੋਕਾਂ ਨੇ ਪੁਲਿਸ ਵੱਲੋਂ ਅਪਰਾਧੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਤਾਂ ਦੇਖਿਆ ਹੈ ਪਰ ਫਿਰ ਉਹੀ ਵਿਅਕਤੀ ਕੈਨੇਡਾ ਵਿੱਚ ਲੰਬਾ ਸਮਾਂ ਰਹਿਣ ਦੇ ਬਾਵਜੂਦ ਸ਼ਰਨਾਰਥੀ ਦਾਅਵੇ ਦਾ ਸਹਾਰਾ ਲੈ ਕੇ ਦੇਸ਼ ਨਿਕਾਲੇ ਦੀ ਪ੍ਰਕਿ ?ਰਿਆ ਵਿੱਚ ਅੜਿੱਕੇ ਪਾਉਂਦੇ ਹਨ। ਇਹ ਲੋਕ ਕਾਨੂੰਨੀ ਪ੍ਰਕਿ ?ਰਿਆ ਦਾ ਗਲਤ ਫਾਇਦਾ ਉਠਾ ਕੇ ਭਾਰਤ ਵਾਪਸ ਭੇਜੇ ਜਾਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ।

ਇਸ ਦੇ ਨਾਲ ਹੀ ਇਹ ਬਿਲ ਸੀ-12 ਜਿੱਥੇ ਫਿਰੌਤੀ ਅਤੇ ਹਿੰਸਕ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਕੋਲ ਮਿਆਦ ਪੁੱਗ ਚੁੱਕੇ ਵੀਜ਼ੇ ਜਾਂ ਗੈਰ ਕਾਨੂੰਨੀ ਸਟੂਡੈਂਟ ਵੀਜ਼ੇ ਸਨ ਅਤੇ ਅਪਰਾਧਿਕ ਨੈੱਟਵਰਕ ਨਾਲ ਜੁੜੇ ਅਜਿਹੇ ਲੋਕਾਂ ਨੂੰ ਦੇਸ਼ ਵਿੱਚੋਂ ਕੱਢਣ ਦੀ ਪ੍ਰਕਿ ?ਰਿਆ ਤੇਜ਼ ਹੋ ਜਾਵੇਗੀ। ਇਸ ਨਾਲ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਅਪਰਾਧ ਨੂੰ ਰੋਕਣ ਲਈ ਲੋੜੀਂਦੇ ਸਾਧਨ ਮਿਲਣਗੇ। ਬਹੁਤ ਸਾਰੇ ਲੋਕਾਂ ਦੀਆਂ ਨਜ਼ਰਾਂ ਸੈਨੇਟ ਉੱਤੇ ਸਨ, ਆਖਿਰ 12 ਮਾਰਚ ਨੂੰ ਇਹ ਪਾਸ ਕਰ ਹੀ ਦਿੱਤਾ ਗਿਆ। ਬਿਲ ਦੇ ਤਿੰਨ ਕੇਂਦਰੀ ਹਿੱਸੇ ਸਭ ਤੋਂ ਧਿਆਨ ਖਿੱਚਦੇ ਹਨ। ਪਹਿਲਾਂ, ਸਰਕਾਰ ਨੂੰ ਇਮੀਗ੍ਰੇਸ਼ਨ ਦਸਤਾਵੇਜ਼ਾਂ ਬਾਰੇ ਵੱਡੇ ਕਾਰਜਕਾਰੀ ਅਧਿਕਾਰ ਮਿਲ ਸਕਦੇ ਹਨ। ਦੂਜਾ, ਅਸਲਿਮ ਕਲੇਮ ਲਈ ਨਵੇਂ ਸੋਧੇ ਹੋਏ ਨਿਯਮ ਆ ਸਕਦੇ ਹਨ। ਤੀਜਾ, ਨਿੱਜੀ ਜਾਣਕਾਰੀ ਹੋਰ ਏਜੰਸੀਆਂ ਅਤੇ ਕੁਝ ਹਾਲਤਾਂ ਵਿੱਚ ਵਿਦੇਸ਼ੀ ਇਕਾਈਆਂ ਨਾਲ ਸਾਂਝੀ ਕਰਨ ਦੇ ਨਵੇਂ ਨਿਯਮ ਲਾਗੂ ਹੋ ਸਕਦੇ ਹਨ। ਇਸ ਲਈ ਇਹ ਬਿਲ ਸਿਰਫ਼ ਸਰਹੱਦ ਬਾਰੇ ਨਹੀਂ, ਰਾਜ ਦੀ ਤਾਕਤ ਦੇ ਦਾਇਰੇ ਬਾਰੇ ਵੀ ਹੈ। ਬਿਲ ਸੀ-12 ਸਰਕਾਰ ਨੂੰ ਕਿਹੜੇ ਨਵੇਂ ਇਮੀਗ੍ਰੇਸ਼ਨ ਅਧਿਕਾਰ ਦੇ ਸਕਦਾ ਹੈ। ਇਹ ਬਿਲ ਜਨਤਕ ਹਿਤ ਨੂੰ ਸਪਸ਼ਟ ਵੀ ਕਰਦਾ ਹੈ। ਇਸ ਵਿੱਚ ਪ੍ਰਸ਼ਾਸਕੀ ਗਲਤੀਆਂ, ਧੋਖਾਧੜੀ, ਜਨ ਸਿਹਤ, ਜਨ ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਵਰਗੀਆਂ ਹਾਲਤਾਂ ਨਾਲ ਕਿਵੇਂ ਪੇਸ਼ ਆਉਣਾ ਵਾਰੇ ਵੀ ਖਾਸ ਹਦਾਇਤਾਂ ਸ਼ਾਮਲ ਹਨ। ਇਹ ਭਾਗ ਡਰ ਪੈਦਾ ਕਰਨ ਲਈ ਨਹੀਂ, ਸਮਝਣ ਲਈ ਹੈ। ਸਰਕਾਰ ਦਾ ਤਰਕ ਇਹ ਹੋ ਸਕਦਾ ਹੈ ਕਿ ਕੁਝ ਸਥਿਤੀਆਂ ਤੇਜ਼ ਜਵਾਬ ਮੰਗਦੀਆਂ ਹਨ। ਮਿਸਾਲ ਵਜੋਂ, ਜੇ ਕਿਸੇ ਪ੍ਰੋਗਰਾਮ ਵਿੱਚ ਵੱਡੀ ਧੋਖਾਧੜੀ ਸਾਹਮਣੇ ਆਵੇ, ਤਾਂ ਪੁਰਾਣੇ ਢੰਗ ਨਾਲ ਇੱਕ ਇੱਕ ਕੇਸ ਚਲਾਉਣਾ ਹੋਲੀ ਹੋ ਸਕਦਾ ਹੈ।ਇਸ ਬਿਲ ਨਾਲ ਵੱਡਾ ਹੁਕਮ ਜਾਰੀ ਕਰਕੇ ਸਰਕਾਰ ਇਹਨਾਂ ਨੂੰ ਜਲਦੀ ਨਿਪਟਾ ਸਕਦੀ ਹੈ। ਇਸ ਤਾਕਤ ਦਾ ਸਿੱਧਾ ਮਤਲਬ ਇਹ ਵੀ ਹੈ ਕਿ ਸਰਕਾਰ ਕੁਝ ਅਰਜ਼ੀਆਂ ਲੈਣੀ ਬੰਦ ਕਰ ਸਕਦੀ ਹੈ। ਉਹ ਪ੍ਰੋਸੈਸਿੰਗ ਰੋਕ ਸਕਦੀ ਹੈ। ਕੁਝ ਮਾਮਲਿਆਂ ਵਿੱਚ ਚੱਲ ਰਹੀਆਂ ਅਰਜ਼ੀਆਂ ਨੂੰ ਖਤਮ ਵੀ ਕੀਤਾ ਜਾ ਸਕਦਾ ਹੈ। ਇਹ ਗੱਲ ਖ਼ਾਸ ਤੌਰ ਤੇ ਵਰਕ ਪਰਮਿਟ, ਸਟਡੀ ਪਰਮਿਟ, ਵਿਜ਼ਟਰ ਵੀਜ਼ਾ ਅਤੇ ਪੱਕੀ ਨਿਵਾਸ ਵੀਜ਼ਾ ਵਰਗੇ ਦਸਤਾਵੇਜ਼ਾਂ ਲਈ ਮਹੱਤਵਪੂਰਨ ਹੈ। ਇਸ ਤੋਂ ਅੱਗੇ, ਸਰਕਾਰ ਇਹ ਦਸਤਾਵੇਜ਼ ਰੱਦ, ਮੁਅੱਤਲ ਜਾਂ ਬਦਲ ਵੀ ਸਕਦੀ ਹੈ। ਆਰਜ਼ੀ ਰਹਿਣ ਵਾਲਿਆਂ ਉੱਤੇ ਨਵੀਆਂ ਜਾਂ ਬਦਲੀਆਂ ਸ਼ਰਤਾਂ ਵੀ ਲਗ ਸਕਦੀਆਂ ਹਨ। ਮਿਸਾਲ ਲਈ, ਮੰਨੋ ਕਿਸੇ ਖਾਸ ਕਿਸਮ ਦੇ ਸਟਡੀ ਪਰਮਿਟ ਉੱਤੇ ਅਚਾਨਕ ਨੀਤੀ ਬਦਲਾਅ ਆ ਜਾਂਦਾ ਹੈ, ਕਿਉਂਕਿ ਸਰਕਾਰ ਨੂੰ ਵੱਡੇ ਪੱਧਰ ਦੀ ਗਲਤ ਵਰਤੋਂ ਦਾ ਸ਼ੱਕ ਹੈ। ਫਿਰ ਨਵੇਂ ਪਰਮਿਟ ਜਾਰੀ ਹੋਣੋ ਰੁਕ ਸਕਦੇ ਹਨ, ਜਾਂ ਪਹਿਲਾਂ ਜਾਰੀ ਪਰਮਿਟਾਂ ਦੀਆਂ ਸ਼ਰਤਾਂ ਬਦਲ ਸਕਦੀਆਂ ਹਨ। ਇੱਕ ਵਿ ?ਦਿਆਰਥੀ ਲਈ ਇਹ ਸਿਰਫ਼ ਕਾਗਜ਼ੀ ਮਸਲਾ ਨਹੀਂ ਰਹਿੰਦਾ, ਉਸ ਦੀ ਪੜ੍ਹਾਈ, ਨੌਕਰੀ ਅਤੇ ਘਰ ਦੀ ਯੋਜਨਾ ਵੀ ਹਿਲ ਸਕਦੀ ਹੈ। ਬਿਲ ਦੇ ਅਨੁਸਾਰ ਅਧਿਕਾਰਾਂ ਦੀ ਗਲ ਕਰੀਏ ਤਾਂ , ਜਦੋਂ ਐਸੇ ਹੁਕਮ ਵਰਤੇ ਜਾਣਗੇ, ਤਾਂ ਇਮੀਗ੍ਰੇਸ਼ਨ ਮੰਤਰੀ ਨੂੰ ਸੰਸਦ ਅੱਗੇ ਉਹਨਾਂ ਦੀ ਵਜ੍ਹਾ ਰੱਖਣੀ ਪਵੇਗੀ। ਨਾਲ ਹੀ ਇਹ ਵੀ ਦੱਸਣਾ ਪਵੇਗਾ ਕਿ ਕੌਣ ਪ੍ਰਭਾਵਿਤ ਹੋਇਆ ਅਤੇ ਕਿਵੇਂ ਹੋਇਆ। ਇੱਥੇ ਇੱਕ ਮਹੱਤਵਪੂਰਨ ਸੰਤੁਲਨ ਦਿਖਦਾ ਹੈ। ਸਰਕਾਰ ਨੂੰ ਤੁਰੰਤ ਕਾਰਵਾਈ ਦਾ ਹੱਕ ਮਿਲਦਾ ਹੈ, ਪਰ ਬਾਅਦ ਵਿੱਚ ਉਸ ਨੂੰ ਆਪਣਾ ਹਿਸਾਬ ਵੀ ਦੇਣਾ ਪਵੇਗਾ। ਇਸ ਦੇ ਨਾਲ, ਕਾਨੂੰਨ ਲਾਗੂ ਹੋਣ ਤੋਂ ਪੰਜ ਸਾਲ ਬਾਅਦ ਉਸ ਦੇ ਅਸਰ ਦੀ ਸੰਸਦੀ ਸਮੀਖਿਆ ਵੀ ਹੋਵੇਗੀ। ਇਹ ਛੋਟੀ ਗੱਲ ਨਹੀਂ। ਕਈ ਵਾਰ ਕਾਨੂੰਨ ਸ਼ੁਰੂ ਵਿੱਚ ਕਾਗਜ਼ ਉੱਤੇ ਠੀਕ ਲੱਗਦੇ ਹਨ, ਪਰ ਅਸਰ ਅਸਲ ਜ਼ਿੰਦਗੀ ਵਿੱਚ ਹੋਰ ਨਿਕਲਦਾ ਹੈ। ਸਮੀਖਿਆ ਉਸ ਫ਼ਰਕ ਨੂੰ ਪਕੜਣ ਦਾ ਸਾਧਨ ਬਣ ਸਕਦੀ ਹੈ।

**ਅਸਲਿਮ ਨਿਯਮਾਂ ਵਿੱਚ ਸਖ਼ਤੀ ਕਿਵੇਂ ਆ ਸਕਦੀ ਹੈ ?**

ਬਿਲ ਸੀ-12 ਅਸਲਿਮ ਪ੍ਰਕਿ ?ਰਿਆ ਨੂੰ ਵੀ ਹੋਰ ਸਖ਼ਤ ਕਰ ਸਕਦਾ ਹੈ। ਇਹ ਦੋ ਨਵੇਂ ਅਧਾਰ ਲਿਆਉਂਦਾ ਹੈ, ਜਿਨ੍ਹਾਂ ਹੇਠ ਕੁਝ ਕਲੇਮ ਇੰਮੀਗਰੇਸ਼ਨ ਅਤੇ ਰਿਫ਼ੂਜੀ ਬੋਰਡ ਤੱਕ ਭੇਜੇ ਹੀ ਨਹੀਂ ਜਾਣਗੇ। ਸਮੇਂ ਦੀ ਲੜੀ ਨਾਲ ਵੇਖਿਆ ਜਾਵੇ ਤਾਂ ਇਹ ਬਦਲਾਅ ਹੋਰ ਸਪਸ਼ਟ ਬਣਦੇ ਹਨ। ਉਹਨਾਂ ਦੇ ਫੈਸਲੇ ਬਿੰਨ੍ਹਾ ਕਿਸੇ ਸੁਣਵਾਈ ਉਹਨਾਂ ਦੇ ਹੱਕ ਵਿਚ ਜਾਂ ਵਿਰੋਧ ਵਿਚ ਸੁਣਾਏ ਜਾ ਸਕਦੇ ਹਨ। ਪਹਿਲਾ ਅਧਾਰ 24 ਜੂਨ 2020 ਤੋਂ ਬਾਅਦ ਪਹਿਲੀ ਵਾਰ ਕੈਨੇਡਾ ਆਏ ਲੋਕਾਂ ਨਾਲ ਜੁੜਦਾ ਹੈ। ਜੇ ਉਹ ਆਪਣੀ ਪਹਿਲੀ ਐਂਟਰੀ ਤੋਂ ਇੱਕ ਸਾਲ ਬਾਅਦ ਅਸਲਿਮ ਕਲੇਮ ਦਿੰਦੇ ਹਨ, ਤਾਂ ਉਹ ਇੰਮੀਗਰੇਸ਼ਨ ਅਤੇ ਰਿਫ਼ੂਜੀ ਬੋਰਡ ਰਿਫਰਲ ਲਈ ਅਣਅਹਲ ਹੋ ਸਕਦੇ ਹਨ। ਦੂਜਾ ਅਧਾਰ ਕੈਨੇਡਾ-ਅਮਰੀਕਾ ਜ਼ਮੀਨੀ ਸਰਹੱਦ ਰਾਹੀਂ, ਪ੍ਰਵੇਸ਼ ਬੰਦਰਗਾਹ ਤੋਂ ਬਾਹਰ ਦਾਖਲ ਹੋਣ ਵਾਲਿਆਂ ਨਾਲ ਜੁੜਦਾ ਹੈ। ਇੱਥੇ ਮੌਜੂਦਾ ਨਿਯਮ ਨਾਲ ਫ਼ਰਕ ਧਿਆਨਯੋਗ ਹੈ। ਹੁਣ ਤੱਕ ਕੁਝ ਹਾਲਤਾਂ ਵਿੱਚ ਐਸੇ ਦਾਖਲ ਹੋਏ ਕਲੇਮ 14 ਦਿਨ ਬਾਅਦ ਕਲੇਮ ਕਰ ਸਕਦੇ ਸਨ। ਬਿਲ ਇਸ ਰਸਤੇ ਨੂੰ ਕਾਫ਼ੀ ਤੰਗ ਕਰ ਦੇਵੇਗਾ। ਹੋਰ ਸਖ਼ਤ ਗੱਲ ਇਹ ਹੈ ਕਿ ਇਹ ਦੋਵੇਂ ਅਧਾਰ 3 ਜੂਨ 2025 ਤੱਕ ਪਿੱਛੇ ਲਾਗੂ ਹੋ ਸਕਦੇ ਹਨ, ਕਿਉਂਕਿ ਉਸ ਦਿਨ ਇਸ ਤੋਂ ਪਹਿਲਾਂ ਵਾਲਾ ਬਿਲ ਸੀ-2 ਪੇਸ਼ ਹੋਇਆ ਸੀ। ਇਹ ਬਦਲਾਅ ਕਾਨੂੰਨੀ ਤੌਰ ਤੇ ਵੱਡੇ ਹਨ, ਕਿਉਂਕਿ ਇੰਮੀਗਰੇਸ਼ਨ ਅਤੇ ਰਿਫ਼ੂਜੀ ਬੋਰਡ ਤੱਕ ਪਹੁੰਚ ਅਸਲਿਮ ਪ੍ਰਕਿ ?ਰਿਆ ਦਾ ਕੇਂਦਰੀ ਦਰਵਾਜ਼ਾ ਹੈ। ਜਦੋਂ ਉਹ ਦਰਵਾਜ਼ਾ ਹੀ ਬੰਦ ਹੋ ਜਾਵੇ, ਤਾਂ ਪ੍ਰਕਿ ?ਰਿਆ ਦੀ ਦਿਸ਼ਾ ਤੁਰੰਤ ਬਦਲ ਜਾਂਦੀ ਹੈ। ਇਸ ਲਈ ਇਹ ਸਿਰਫ਼ ਯੋਗਤਾ ਦਾ ਟੈਸਟ ਨਹੀਂ, ਸਿਸਟਮ ਵਿੱਚ ਦਾਖਲੇ ਦੀ ਨਵੀਂ ਲਕੀਰ ਹੈ। ਜੋ ਅਣਅਹਲ ਹੋਣਗੇ, ਉਨ੍ਹਾਂ ਕੋਲ ਫਿਰ ਵੀ ਕਿਹੜੇ ਵਿਕਲਪ ਰਹਿਣਗੇ। ਇੰਮੀਗਰੇਸ਼ਨ ਅਤੇ ਰਿਫ਼ੂਜੀ ਬੋਰਡ ਰਿਫਰਲ ਨਾ ਮਿਲਣ ਦੇ ਬਾਵਜੂਦ ਕੁਝ ਲੋਕਾਂ ਲਈ ਰਸਤਾ ਖੁੱਲ੍ਹਾ ਰਹੇਗਾ। ਸਧਾਰਣ ਭਾਸ਼ਾ ਵਿੱਚ, ਇਹ ਉਹ ਜਾਂਚ ਹੈ ਜਿਸ ਵਿੱਚ ਦੇਖਿਆ ਜਾਂਦਾ ਹੈ ਕਿ ਕਿਸੇ ਵਿਅਕਤੀ ਨੂੰ ਵਾਪਸ ਭੇਜਣ ਨਾਲ ਉਸ ਦੀ ਜਾਨ ਜਾਂ ਸੁਰੱਖਿਆ ਨੂੰ ਖ਼ਤਰਾ ਤਾਂ ਨਹੀਂ। ਪਰ ਬਿਲ ਇੱਥੇ ਵੀ ਸਖ਼ਤੀ ਲਿਆਉਂਦਾ ਹੈ। ਜੇ ਕੋਈ ਦਾਅਵਾਦਾਰ ਆਪਣੇ ਹੀ ਖਤਰੇ ਵਾਲੇ ਦੇਸ਼ ਵਿੱਚ ਖੁਦ ਵਾਪਸ ਜਾਂਦਾ ਹੈ, ਤਾਂ ਉਸ ਦਾ ਕਲੇਮ ਧੋਖਾ ਮੰਨਿਆ ਜਾ ਸਕਦਾ ਹੈ। ਨਾਲ ਹੀ, ਕੈਨੇਡਾ ਤੋਂ ਬਾਹਰ ਮੌਜੂਦ ਵਿਅਕਤੀਆਂ ਦੇ ਕਲੇਮ ਨਹੀਂ ਸੁਣੇ ਜਾਣਗੇ। ਇਸ ਬਿਲ ਦੀ ਸਭ ਤੋਂ ਡੂੰਘੀ ਚਿੰਤਾ ਬਾਰਡਰ ਤੋਂ ਵੀ ਅੱਗੇ ਜਾਂਦੀ ਹੈ। ਇਹ ਡੇਟਾ, ਨਿੱਜਤਾ ਅਤੇ ਰਾਜੀ ਪਹੁੰਚ ਨਾਲ ਜੁੜੀ ਹੈ।

ਬਿਲ ਇਮੀਗ੍ਰੇਸ਼ਨ ਵਿਭਾਗ ਨੂੰ ਹੋਰ ਸਰਕਾਰੀ ਏਜੰਸੀਆਂ ਅਤੇ ਸਰਕਾਰੀ ਨਿਯੰਤਰਣ ਵਾਲੀਆਂ ਕਾਰਪੋਰੇਸ਼ਨਾਂ ਨਾਲ ਵਿਅਕਤੀਗਤ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਦੇ ਸਕਦਾ ਹੈ। ਫਿਰ ਮੰਤਰੀ ਦੀ ਮਨਜ਼ੂਰੀ ਨਾਲ ਇਹ ਜਾਣਕਾਰੀ ਵਿਦੇਸ਼ੀ ਇਕਾਈਆਂ ਤੱਕ ਵੀ ਪਹੁੰਚ ਸਕਦੀ ਹੈ। ਕਈ ਲੋਕਾਂ ਲਈ ਇਹ ਹਿੱਸਾ ਸਭ ਤੋਂ ਚਿੰਤਾਜਨਕ ਹੋਵੇਗਾ, ਕਿਉਂਕਿ ਇਮੀਗ੍ਰੇਸ਼ਨ ਸਿਸਟਮ ਵਿੱਚ ਲੋਕ ਪਹਿਲਾਂ ਹੀ ਵੱਡੀ ਨਿੱਜੀ ਜਾਣਕਾਰੀ ਜਮ ?ਹਾਂ ਕਰਦੇ ਹਨ। ਜਦੋਂ ਉਹ ਡੇਟਾ ਇੱਕ ਵਿਭਾਗ ਤੋਂ ਦੂਜੇ ਤੱਕ ਜਾਂਦਾ ਹੈ, ਤਾਂ ਸਵਾਲ ਸਿਰਫ਼ ਵਰਤੋਂ ਦਾ ਨਹੀਂ ਰਹਿੰਦਾ, ਨਿਗਰਾਨੀ ਅਤੇ ਹੱਦਾਂ ਦਾ ਵੀ ਬਣ ਜਾਂਦਾ ਹੈ। ਬਿਲ ਦੇ ਤਹਿਤ ਪਛਾਣ ਸੰਬੰਧੀ ਜਾਣਕਾਰੀ, ਕੈਨੇਡਾ ਵਿੱਚ ਕਿਸੇ ਵਿਅਕਤੀ ਦੀ ਸਥਿਤੀ, ਅਤੇ ਇਮੀਗ੍ਰੇਸ਼ਨ ਮੰਤਰੀ ਦੇ ਅਧਿਕਾਰ ਹੇਠ ਜਾਰੀ ਦਸਤਾਵੇਜ਼ਾਂ ਬਾਰੇ ਵੇਰਵਾ ਸਾਂਝਾ ਹੋ ਸਕਦਾ ਹੈ। ਇਹ ਛੋਟੀ ਗੱਲ ਨਹੀਂ। ਕਿਸੇ ਦੀ ਸਥਿਤੀ, ਉਸ ਦਾ ਪਰਮਿਟ ਜਾਂ ਉਸ ਦੀ ਪਛਾਣ, ਇਹ ਸਭ ਮਿਲ ਕੇ ਉਸ ਦੀ ਪੂਰੀ ਕਹਾਣੀ ਖੋਲ੍ਹ ਸਕਦੇ ਹਨ। ਅਖੀਰ ਵਿੱਚ ਅਸਲੀ ਟਕਰਾਅ ਇੱਥੇ ਹੈ, ਸੁਰੱਖਿਆ ਅਤੇ ਨਿੱਜਤਾ ਦੇ ਵਿਚਕਾਰ। ਇੱਕ ਪਾਸੇ ਸਰਕਾਰ ਕਹਿੰਦੀ ਹੈ ਕਿ ਸਹੀ ਜਾਣਕਾਰੀ ਸਹੀ ਹੱਥਾਂ ਤੱਕ ਪਹੁੰਚੇ। ਦੂਜੇ ਪਾਸੇ ਸਵਾਲ ਰਹਿੰਦਾ ਹੈ ਕਿ ਉਹ ਹੱਥ ਕਿੰਨੇ ਦੂਰ ਤੱਕ ਜਾਣਗੇ। ਸੈਨੇਟ ਦੀਆਂ ਸੋਧਾ ਤੋਂ ਬਾਅਦ ਬਿਲ ਸੀ- 12 ਹੁਣ ਹਾਊਸ ਆਫ ਕਾਮਨਜ਼ ਵਿੱਚ ਮੁੜ ਤੀਜੀ ਪੜ੍ਹਤ ਪਾਸ ਕਰਨੀ ਪਵੇਗੀ। ਉਸ ਤੋਂ ਬਾਅਦ ਹੀ ਦੋਵੇਂ ਸਦਨਾਂ ਵਿੱਚ ਇੱਕੋ ਰੂਪ ਵਿੱਚ ਮਨਜ਼ੂਰੀ ਹੋਵੇਗੀ, ਅਤੇ ਫਿਰ ਰੌਇਲ ਅਸੈਂਟ ਨਾਲ ਇਹ ਕਾਨੂੰਨ ਬਣ ਜਾਵੇਗਾ। ਮੁੱਖ ਨੁਕਤਾ ਸਪਸ਼ਟ ਹੈ, ਇਹ ਬਿਲ ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ ਨੂੰ ਹੋਰ ਤੇਜ਼, ਹੋਰ ਸਖ਼ਤ ਅਤੇ ਹੋਰ ਕੇਂਦਰੀਕ੍ਰਿਤ ਦਿਸ਼ਾ ਵੱਲ ਧੱਕ ਸਕਦਾ ਹੈ। ਪਰ ਕਾਗਜ਼ੀ ਸ਼ਬਦਾਂ ਤੋਂ ਪਰੇ, ਇਹ ਮਸਲਾ ਲੋਕਾਂ ਦੀ ਜ਼ਿੰਦਗੀ ਨਾਲ ਜੁੜਿਆ ਹੈ। ਕਿਸੇ ਲਈ ਇਹ ਸੁਰੱਖਿਆ ਦਾ ਸਾਧਨ ਹੋ ਸਕਦਾ ਹੈ, ਤੇ ਕਿਸੇ ਲਈ ਭਵਿੱਖ ਉੱਤੇ ਲੱਗੀ ਇੱਕ ਨਵੀਂ ਅਣਸ਼ਚਿਤ ਮੋਹਰ।























# ਕਲਾਸੀਫਾਈਡ/Clasified

ਹਮਦਰਦ ਅਖ਼ਬਾਰ ਜਾਂ Hamdard TV ਚ ਆਪਣਾ ਇਸ਼ਤਿਹਾਰ ਜਾਂ
ਕਲਾਸੀਫਾਈਡ ਦੇ ਕੇ ਪੂਰੀ ਦੁਨੀਆਂ ਤੱਕ ਪਹੁੰਚ ਕਰੋ

Contact: 905-791-9999
Whatsapp: 604-807-8610 / +91-98141-80582
Email: ads@hamdardtv.ca



**PLACE YOUR AD IN HAMADARD VICHOLA PROGRAM FOR BEST RESULTS**

## ਲੜਕੀ ਦੀ ਲੋੜ

ਅਮਰੀਕਾ ਦੀ ਜੰਮਪਲ,ਜੱਟ ਸਿੱਖ, ਉਮਰ 30 ਸਾਲ, ਹਾਈਟ 6'-1", ਅਮਰੀਕਾ ਦੀ ਟੌਪ ਦੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਕਰਕੇ ਸਿਆਟਲ 'ਚ ਸਾਫਟਵੇਅਰ ਇੰਜਨੀਅਰਿੰਗ ਟੈਕਨੌਲਜੀ ਨਾਮਵਰ ਕੰਪਨੀ ਵਿਚਵੱਡੀ ਪੁ-ਜੀਸ਼ਨ ਤੇ ਜੌਬ ਕਰ ਰਹੇ, ਚੰਗੀ ਪਰਸਨੈਲਟੀ ਦੇ ਮਾਲਕ ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਜੱਟ ਸਿੱਖ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਯੋਗ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ 35 ਸਾਲਾਂ ਤੋਂ ਅਮਰੀਕਾ ਵਿਚ ਵੈਲ ਸੈਟਲਡ ਹੈ।ਅਮਰੀਕਾ 'ਚ ਵਰਕ ਪਰਮਿਟ ਤੇ ਕੰਮ ਕਰਦੀ ਜਾਂ ਵਿਜ਼ਟਰ ਵੀਜ਼ੇ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊ-ਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-206-856-5391 ਤੇ ਫੋਨ ਕੀਤਾ ਜਾ ਸਕਦਾ ਹੈ।-1845

*****************

ਅਮਰੀਕਾ ਵਿਚ ਵਰਕ ਪਰਮਿਟ ਤੇ ਰਹਿੰਦੇ, ਜੱਟ ਸਿੱਖ ਗਰੇਵਾਲ, 1993 ਬੌਰਨ, ਕੱਦ 5'-10", ਇਕਲੌਤੇ ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ 'ਚ ਕਾਫੀ ਪ੍ਰਾਪਰਟੀ ਦੇ ਮਾਲਕ, 2015 ਤੋਂ ਅਮਰੀਕਾ 'ਚ ਆਪਣੇ ਗਰੀਨ ਕਾਰਡ ਹੋਲਡਰ ਪਰਿਵਾਰ ਨਾਲ ਰਹਿ ਰਹੇ, ਯੂ-ਵੀਜ਼ਾ ਅਪਰੂਵਡ, ਪੜ੍ਹੇ ਲਿਖੇ, ਵਧੀਆ ਜੌਬ ਕਰਦੇ ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਸੋਹਣੀ, ਪਰਿਵਾਰਕ, ਗਰੀਨ ਕਾਰਡ ਹੋਲਡਰ, ਸ਼ਿਟੀ-ਜਨ, ਪੀ ਆਰ ਲੜਕੀ ਦੀ ਲੋੜ ਹੈ।ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-530-443-4594 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡੀਅਨ ਸ਼ਿਟੀਜ਼ਨ, ਜੱਟ ਸਿੱਖ, 1987 ਬੌਰਨ, ਕੱਦ 6 ਫੁੱਟ, ਨੈਵਰ ਮੈਰਿਡ, ਯੂਨੀ-ਵਰਸਿਟੀ ਗਰੈਜੂਏਟ, ਸੌਫਟਵੇਅਰ ਇੰਜੀਨੀਅਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿ-ਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 416-540-9999 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ ਦੇ ਜੰਮਪਲ, ਜੱਟ ਸਿੱਖ, ਸਤੰਬਰ 1995 ਬੌਰਨ, ਕੱਦ 6'-1', ਮਕੈਨੀਕਲ ਇੰ-ਜੀਨੀਅਰ, ਇਸ ਸਮੇਂ ਵੱਡੀ ਮਾਈਨਿੰਗ ਇਕੁ-ਵੀਪਮੈਂਟ ਮੇਕਿੰਗ ਕੰਪਨੀ ਵਿਚ ਵਧੀਆ ਜੌਬ ਕਰਦੇ, 6 ਫਿਗਰ ਸੈਲਰੀ ਲੈ ਰਹੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮ-ਰੀਕਾ ਤੋਂ ਸ਼ਿਟੀਜਨ/ਪੀ ਆਰ/ਪੜ੍ਹੀ ਲਿਖੀ, ਪ੍ਰੋ-ਫੈਸ਼ਨਲੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਐਡਮਿੰਟਨ ਰਹਿੰਦੀ ਜਾਂ ਮੂਵ ਹੋਣ ਦੀ ਚਾਹ-ਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਲੜਕੇ ਦਾ ਪਰਿਵਾਰ ਲੁਧਿਆਣਾ ਨਾਲ ਸਬੰਧਿਤ ਹੈ ਤੇ ਕੈਨੇਡਾ ਵਿਚ ਵੈਲ ਸੈਟਲਡ ਹੈ। ਭੈਣ ਵਕੀਲ ਹੈ ਜੋ ਵਿਆਹੀ ਹੋਈ ਹੈ।ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਖੇਚਲ ਨਾ ਕਰਨ।ਹੋਰ ਵਧੇਰੇ ਜਾਣਕ-ਾਰੀ ਲਈ 1-780-995-5223 ਤੇ ਸੰਪਰਕ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਸੁਨਿਆਰ ਪਰਿਵਾਰ ਦੇ 1985 ਬੋਰਨ, ਹਾਈਟ 6 ਫੁੱਟ, ਨੈਵਰ ਮੈਰਿਡ, ਵੈਲਡਿੰਗ ਡਿਪਲੋਮਾ ਹੋਲਡਰ, ਵਧੀਆ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਵੈਸ਼ਨੂੰ, ਹੈਂਡਸਮ ਲੜਕੇ ਲਈ ਕੈਨੇ-ਡੀਅਨ ਸ਼ਿਟੀਜਨ ਜਾਂ ਪੀ ਆਰ ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਲੜਕੇ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਹੋਰ ਵਧੇਰੇ ਜਾਣਕਾਰੀ ਲਈ 1-778-779-9979 ਜਾਂ 437-438-1278 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਜੱਟ ਸਿੱਖ ਦਿਉਲ, ਉਮਰ 25 ਸਾਲ, ਕੱਦ 5'-11", ਪੜ੍ਹੇ ਲਿਖੇ, ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ, ਇੰਡੀਆ ਵਿਚ 7 ਕਿਲ੍ਹੇ ਜ਼ਮੀਨ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪਰਿਵਾਰਕ ਸ਼ਿ-ਟੀਜਨ/ਪੀ ਆਰ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-778-987-0855 ਜਾਂ 1-778-710-2990 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡੀਅਨ ਸ਼ਿਟੀਜਨ, ਛੋਟੇ ਹੁੰਦੇ ਕੈਨੇਡਾ ਆਏ ਜੱਟ ਸਿੱਖ, ਉਮਰ 37 ਸਾਲ, ਕੱਦ 6 ਫੁੱਟ, ਨੈਵਰ ਮੈਰਿਡ, ਟਰਾਂਟੋ ਰਹਿੰਦੇ, ਯੂਨੀ-ਵਰਸਿਟੀ ਗਰੈਜੂਏਟ, ਪ੍ਰੋਫੈਸ਼ਨਲੀ ਐਸਟੈ-ਬਲਿਸਡ, ਵੱਡੀ ਬੈਂਕ ਵਿਚ ਵਧੀਆ ਜੌਬ ਕਰਦੇ ਹੈਂਡਸਮ,ਪਰਿਵਾਰਕ, ਨਸ਼ਿਆ ਤੋਂ ਰਹਿਤ, ਚੰਗੀ ਪਰਸਨੈਲਟੀ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ/ਪੀ ਆਰ, ਪ੍ਰੋ-

## ਲੜਕੀ ਦੀ ਲੋੜ

ਫੈਸ਼ਨਲੀ ਕੁਆਲੀਫਾਈਡ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ ਤੇ ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ।ਰਿਸ਼ਤਾ ਜੋੜਨ ਦੇ ਚਾਹਵਾਨ 647-765-1788 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਤੇ ਪੀ ਆਰ ਲਈ ਅਪਲਾਈਡ ਸਟੇਟਸ ਤੇ ਰਹਿੰਦੇ 20 ਸਾਲ ਦੁਬਈ ਰਹਿ ਕੇ ਆਏ, ਆ-ਧਰਮੀ ਸਿੱਖ, ਉਮਰ 44 ਸਾਲ, ਕੱਦ 5'-8", ਕੰਸਟਰੱਕਸ਼ਨ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ ਵਿਅਕਤੀ ਲਈ ਕੈਨੇਡਾ, ਅਮਰੀਕਾ ਤੋਂ ਸ਼ਿ-ਟੀਜਨ, ਪੀ ਆਰ, ਪਰਿਵਾਰਕ ਜੀਵਨ ਸਾਥਣ ਦੀ ਲੋੜ ਹੈ, ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ ਪਾਤ ਦਾ ਕੋਈ ਬੰਧਨ ਨਹੀਂ।ਲੜਕੇ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ।ਪਰਿਵਾਰ 'ਚ ਇਕੱਲਾ ਲੜਕਾ ਹੀ ਕ੍ਰਿਸੀਅਨ ਧਰਮ ਨੂੰ ਮੰਨਣ ਵਾਲਾ ਹੈ।ਕ੍ਰਿਸੀਅਨ ਧਰਮ ਨੂੰ ਮੰਨਣ ਵਾਲੀ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਇਸ ਰਿਸ਼ਤੇ ਸਬੰਧੀ ਹੋਰ ਗੱਲਬਾਤ ਅੱਗੇ ਵਧਾਉਣ ਲਈ ਵਟਸ ਐਪ 1-403-830-2152 ਤੇ ਫੋਨ ਜਾਂ ਮੈਸਿਜ ਕਰ ਸਕਦੇ ਹੋ।-1844

*****************

**Sikh family, well-settled in Canada for 36+ years, invites proposals for their handsome, sincere, respectful, 46 yrs old son, height 5'9", CPA/MBA, holds a senior position with a Consulting company in Toronto, has a modern outlook and family values. He is very well-dressed, wears a smart turban, leads a healthy & successful lifestyle. Innocently divorced after a 1 year brief marriage, no children. Seeking a professional, graceful, family-oriented girl, born/raised in Canada or USA only. Caste no bar. Marriage bureaus /student visa/visitor visa/work visa kindly excuse. Please contact: 416-346-0424** -1844

*****************

ਕੈਨੇਡਾ 'ਚ 40 ਸਾਲਾਂ ਤੋਂ ਵੈਲ ਸੈਟਲਡ, ਜੱਟ ਸਿੱਖ ਪਰਿਵਾਰ ਨੂੰ ਆਪਣੇ ਕੈਨੇਡੀਅਨ ਜੰਮਪਲ ਬੇਟੇ, 1994 ਬੌਰਨ, ਹਾਈਟ 5'-11", ਵਧੀਆ ਕੰਪਨੀ 'ਚ ਕੰਪਿਊਟਰ ਇੰਜਨੀਅਰ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ/ਆਸਟ੍ਰੇਲੀਆ ਜਾਂ ਯੂ ਕੇ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ, ਬਰਾਬਰ ਦੀ ਯੋਗਤਾ ਵਾਲੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ,ਵਿਜ਼ਟਰ ਵੀਜ਼ੇ ਜਾਂ ਵਰਕ ਪਰਮਿਟ ਤੇ ਆਈਆਂ ਲੜਕੀਆਂ ਦੇ ਪਰਿਵਾਰ ਤੇ ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ 1-236-979-0730 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡਾ 'ਚ ਵਰਕ ਪਰਮਿਟ ਤੇ ਰਹਿ ਰਹੇ, ਜੱਟ ਸਿੱਖ ਤੂਰ, ਅੰਮ੍ਰਿਤਧਾਰੀ, ਉਮਰ 36 ਸਾਲ, ਕੱਦ 5'-11", ਇਲੈਕਟੀਕਲ ਇੰਜਨੀਅਰਿੰਗ ਡਿਗਰੀ, ਇਲੈਕ੍ਰਟੀਕਲ ਤੇ ਕਮਿਊਨਿਕੇਸ਼ਨਜ਼ ਇੰਜਨੀਅਰਿੰਗ ਡਿਪਲੋਮਾ ਹੋਲਡਰ, ਕੈਨੇਡਾ ਪੋਸਟ ਨਾਲ ਵਧੀਆ ਜੌਬ ਕਰਦੇ ਹੈਂਡਸਮ, ਵੈਲ ਸੈਟਲਡ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ ਪੀ ਆਰ, ਪੜ੍ਹੀ ਲਿਖੀ, ਪਰਿਵਾਰਕ, ਵੈਸ਼ਨੂੰ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਪਰ ਸਿੱਖੀ ਵਿਚਾਰਾਂ ਵਾਲੀ ਲੜਕੀ ਨੂੰ ਪਹਿਲ।ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਹੋਰ ਵਧੇਰੇ ਜਾਣਕ-ਾਰੀ ਲਈ 647-286-1694 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡੀਅਨ ਜੰਮਪਲ, ਰਾਮਗੜ੍ਹੀਆ ਸਿੱਖ, 1993 ਬੌਰਨ, ਕੱਦ 5'-6", ਇਲੈਕਟ੍ਰੀਕਲ ਇੰਜਨੀਅਰਿੰਗ ਡਿਗਰੀ ਹੋਲਡਰ, ਟੀ ਟੀ ਸੀ ਨਾਲ ਗੌਰਮਿੰਟ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਪ੍ਰੋ-ਫੈਸ਼ਨਲੀ ਕੁਆਲੀਫਾਈਡ ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਵਾਲੇ ਅਤੇ ਮੈਰਿਜ ਬਿਊਰੋ ਵਾਲੇ ਫੋਨ ਕਰਨ ਦੀ ਗਲਤੀ ਨਾ ਕਰਨ।ਹੋਰ ਵਧੇਰੇ ਵੇਰਵੇ ਜਾਨਣ ਲਈ 647-297-5114 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡੀਅਨ ਪੀ ਆਰ, ਰਵੀਦਾਸੀਆ ਸਿੱਖ, ਬੈਂਸ, ਉਮਰ 38 ਸਾਲ, ਕੱਦ 5'-9", ਪੜ੍ਹੇ ਲਿਖੇ, ਟਰੱਕਿੰਗ ਦਾ ਆਪਣਾ ਵਧੀਆ ਬਿਜਨੈਸ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਤਲ-ਾਕਸ਼ੁਦਾ ਲੜਕੇ ਲਈ ਕੈਨੇਡਾ/ਅਮਰੀਕਾ/ਯੂ ਕੇ/

## ਲੜਕੀ ਦੀ ਲੋੜ

ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਤੋਂ ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਕੋਈ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 1-613-762-4200 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

**Well settled Nai Sikh family seek a suitable match for their son, 32 yrs. old, 5'-10" tall, cleanshaven, handsome, Canadian citizen, graduated from University of Toronto (UofT), working in Financial field. Girl should be Canadian, educated, beautiful, family oriented, preferably from GTA. Caste no bar. Marriage bureau please excuse. Please contact with biodata & recent pictures to email: as20261818@gmail.com or call: 437-385-1890** -1843

*****************

ਕੈਨੇਡਾ ਦੇ ਜੰਮਪਲ, ਜੱਟ ਸਿੱਖ, 1998 ਬੌਰਨ, ਹਾਈਟ 6'-2", ਦਸਤਾਰਧਾਰੀ, ਦਾੜ੍ਹੀ ਟਰਿੰਮ ਕਰਦੇ, ਹੈਂਡਸਮ, ਕੈਨੇਡਾ ਯੂਨੀਵਰਸਿਟੀ ਤੋਂ ਬੀ ਕਾਮ ਕਰਕੇ ਬੈਂਕ ਵਿਚ ਵਧੀਆ ਜੌਬ ਕਰਦੇ ਵੈਜੀਟੇਰੀਅਨ, ਨਸ਼ਿਆ ਤੋਂ ਦੂਰ ਸ਼ਰਾਬ ਤੱਕ ਨਾ ਪੀਣ ਵਾਲੇ ਵੈਲ ਸੈਟਲਡ ਪਰਿਵਾਰ ਦੇ ਗਰੇਟਰ ਟਰੱਟੋ ਇਲਾਕੇ 'ਚ ਰਹਿਣ ਵਾਲੇ ਪਰਿਵਾਰ ਦੇ ਲੜਕੇ ਲਈ ਘੱਟੋ ਘੱਟ 5'-7" ਜਾਂ ਇਸ ਤੋਂ ਵੱਧ ਕੱਦ ਵਾਲੀ ਸੋਹਣੀ-ਸੁਨੱਖੀ, ਪੜ੍ਹੀ ਲਿਖੀ, ਪਰਿਵਾਰ ਨਾਲ ਰਹਿਣ ਵਾਲੀ ਕੈਨੇਡੀਅਨ ਬੋਰਨ ਜਾਂ ਇਥੇ ਛੋਟੀ ਹੁੰਦੀ ਆਈ ਤੇ ਕੈਨੇਡਾ 'ਚ ਪਲੀ ਬੜੀ ਜੱਟ ਸਿੱਖ ਲੜਕੀ ਦੀ ਲੋੜ ਹੈ। ਰਿਸ਼ਤਾ ਜੋੜਨ ਦੇ ਚਾਹਵਾਨ ਲੜਕੀ ਦੇ ਪੂਰੇ ਵੇਰਵੇ ਵਟਸ ਐਪ 416-741-3289 ਤੇ ਭੇਜ ਕੇ ਫੋਨ ਕੀਤਾ ਜਾ ਸਕਦਾ ਹੈ ਪਰ ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਫੋਨ ਨਾ ਕਰਨ।-1843

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਏ, ਰਵੀਦਾ-ਸੀਆ ਸਿੱਖ, 1990 ਬੌਰਨ, ਹਾਈਟ 5'-8", ਬੀਟੈਕ ਮਕੈਨੀਕਲ ਡਿਗਰੀ ਹੋਲਡਰ, ਐਮਾਜੋਨ ਕੰਪਨੀ 'ਚ ਵਧੀਆ ਜੌਬ ਕਰਦੇ ਹੈਂਡਸਮ, ਨੈਵਰ ਮੈਰਿਡ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇ-ਡੀਅਨ ਸ਼ਿਟੀਜਨ/ਪੀ ਆਰ/ਵਰਕ ਪਰਮਿਟ ਤੇ ਆਈ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਇੰਡੀਆ ਤੋਂ ਨਰਸ ਲੜਕੀ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤੇ ਸਬ-ੰਧੀ ਹੋਰ ਜਾਣਕਾਰੀ ਲਈ 647-326-1186 ਜਾਂ ਫਿਰ ਇੰਡੀਆ 'ਚ +91-98154-39063 ਫੋਨ ਕੀਤਾ ਜਾ ਸਕਦਾ ਹੈ।-1842

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ ਜੱਟ ਸਿੱਖ ਗਰੇਵਾਲ, ਬੌਰਨ 1997, ਹਾਈਟ 6 ਫੁੱਟ, ਯੂਨੀਵਰਸਿਟੀ ਨਿਆਗਰਾ ਫਾਲਜ਼ ਤੋਂ ਮਾਸਟਰ ਡਿਗਰੀ ਪ੍ਰਾਪਤ, ਹੈਂਡਸਮ, ਦਸਤਾਰਧਾਰੀ, ਲੁਧਿਆਣਾ ਸ਼ਹਿਰ ਦੇ ਜੰਮਪਲ ਲੜਕੇ ਲਈ ਅਮਰੀਕਾ ਜਾਂ ਕੈਨੇ-ਡਾ ਤੋਂ ਸ਼ਿ-ਟੀਜਨ/ਇੰਮੀਗਰਾਂਟ/ਗਰੀਨ ਕਾਰਡ ਹੋਲਡਰ, ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ 'ਚ ਹਸਪਤਾਲ 'ਚ ਜੌਬ ਕਰ ਰਹੀ ਹੈ ਤੇ ਪਿਤਾ ਬਿਜਨੈਸਮੈਨ ਹਨ।ਰਿਸ਼ਤਾ ਜੋੜਨ ਲਈ ਲੜਕੇ ਸਬੰਧੀ ਹੋਰ ਵਧੇਰੇ ਵੇਰਵੇ ਜਾਨਣ ਲਈ ਕੈਨੇਡਾ 'ਚ 647-618-0006 ਜਾਂ ਫਿਰ ਇੰਡੀਆ 'ਚ ਲੜਕੇ ਦੇ ਪਿਤਾ ਨਾਲ +91-78892-66146 ਤੇ ਫੋਨ ਕੀਤਾ ਜਾ ਸਕਦਾ ਹੈ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।-1850

*****************

ਕੈਨੇਡੀਅਨ ਜੰਮਪਲ, ਰਾਮਗੜ੍ਹੀਆ ਸਿੱਖ, ਉਮਰ 30 ਸਾਲ, ਕੱਦ 5'-10", ਹੈਂਡਸਮ, ਬੈਚੂਲਰ ਇਨ ਫਿਜਿਕਸ, ਇਸ ਸਮੇਂ ਬੈਂਕ ਵਿਚ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ, ਕੈਨੇ-ਡਾ ਵਿਚ ਆਪਣਾ ਘਰ ਲੜਕੇ ਲਈ ਕੈਨੇਡਾ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ, ਪੜ੍ਹੀ ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਲੜਕੇ ਸਬੰਧੀ ਹੋਰ ਜਾਣਕਾਰੀ ਲੈਣ ਤੇ ਲੜਕੀ ਸਬ-ੰਧੀ ਵੇਰਵੇ ਦੇਣ ਲਈ 647-713-1513 ਜਾਂ 416-662-3535 ਤੇ ਫੋਨ ਕੀਤਾ ਜਾ ਸਕਦਾ ਹੈ।-1842

*****************

### ਜੀਵਨ ਸਾਥਣ ਦੀ ਲੋੜ

ਅਮਰੀਕਨ ਸ਼ਿਟੀਜਨ, ਕ੍ਰਿਸੀਅਨ ਪੰਜਾ-ਬੀ, 68 ਸਾਲਾ, ਕੱਦ 5'-11", ਪੜ੍ਹੇ ਲਿਖੇ, ਫਾਈਨੈਸ਼ਨੀਅਲੀ ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਵਿਦੁਰ ਵਿਅਕਤੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਘੱਟੋ ਘੱਟ 50 ਸਾਲ ਜਾਂ ਇਸ ਤੋਂ ਉਪਰ ਉਮਰ ਵਾਲੀ ਪਰਿਵਾਰਕ ਜੀਵਨ ਸਾਥਣ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਇੰਡੀਆ ਰਹਿੰਦੇ ਪਰਿਵਾਰ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ ਤੇ ਹੋਰ ਵਧੇਰੇ ਪੁੱਛਗਿੱਛ ਲਈ 1-623-302-6801 -1844

## ਵਰ ਦੀ ਲੋੜ

**Canadian citizen Saini, 30 yrs old, 5'-4" tall, B.Sc. Biochemistry, B.Ed., M.Sc. Pharmacology, working in research job in Toronto, beautiful, family oriented girl with family well settled in Canada since 25 yrs., basically from Mohali, seeking a professionally qualified, handsome, non-drinker, non-smoker, well settled, boy from Canada/USA, preference to GTA. Marriage bureau please excuse. Contact with biodata & recent pictures to: 647-539-5755** -1846

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਨਵੰਬਰ 1991 ਬੌਰਨ, ਕੱਦ 5'-4",ਯੂਨੀਵਰਸਿਟੀ ਗਰੈਜੂਏਟ,ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿ-ੰਦੀ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ ਹੈਂਡਸਮ, ਨਸ਼ਿਆ ਤੋਂ ਰਹਿਤ, ਇਕਲੌਤੇ ਵੈਲ ਸੈਟਲਡ, ਛੋਟੇ ਪਰਿਵਾਰ ਦੇ ਲੜਕੇ ਦੀ ਲੋੜ ਹੈ।ਗਰੇਟਰ ਟਰਾਂਟੋ ਇਲਾਕੇ ਵਿਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਲੜਕੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਲੜਕੀ ਦੇ ਪਰਿਵਾਰ ਨਾਲ ਸਿੱਧੇ ਤੌਰ ਤੇ 647-864-0232 ਤੇ ਫੋਨ ਕੀਤਾ ਜਾ ਸਕਦਾ ਹੈ।-1846

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਰਹਿ ਰਹੀ ਜੱਟ ਸਿੱਖ, ਸਤੰਬਰ 2001 ਦੀ ਬੌਰਨ, ਕੱਦ 5'-2", ਪੜ੍ਹੀ ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ/ ਪੀ ਆਰ/ਗਰੀਨ ਕਾਰਡ ਹੋਲਡਰ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ।ਲੜਕੀ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ ਲੜਕੀ ਦੇ ਪਰਿਵਾਰ ਨਾਲ ਕੈਨੇਡਾ 'ਚ 1-780-371-9643 ਜਾਂ ਫਿਰ 1-205-899-4233 ਤੇ ਫੋਨ ਕੀਤਾ ਜਾ ਸਕਦਾ ਹੈ।-1846

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 39 ਸਾਲ, ਕੱਦ 5'-5", ਨੈਵਰ ਮੈਰਿਡ, ਇੰਜ-ਨੀਅਰ, ਐਮ ਸੀ ਏ, ਐਚ ਸੀ ਏ ਕੈਨੇਡਾ ਤੋਂ ਕਰਕੇ ਵਧੀਆ ਜੌਬ ਕਰ ਰਹੀ ਲੜਕੀ ਲਈ ਕੈਨੇ-ਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ ਵੈਲ ਸੈਟਲਡ, ਵੈਸ਼ਨੂੰ ਲੜਕੇ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲ-ਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਵਟਸ ਐਪ ਤੇ ਇੰਡੀਆ 'ਚ +91-94642-17472 ਤੇ ਫੋਨ ਕਰ ਸਕਦੇ ਹੋ।-1845

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਆਈ, ਨਾਈ ਸਿੱਖ, 1991 ਬੌਰਨ, ਕੱਦ 5'-4", ਐਮ ਐਸ ਸੀ ਡਿਗਰੀ ਹੋਲਡਰ, ਇੰਡੀਆ ਵਿਚ ਨਰਸਿੰਗ ਦੀ ਵਧੀਆ ਜੌਬ ਕਰਦੀ ਸੋਹਣੀ, ਤਲਾਕਸ਼ੁਦਾ, ਪਰਿਵਾਰਕ ਲੜਕੀ ਲਈ ਕਲੈਡਾ ਤੋਂ ਸ਼ਿਟੀਜਨ/ ਪੀ ਆਰ, ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦਾ ਭਰਾ ਕੈਲਗਰੀ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ 'ਚ 1-587-433-9619 ਜਾਂ ਫਿਰ ਇੰਡੀਆ ਸਿਰਫ ਵਟਸ ਐਪ ਤੇ +91-99148-02764 ਤੇ ਫੋਨ ਕੀਤਾ ਜਾ ਸਕਦਾ ਹੈ।-1845

*****************

ਕੈਨੇਡਾ 'ਚ ਵਰਕ ਪਰਮਿਟ ਤੇ ਆਈ ਜੱਟ ਗੁਰਸਿੱਖ ਦਿਉਲ, ਉਮਰ 27 ਸਾਲ, ਕੱਦ 5'-5", ਹੌਸਪਟਿਲਟੀ ਮੈਨੇਜਮੈਂਟ 4 ਸਾਲਾ ਡਿ-ਗਰੀ ਹੋਲਡਰ, ਵਧੀਆ ਜੌਬ ਕਰਦੀ, ਸੋਹਣੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ ਪੜ੍ਹੇ ਲਿਖੇ, ਸ਼ੁੱਧ ਵੈਸ਼ਨੂੰ, ਗੁਰਸਿੱਖ ਪਰਿਵਾਰ ਦੇ ਲੜਕੇ ਦੀ ਲੋੜ ਹੈ।ਲੜਕੇ ਕੋਲ ਇੰਡੀਆ'ਚ 20 ਕਿਲ੍ਹੇ ਜ਼ਮੀਨ ਹੋਣਾ ਲਾਜ਼ਮੀ ਹੈ ਤੇ ਜੇ ਉਸ ਕੋਲ ਕੈਨੇਡਾ 'ਚ ਪ੍ਰਾਪਰਟੀ ਹੈ ਤਾਂ ਇੰਡੀਆ'ਚ 15 ਕਿਲ੍ਹੇ ਜ਼ਮੀਨ ਤੇ ਵੀ ਵਿਚਾਰ ਕੀਤੀ ਜਾਵੇਗੀ।ਲੜਕੀ ਦਾ ਪਰਿਵਾਰ ਇੰਡੀਆ ਤੇ ਨਾਨਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲ ਅੱਗੇ ਵਧਾਉਣ ਲਈ 1-778-933-8080 ਜਾਂ 1-778-552-0019 ਜਾਂ ਫਿਰ 1-604-615-3600 ਤੇ ਫੋਨ ਕੀਤਾ ਜਾ ਸਕਦਾ ਹੈ। -1844

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਗਿੱਲ, ਉਮਰ 40 ਸਾਲ, ਕੱਦ 5'-1", ਇੰਡੀਆ ਤੋਂ ਮਾਸਟਰ ਡਿਗਰੀ ਹੋਲਡਰ, ਕੈਨੇਡਾ ਤੋਂ ਪੀ ਐਸ ਡਬਲਯੂ ਕੋਰਸ ਕਰਕੇ ਇਸ ਸਮੇਂ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ, ਵਿਆਹ ਤੋਂ ਕੁਝ ਸਮਾਂ ਬਾਅਦ ਬੇਕਸੂਰ ਤਲਾਕਸ਼ੁਦਾ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਨਿ-ਸ਼ਆ ਤੋਂ ਰਹਿਤ, ਵੈਲ ਸੈਟਲਡ, 35 ਤੋਂ 40 ਸਾਲ ਦੀ ਉਮਰ ਵਾਲੇ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ।ਬਿਨਾਂ

## ਵਰ ਦੀ ਲੋੜ

ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਇੰਡੀਆ ਰਹਿੰਦੇ ਲੜਕੇ ਤੇ ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ ਆਪਣੀ ਫੋਟੋ ਤੇ ਬਾਇਓ ਡਾਟਾ ਵਟਸ ਐਪ ਤੇ 437-231-7413 ਜਾਂ 905-965-1985 ਤੇ ਭੇਜ ਕੇ ਗੱਲਬਾਤ ਕਰ ਸਕਦੇ ਹਨ।-1844

*****************

ਕੈਨੇਡਾ ਵਰਕ ਪਰਮਿਟ ਤੇ ਆਈ, ਜੱਟ ਸਿੱਖ ਢਿਲੋਂ, 1990 ਬੌਰਨ, ਕੱਦ 5'-6", ਜੀ ਐਨ ਐਮ ਨਰਸਿੰਗ ਡਿਗਰੀ, ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ, ਬੇਕਸੂਰ, ਤਲ-ਾਕਸ਼ੁਦਾ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਗਰੇਟਰ ਟਰਾਂਟੋ ਇਲਾਕੇ ਨੂੰ ਪਹਿਲ।ਲੜਕੀ ਦੇ ਰਿਸ਼ਤੇਦਾਰ ਕੈਨੇਡਾ ਵਿਚ ਵੈਲ ਸੈਟਲਡ ਹਨ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 647-643-1032 ਜਾਂ ਫਿਰ 437-655-0291 ਤੇ ਫੋਨ ਕੀਤਾ ਜਾ ਸਕਦਾ ਹੈ।-1844

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, 1995 ਬੌਰਨ, ਹਾਈਟ 5'-6", ਸੀ ਪੀ ਏ ਕਰਕੇ ਵਧੀਆ ਕੰਪਨੀ 'ਚ ਜੌਬ ਕਰ ਰਹੀ ਪਰਿਵਾਰਕ, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ 'ਚ ਆ ਕੇ ਪੜ੍ਹੇ ਲਿਖੇ, ਵੈਲ ਸੈਟਲਡ ਪਰਿਵਾਰ ਦੇ ਨਸ਼ਿਆ ਤੋਂ ਰਹਿਤ, ਜੱਟ ਸਿੱਖ ਲੜਕੇ ਦੀ ਲੋੜ ਹੈ।ਵੈਨਕੂਵਰ ਇਲਾਕੇ'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਲੜਕੀ ਦਾ ਪਰਿਵਾਰ 35 ਸਾਲ ਤੋਂ ਕੈਨੇਡਾ 'ਚ ਵੈਲ ਸੈਟਲਡ ਹੈ।ਇੰਡੀਆ ਤੋਂ ਲੜਕੇ ਵਾਲੇ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਵਟਸ ਐਪ 1-778-809-2503 ਜਾਂ 1-778-908-4949 ਤੇ ਬਾਇਓ ਡਾਟਾ ਤੇ ਫੋਟੋ ਭੇਜ ਕੇ ਗੱਲਬਾਤ ਕੀਤੀ ਜਾ ਸਕਦੀ ਹੈ।-1844

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, 26 ਸਾਲਾ, 5'-6" ਲੰਮੇ ਕੱਦ ਵਾਲੀ ਫਾਰਮੇਸੀ ਅਸਿ-ਸਟੈਂਟ, ਵੈਸ਼ਨੂੰ, ਸੋਹਣੀ-ਸੁਨੱਖੀ, ਪਰਿਵਾਰ ਨਾਲ ਰਹਿ ਰਹੀ ਲੜਕੀ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਵੈਲ ਸੈਟਲਡ, ਨਸ਼ਿਆ ਤੋਂ ਰਹਿਤ, ਵੈਸ਼ਨੂੰ ਪਰਿਵਾਰ ਨਾਲ ਸਬੰਧਿਤ ਜੱਟ ਸਿੱਖ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ 30 ਸਾਲ ਤੋਂ ਕੈਨੇਡਾ 'ਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਤੇ ਇੰਡੀਆ ਰਹਿੰਦੇ ਲੜਕੇ ਵਾਲੇ ਜਾਂ ਸਟੂਡੈਂਟ ਵੀਜ਼ੇ, ਵਿਜ਼ਟਰ ਵੀਜ਼ੇ ਤੇ ਵਰਕ ਪਰਮਿਟ ਤੇ ਕੰਮ ਕਰ ਰਹੇ ਕਿਰਪਾ ਕਰਕੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਈ 1-403-472-0468 ਤੇ ਫੋਨ ਕੀਤਾ ਜਾ ਸਕਦਾ ਹੈ। -1844

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਬਰਾੜ, ਮੰਗ-ਲੀਕ, 1993 ਬੌਰਨ, ਹਾਈਟ 5'-4", ਬੀ ਏ, ਹੈਲਥ ਕੇਅਰ ਦੀ ਵਧੀਆ ਗੌਰਮਿੰਟ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ, ਵਿਆਹ ਤੋਂ ਕੁਝ ਸਮਾਂ ਬਾਅਦ ਹੀ ਬੇਕਸੂਰ ਤਲਾਕਸ਼ੁਦਾ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਮੰਗਲੀਕ ਲੜਕੇ ਦੀ ਲੋੜ ਹੈ।ਬ੍ਰਿਟਿਸ਼ ਕੁਲੰਬੀਆ ਸੂਬੇ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਬਿਨਾਂ ਬੱਚੇ ਤੋਂ ਤਲ-ਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਜੇ ਤੁਸੀ ਆਪਣੇ ਆਪ ਨੂੰ ਇਸ ਰਿਸ਼ਤੇ ਦੇ ਯੋਗ ਸਮਝਦੇ ਹੋ ਤਾਂ ਤੁਸੀਂ ਫੋਟੋ ਤੇ ਬਾਇਓ ਡਾਟਾ ਵਟਸ ਐਪ ਤੇ ਭੇਕਜ ਕੇ ਕੈਨੇਡਾ 'ਚ 1-672-339-2747 ਤੇ ਜਾਂ ਫਿਰ ਇੰਡੀਆ 'ਚ +91-98555-37404 ਤੇ ਫੋਨ ਕਰ ਸਕਦੇ ਹੋ।-1844

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਤੂਰ, ਅੰਮਿ-ਤਧਾਰੀ, 1993 ਬੌਰਨ, ਹਾਈਟ 5'-6", ਦਸਤਾਰਧਾਰੀ, ਸੋਹਣੀ-ਸੁਨੱਖੀ, ਪਰਿਵਾਰਕ, ਇੰਡੀਆ ਤੋਂ ਬੀ ਡੀ ਐਸ, ਕੈਨੇਡਾ ਤੋਂ ਡੈਂਟਲ ਹਾਈਜਨ ਡਿਪਲੋਮਾ ਕਰਕੇ ਆਪਣੇ ਹੀ ਫੀਲਡ ਦੀ ਵਧੀਆ ਜੌਬ ਕਰਦੀ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ ਪੀ ਆਰ, ਪ੍ਰੋਫੈਸ਼ਨਲੀ ਅਪਲਾਇਡ, ਹੈਂਡਸਮ, ਨਸ਼ਿਆ ਤੋਂ ਰਹਿਤ, ਅੰਮ੍ਰਿਤਧਾਰੀ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਲੜਕੀ ਦਾ ਸਾਰਾ ਪਰਿਵਾਰ ਵੈਲ ਸੈਟਲਡ ਹੈ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ 'ਚ ਦਿਲਚਸਪੀ ਰੱਖਣ ਵਾਲੇ 647-286-1694 ਤੇ ਫੋਨ ਕਰ ਸਕਦੇ ਹਨ।-1843

*****************

## ਵਰ ਦੀ ਲੋੜ

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 29 ਸਾਲ, ਕੱਦ 5'-4", ਬੀ ਏ ਬੀ ਐਡ ਡਿ-ਗਰੀ ਹੋਲਡਰ, ਹਾਈ ਸਕੂਲ ਟੀਚਰ ਦੀ ਵਧੀਆ ਗੌਰਮਿੰਟ ਜੌਬ ਕਰਦੀ, ਸੋਹਣੀ, ਪਰਿਵਾਰਕ ਲੜਕੀ ਲਈ ਕੈਨੇਡਾ/ਅਮਰੀਕਾ ਦੀ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਪ੍ਰੋਫੈਸ਼ਨਲੀ ਅਤੇ ਇਪਲਾਇਡ ਮਿਹਨਤੀ, ਇਮਾਨਦਾਰ, ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ।ਮੈਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 416-302-2983 ਤੇ ਫੋਨ ਕਰ ਸਕਦੇ ਹਨ।-1843

*****************

**Canadian Jat Sikh parents well settled in BC, seek a suitable match for their daughter, Canadian born & raised, Doctor, 40 yrs. old, 5'-4" tall, beautiful, never married, practicing in family medicine in BC. Boy should be born & raised in Canada, professionally qualified & employed, never married, preferably living or willing to move to BC. Marriage bureau please excuse. Please contact with biodata & recent pictures: 1-604-807-1239 -1843**

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 33 ਸਾਲ, ਕੱਦ 5'-7", ਫਾਰਮੇਸੀ ਟੈਕਨੀਸ਼ਨ ਡਿਗਰੀ ਹੋਲਡਰ, ਹਸਪਤਾਲ ਵਿਚ ਵਧੀਆ ਜੌਬ ਕਰਦੀ, ਸੋਹਣੀ ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਲੁਧਿਆਣਾ, ਪਟਿਆਲਾ ਤੇ ਫਤਹਿ-ਗੜ੍ਹ ਸਾਹਿਬ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਗੱਲ ਅੱਗੇ ਤੋਰਨ ਲਈ ਸੰਪਰਕ ਕਰੋ: 647-713-6413 -1843

*****************

ਕੈਨੇਡਾ ਵਿਚ ਵਰਕ ਪਰਮਿਟ ਤੇ ਕੰਮ ਕਰ ਰਹੀ, ਰਾ-ਮਗੜ੍ਹੀਆ ਸਿੱਖ, 1992 ਬੌਰਨ, ਹਾਈਟ 5'-3", ਬੀ ਐਸ ਸੀ, ਆਈ ਟੀ ਡਿਗਰੀ ਹੋਲਡਰ ਵਧੀਆ ਜੌਬ ਕਰਦੀ, ਸੋਹਣੀ, ਪਰਿਵਾਰਕ, ਤਲਾਕਸ਼ੁਦਾ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਸ਼ਿਟੀ-ਜਨ/ਪੀ ਆਰ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ, ਰਾਮਗੜ੍ਹੀਆ ਜਾਂ ਜੱਟ ਪਰਿਵਾਰ ਦੇ ਲੜਕੇ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਸਬੰਧੀ ਵਧੇਰੇ ਪੁੱਛਗਿੱਛ ਲਈ ਕੈਨੇ-ਡਾ 'ਚ 1-226-750-1046 ਜਾਂ +91-94178-37931 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, ਅਗਸਤ 1995 ਬੌਰਨ, ਕੱਦ 5'-7", ਪੜ੍ਹੀ ਲਿਖੀ, ਵੈਸ਼ਨੂੰ, ਇਸ ਸਮੇਂ ਮੈਡੀਕਲ ਫੀਲਡ ਦੀ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ ਪਰਿਵਾਰਕ ਲੜਕੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਜੱਟ ਸਿੱਖ, ਸ਼ਿਟੀਜਨ, ਪੀ ਆਰ, ਗਰੀਨ ਕਾਰਡ ਹੋਲਡਰ, ਪ੍ਰੋਫੈਸ਼ਨਲੀ ਕੁਆਲੀਫਾਈਡ, ਵੈਸ਼ਨੂੰ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਅਮਰੀਕਾ ਦੇ ਸ਼ਿਆਟਲ ਸ਼ਹਿਰ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਲੜਕੀ ਦਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-253-881-9863 ਤੇ ਫੋਨ ਕੀਤਾ ਜਾ ਸਕਦਾ ਹੈ।-1843

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 25 ਸਾਲ, ਕੱਦ 5'-2", ਆਰਕੀਟੈਕਟ, ਵੱਡੀ ਆਰਕੀਟੈਕਚਰ ਕੰਪਨੀ ਵਿੱਚ ਵਧੀਆ ਜੌਬ ਕਰਦੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਜੰਮਪਲ ਜਾਂ ਛੋਟੇ ਹੁੰਦੇ ਆਏ ਜੱਟ ਸਿੱਖ, ਪੜ੍ਹੇ ਲਿਖੇ, ਨਸ਼ਿਆਂ ਤੋਂ ਰਹਿਤ, 26-29 ਸਾਲ ਉਮਰ ਵਾਲੇ ਲੜਕੇ ਦੀ ਲੋੜ ਹੈ।ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ।ਲੋਅਰ ਮੇਨਲੈਂਡ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਏ ਲੜਕੇ ਅਤੇ ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ ਕੈਨੇਡਾ 'ਚ 1-604-819-0111 ਤੇ ਫੋਨ ਕਰ ਸਕਦੇ ਹੋ।-1842

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਰਹਿ ਰਹੀ, ਜੱਟ ਸਿੱਖ ਢਿਲੋਂ, ਦਸੰਬਰ 1994 ਦੀ ਬੋਰਨ, ਕੱਦ 5'-9", ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਜੇਕਰ ਕਿਸੇ ਪਰਿਵਾਰ ਵਿਚ ਦੋ ਲੜਕੇ ਹੋਣ ਉਹ ਵੀ ਸੰਪਰਕ ਕਰ ਸਕਦੇ ਹਨ ਲੜਕੀ ਦੀ ਇਕ ਭੈਣ ਇੰਡੀਆ ਵਿਚ ਰਹਿ ਰਹੀ ਹੈ। ਸਿਰਫ ਕੈਨੇਡਾ ਵਿਚ ਰਹਿੰਦੇ ਹੀ ਫੋਨ ਕਰਨ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਸਬੰਧੀ ਗੱਲਬਾਤ ਅੱਗੇ ਵਧਾਉਣ ਲਈ 437-235-1796 ਤੇ ਫੋਨ ਕਰ ਸਕਦੇ ਹਨ।-1850

*****************

# NAME CHANGE

**I, GURJIT SINGH DHALIWAL, S/O. CHAMKAUR SINGH, PREVIOUSLY RESIDENT OF 677, CIVIL LINES, MOGA, PUNJAB, INDIA, CURRENTLY RESIDING AT 3139, 25 AVENUE NW, EDMONTON, ALBERTA, T6T0C8, CANADA HAVE CHANGED MY NAME FROM GURJIT SINGH DHALIWAL TO GURJIT SINGH BRAR. ALL CONCERNED MAY MAKE A NOTE PLEASE.**

# ਬ੍ਰਿਟਿਸ਼ ਕੋਲੰਬੀਆ ਵਿੱਚ ਐਕਸਟੋਰਸ਼ਨ ਤੇ ਗੈਂਗ ਮਾਮਲਿਆਂ 'ਚ ਪੰਜਾਬੀ ਨੌਜਵਾਨ ਡਿਪੋਰਟ

## 22 ਸਾਲਾ ਲਵਬੀਰ ਸਿੰਘ ਅਤੇ 26 ਸਾਲਾ ਸੁਖਨਾਜ਼ ਸੰਧੂ ਨੂੰ ਭੇਜਿਆ ਭਾਰਤ ਵਾਪਿਸ

**ਸਰੀ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਵਧ ਰਹੀਆਂ ਐਕਸਟੋਰਸ਼ਨ ਅਤੇ ਗੈਂਗ ਸਰਗਰਮੀਆਂ ਨਾਲ ਜੁੜੇ ਮਾਮਲਿਆਂ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਦੋ ਪੰਜਾਬੀ ਨੌਜਵਾਨਾਂ ਨੂੰ ਡਿਪੋਰਟ ਕਰਕੇ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਜਨਤਕ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤੀ ਗਈ ਹੈ ਅਤੇ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਸਖ਼ਤ ਰਵੱਈਆ ਅਪਣਾਇਆ ਜਾ ਰਿਹਾ ਹੈ। ਪਹਿਲਾ ਮਾਮਲਾ 22 ਸਾਲਾ ਲਵਬੀਰ ਸਿੰਘ ਨਾਲ ਸੰਬੰਧਿਤ ਹੈ।

ਫੈਡਰਲ ਦਸਤਾਵੇਜ਼ਾਂ ਮੁਤਾਬਕ, ਉਸ ਨੂੰ ਐਕਸਟੋਰਸ਼ਨ ਨਾਲ ਜੁੜੇ ਇੱਕ ਗੋਲੀਬਾਰੀ ਮਾਮਲੇ ਵਿੱਚ ਸੰਦੇਹੀ ਵਜੋਂ ਦਰਸਾਇਆ ਗਿਆ ਸੀ। ਇਹ ਘਟਨਾ ਸਰੀ ਦੇ ਨਿਊਟਨ ਇਲਾਕੇ ਵਿੱਚ 7 ਜਨਵਰੀ ਨੂੰ ਵਾਪਰੀ, ਜਿੱਥੇ ਇੱਕ ਘਰ 'ਤੇ ਤਿੰਨ ਗੋਲੀਆਂ ਚਲਾਈਆਂ ਗਈਆਂ। ਇਸ ਤੋਂ ਇੱਕ ਦਿਨ ਪਹਿਲਾਂ ਘਰ ਦੇ ਮਾਲਕ ਨੂੰ 5 ਲੱਖ ਡਾਲਰ ਦੀ ਫਿਰੌਤੀ ਦੀ ਧਮਕੀ ਮਿਲੀ ਸੀ।

ਖੁਸ਼ਕਿਸਮਤੀ ਨਾਲ ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਜਾਂਚ ਦੌਰਾਨ ਸੀਸੀਟੀਵੀ ਫੁਟੇਜ ਵਿੱਚ ਲਵਬੀਰ ਸਿੰਘ ਦੀ ਮੌਜੂਦਗੀ ਦਰਜ ਹੋਣ ਦਾ ਦਾਅਵਾ ਕੀਤਾ ਗਿਆ। 29 ਜਨਵਰੀ ਨੂੰ ਪੁਲਿਸ ਵੱਲੋਂ ਉਸ ਦੇ ਘਰ ਦੀ ਤਲਾਸ਼ੀ ਲਈ ਗਈ, ਜਿੱਥੇ ਹਥਿਆਰਾਂ ਨਾਲ ਸੰਬੰਧਿਤ ਸਬੂਤ ਮਿਲੇ। ਹਾਲਾਂਕਿ ਉਸ ਨੂੰ ਪਹਿਲਾਂ ਗ੍ਰਿਫ਼ਤਾਰ ਕਰਕੇ ਛੱਡ ਦਿੱਤਾ ਗਿਆ ਸੀ, ਪਰ ਬਾਅਦ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਉਹ ਅਗਸਤ 2023 ਵਿੱਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਇਆ ਸੀ ਅਤੇ ਵੈਂਕੂਵਰ ਦੇ ਇੱਕ ਕਾਲਜ ਵਿੱਚ ਪੜ੍ਹਾਈ ਕਰ ਰਿਹਾ ਸੀ। ਪੜ੍ਹਾਈ ਦੀਆਂ ਸ਼ਰਤਾਂ ਦੀ ਉਲੰਘਣਾ ਅਤੇ ਜਨਤਕ ਸੁਰੱਖਿਆ ਲਈ ਖਤਰਾ ਮੰਨਦੇ ਹੋਏ ਉਸ ਦੀ ਡਿਪੋਰਟੇਸ਼ਨ ਕੀਤੀ ਗਈ। ਦੂਜਾ ਮਾਮਲਾ 26 ਸਾਲਾ ਸੁਖਨਾਜ਼ ਸਿੰਘ ਸੰਧੂ ਨਾਲ ਜੁੜਿਆ ਹੈ। ਅਧਿਕਾਰੀਆਂ ਨੇ ਉਸ ਨੂੰ ਸਰੀ ਦੇ ਇੱਕ ਹਿੰਸਕ ਗੈਂਗ ਨਾਲ ਸੰਬੰਧਿਤ ਦੱਸਿਆ। ਦਸਤਾਵੇਜ਼ਾਂ ਅਨੁਸਾਰ ਉਸ 'ਤੇ ਹਥਿਆਰਾਂ ਦੇ ਮਾਮਲੇ, ਧੋਖਾਧੜੀ, ਚੋਰੀ ਕੀਤੀਆਂ ਗੱਡੀਆਂ ਅਤੇ ਗੋਲੀਬਾਰੀ ਵਰਗੀਆਂ ਗੰਭੀਰ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਲਗੇ। ਉਹ ਕਈ ਸੂਬਿਆਂ ਵਿੱਚ ਰਹਿ ਚੁੱਕਾ ਸੀ ਅਤੇ ਪੁਲਿਸ ਨਾਲ ਉਸ ਦੇ ਟਕਰਾਅ ਦੇ ਮਾਮਲੇ ਸਾਹਮਣੇ ਆਏ। ਸੰਧੂ ਨੇ ਦਾਅਵਾ ਕੀਤਾ ਕਿ ਉਸ ਨੂੰ ਕਿਸੇ ਅਪਰਾਧ ਲਈ ਦੋਸ਼ੀ ਨਹੀਂ ਠਹਿਰਾਇਆ ਗਿਆ ਅਤੇ ਜੇਕਰ ਭਾਰਤ ਵਾਪਸ ਭੇਜਿਆ ਗਿਆ ਤਾਂ ਉਸ ਨੂੰ ਖਤਰਾ ਹੋ ਸਕਦਾ ਹੈ।

ਹਾਲਾਂਕਿ ਇਮੀਗ੍ਰੇਸ਼ਨ ਬੋਰਡ ਨੇ ਉਸ ਦੀਆਂ ਦਲੀਲਾਂ ਨੂੰ ਕਾਫ਼ੀ ਸਬੂਤਾਂ ਤੋਂ ਵਾਂਝਾ ਮੰਨਦੇ ਹੋਏ ਉਸ ਨੂੰ ਅਣਮਨਜ਼ੂਰ ਕਰਾਰ ਦਿੱਤਾ ਅਤੇ ਲੰਬੀ ਕਾਨੂੰਨੀ ਕਾਰਵਾਈ ਤੋਂ ਬਾਅਦ ਪਿਛਲੇ ਮਹੀਨੇ ਡਿਪੋਰਟ ਕਰ ਦਿੱਤਾ। ਅਧਿਕਾਰੀਆਂ ਨੇ ਕਿਹਾ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਵਧ ਰਹੀਆਂ ਐਕਸਟੋਰਸ਼ਨ ਘਟਨਾਵਾਂ ਨੂੰ ਰੋਕਣ ਲਈ ਵੱਖ-ਵੱਖ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ ਅਤੇ ਜਨਤਕ ਸੁਰੱਖਿਆ ਨੂੰ ਪਹਿਲ ਦਿੱਤੀ ਜਾ ਰਹੀ ਹੈ।



# 26 ਉਮੀਦਵਾਰ ਰਾਜ ਸਭਾ ਲਈ ਬਿਨਾ ਵਿਰੋਧ ਚੁਣੇ ਗਏ



**ਨਵੀਂ ਦਿੱਲੀ, 17 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਹਰਿਆਣਾ, ਬਿਹਾਰ ਅਤੇ ਓਡੀਸ਼ਾ ਵਿੱਚ 11 ਰਾਜ ਸਭਾ ਸੀਟਾਂ ਲਈ ਵੋਟਿੰਗ - ਜੋ ਕਿ ਸਵੇਰੇ 9:00 ਵਜੇ ਸ਼ੁਰੂ ਹੋਈ ਸੀ - ਖ਼ਤਮ ਹੋ ਗਈ ਹੈ। ਜਿਵੇਂ ਕਿ ਉਮੀਦ ਕੀਤੀ ਗਈ ਸੀ, ਚੋਣਾਂ ਬਿਲਕੁਲ ਮਿੱਥੇ ਪ੍ਰੋਗਰਾਮ ਅਨੁਸਾਰ ਹੀ ਹੋ ਰਹੀਆਂ ਹਨ। ਤਿੰਨਾਂ ਰਾਜਾਂ ਵਿੱਚ ਕਰਾਸ-ਵੋਟਿੰਗ ਹੋਈ ਹੈ। ਇਸ ਰੁਝਾਨ ਦਾ ਪ੍ਰਭਾਵ ਸਭ ਤੋਂ ਵੱਧ ਕਾਂਗਰਸ ਵਿਧਾਇਕਾਂ 'ਤੇ ਪੈ ਰਿਹਾ ਹੈ। ਬਿਹਾਰ ਵਿੱਚ, ਤਿੰਨ ਕਾਂਗਰਸੀ ਵਿਧਾਇਕਾਂ ਅਤੇ ਇੱਕ ਆਰਜੇਡੀ ਵਿਧਾਇਕ ਨੇ ਆਪਣੀ ਵੋਟ ਨਹੀਂ ਪਾਈ। ਇਸ ਤੋਂ ਇਲਾਵਾ, ਉਨ੍ਹਾਂ ਦੇ ਸਾਰੇ ਮੋਬਾਈਲ ਫੋਨ ਇਸ ਸਮੇਂ ਬੰਦ ਹਨ। ਓਡੀਸ਼ਾ ਵਿੱਚ, ਦੋਸ਼ ਸਾਹਮਣੇ ਆਏ ਹਨ ਕਿ ਤਿੰਨ ਕਾਂਗਰਸੀ ਵਿਧਾਇਕਾਂ ਨੇ ਐਨਡੀਏ ਦੇ ਹੱਕ ਵਿੱਚ ਵੋਟ ਪਾਈ। ਪ੍ਰਦੇਸ਼ ਪ੍ਰਧਾਨ ਭਗਤ ਚਰਨ ਦਾਸ ਨੇ ਕਿਹਾ ਕਿ ਕਾਂਗਰਸ ਵਿਧਾਇਕ ਦਸਾਰਥੀ ਗੋਮਾਂਗੋ, ਸੋਫੀਆ ਫਿਰਦੌਸ ਅਤੇ ਰਮੇਸ਼ ਜੇਨਾ ਨੇ ਕਰਾਸ-ਵੋਟਿੰਗ ਕੀਤੀ ਹੈ। ਬੀਜੇਡੀ ਵਿਧਾਇਕ ਸੌਭਿਕ ਬਿਸਵਾਲ ਅਤੇ ਚਕਰਮਣੀ ਕਨਹਾਰ ਦੇ ਨਾਵਾਂ 'ਤੇ ਵੀ ਕਰਾਸ-ਵੋਟਿੰਗ ਦੇ ਸਬੰਧ ਵਿੱਚ ਚਰਚਾ ਕੀਤੀ ਜਾ ਰਹੀ ਹੈ। ਹਰਿਆਣਾ ਵਿੱਚ, ਇਨੈਲੋ ਪਾਰਟੀ ਦੇ ਦੋਵੇਂ ਵਿਧਾਇਕਾਂ ਨੇ ਵੋਟ ਨਾ ਪਾਉਣ ਦਾ ਫੈਸਲਾ ਕੀਤਾ ਸੀ। ਤਿੰਨਾਂ ਰਾਜਾਂ ਦੀਆਂ 11 ਸੀਟਾਂ ਲਈ ਕੁੱਲ 14 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਵੋਟਾਂ ਦੀ ਗਿਣਤੀ ਹਾਲੇ ਸ਼ਾਮ ਨੂੰ ਹੋਣੀ ਹੈ। ਬਿਹਾਰ ਵਿੱਚ, ਐਨਡੀਏ ਨਾਲ ਸਬੰਧਤ ਸਾਰੇ 202 ਵਿਧਾਇਕਾਂ ਨੇ ਆਪਣੀ ਵੋਟ ਪਾਈ, ਜਦੋਂ ਕਿ 'ਮਹਾਂਗਠਜੋੜ' (ਮਹਾਂਗਠਜੋੜ) ਦੇ 37 ਵਿਧਾਇਕਾਂ ਨੇ ਆਪਣੀ ਵੋਟ ਪਾਈ। ਹਰਿਆਣਾ ਵਿੱਚ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਭ ਤੋਂ ਪਹਿਲਾਂ ਆਪਣੀ ਵੋਟ ਪਾਈ। ਇੱਥੇ, ਕੁੱਲ 90 ਵੋਟਾਂ ਵਿੱਚੋਂ 88 ਵੋਟਾਂ ਪਈਆਂ। 10 ਰਾਜਾਂ ਦੀਆਂ 37 ਰਾਜ ਸਭਾ ਸੀਟਾਂ ਵਿੱਚੋਂ, ਸੋਮਵਾਰ ਨੂੰ 11 ਸੀਟਾਂ ਲਈ ਵੋਟਿੰਗ ਹੋਈ; ਬਾਕੀ 26 ਸੀਟਾਂ ਲਈ ਉਮੀਦਵਾਰ ਪਹਿਲਾਂ ਹੀ ਬਿਨਾਂ ਵਿਰੋਧ ਚੁਣੇ ਜਾ ਚੁੱਕੇ ਸਨ। ਇਨ੍ਹਾਂ ਵਿੱਚੋਂ, 13 ਸੀਟਾਂ ਐਨਡੀਏ ਦੀਆਂ ਹਨ ਅਤੇ 13 ਵਿਰੋਧੀ ਧਿਰ ਦੀਆਂ ਹਨ। ਵਰਤਮਾਨ ਵਿੱਚ, 'ਇੰਡੀਆ' ਗਠਜੋੜ ਕੋਲ 37 ਵਿੱਚੋਂ 25 ਸੀਟਾਂ ਹਨ, ਜਦੋਂ ਕਿ ਐਨਡੀਏ ਕੋਲ 12 ਹਨ। ਹਾਲਾਂਕਿ, ਚੋਣਾਂ ਤੋਂ ਬਾਅਦ ਇਹ ਰਾਜਨੀਤਿਕ ਦ੍ਰਿਸ਼ ਬਦਲ ਸਕਦਾ ਹੈ, ਜਿਸ ਨਾਲ ਐਨਡੀਏ ਨੂੰ ਸੰਭਾਵਤ ਤੌਰ 'ਤੇ 8 ਵਾਧੂ ਸੀਟਾਂ ਮਿਲਣਗੀਆਂ। ਹਰਿਆਣਾ ਵਿਧਾਨ ਸਭਾ ਵਿੱਚ ਕੁੱਲ 90 ਸੀਟਾਂ ਹਨ। ਜਦੋਂ ਕਿ ਦੋ ਸੀਟਾਂ ਲਈ ਚੋਣ ਹੋ ਰਹੀ ਹੈ, ਤਿੰਨ ਉਮੀਦਵਾਰ ਮੈਦਾਨ ਵਿੱਚ ਹਨ। ਇੱਕ ਉਮੀਦਵਾਰ ਨੂੰ ਜਿੱਤ ਪ੍ਰਾਪਤ ਕਰਨ ਲਈ 31 ਵੋਟਾਂ ਦੀ ਲੋੜ ਹੁੰਦੀ ਹੈ। ਭਾਜਪਾ ਕੋਲ ਇਸ ਸਮੇਂ ਵਿਧਾਨ ਸਭਾ ਵਿੱਚ 48 ਸੀਟਾਂ ਹਨ। ਭਾਜਪਾ ਦੇ ਉਮੀਦਵਾਰ ਸੰਜੇ ਭਾਟੀਆ ਦੀ ਜਿੱਤ ਯਕੀਨੀ ਹੈ। 17 ਵੋਟਾਂ ਬਾਕੀ ਰਹਿਣਗੀਆਂ, ਜੋ ਕਿ ਆਜ਼ਾਦ ਉਮੀਦਵਾਰ ਸਤੀਸ਼ ਨੰਦਲ ਨੂੰ ਜਾਣਗੀਆਂ। ਜੇਕਰ, 3 ਆਜ਼ਾਦ ਉਮੀਦਵਾਰਾਂ ਤੋਂ ਇਲਾਵਾ, ਇਨੈਲੋ ਦੇ 2 ਵਿਧਾਇਕ ਵੀ ਆਪਣਾ ਸਮਰਥਨ ਦਿੰਦੇ ਹਨ, ਤਾਂ ਕੁੱਲ ਗਿਣਤੀ 22 ਤੱਕ ਪਹੁੰਚ ਜਾਵੇਗੀ। ਇਹ ਅੰਕੜਾ ਜਿੱਤ ਲਈ ਲੋੜੀਂਦੀ ਗਿਣਤੀ ਤੋਂ 9 ਵੋਟਾਂ ਘੱਟ ਹੈ। ਕਾਂਗਰਸ ਪਾਰਟੀ ਕੋਲ ਇਸ ਸਮੇਂ 37 ਵਿਧਾਇਕ ਹਨ।

# ਸੰਤ ਢੱਡਰੀਆਂ ਵਾਲੇ ਦੀ ਵਧੀ ਮੁਸੀਬਤ

## ਫ਼ਤਹਿਗੜ੍ਹ ਸਾਹਿਬ ਅਦਾਲਤ ਵੱਲੋਂ ਸੰਮਨ ਜਾਰੀ



**ਫ਼ਤਹਿਗੜ੍ਹ ਸਾਹਿਬ, 17 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਉਘੇ ਸਿੱਖ ਪ੍ਰਚਾਰਕ ਅਤੇ ਗੁਰਦੁਆਰਾ ਪਰਮੇਸ਼ਵਰ ਦੁਆਰ ਸਾਹਿਬ, ਪਟਿਆਲਾ ਦੇ ਮੁਖੀ ਸੰਤ ਰਣਜੀਤ ਸਿੰਘ ਢੱਡਰੀਆਂਵਾਲੇ ਲਈ ਮੁਸੀਬਤਾਂ ਹੁਣ ਵਧਦੀਆਂ ਜਾ ਰਹੀਆਂ ਹਨ। ਫਤਿਹਗੜ੍ਹ ਸਾਹਿਬ ਦੀ ਅਦਾਲਤ ਵਿੱਚ ਮਾਣਹਾਨੀ ਦੇ ਇੱਕ ਪੁਰਾਣੇ ਮਾਮਲੇ ਵਿੱਚ ਉਨ੍ਹਾਂ ਖਿਲਾਫ਼ ਸੰਮਨ ਜਾਰੀ ਹੋ ਗਏ ਹਨ। ਇਸ ਨਾਲ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤ ਲੈਣੀ ਪੈ ਸਕਦੀ ਹੈ।

ਅਗਲੀ ਸੁਣਵਾਈ 24 ਮਾਰਚ ਨੂੰ ਹੋਣੀ ਤੈਅ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ (ਫਤਿਹਗੜ੍ਹ ਸਾਹਿਬ) ਨੇ 2019 ਵਿੱਚ ਢੱਡਰੀਆਂਵਾਲੇ ਖਿਲਾਫ਼ ਅਪਰਾਧਿਕ ਮਾਣਹਾਨੀ ਦੀ ਸ਼ਿਕਾਇਤ ਦਾਇਰ ਕੀਤੀ ਸੀ। ਰੰਧਾਵਾ ਅਨੁਸਾਰ, ਢੱਡਰੀਆਂਵਾਲੇ ਨੇ ਆਪਣੇ ਚਲਦੇ ਦੀਵਾਨਾਂ ਵਿੱਚ ਉਨ੍ਹਾਂ ਅਤੇ ਉਨ੍ਹਾਂ ਦੇ ਪਿਤਾ ਅਤੇ ਸਿੱਖ ਪ੍ਰਚਾਰਕ ਭਾਈ ਹਰੀ ਸਿੰਘ ਰੰਧਾਵਾ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਸਨ। ਦੋਸ਼ਾਂ ਦੇ ਜਵਾਬ ਵਿੱਚ ਰੰਧਾਵਾ ਪਰਿਵਾਰ ਨੇ ਦਾਅਵਾ ਕੀਤਾ ਸੀ ਕਿ ਭਾਈ ਹਰੀ ਸਿੰਘ ਰੰਧਾਵਾ ਨੇ ਗੁਰੂ ਗ੍ਰੰਥ ਸਾਹਿਬ ਦੀ 'ਸਟੀਕ' ਵਿਆਖਿਆ ਲਿਖੀ ਹੈ ਅਤੇ ਉਨ੍ਹਾਂ ਦੇ ਬਹੁਤ ਸਾਰੇ ਵਿਦਵਾਨ ਚੇਲੇ ਹਨ। ਸੰਤ ਢੱਡਰੀਆਂਵਾਲੇ ਉਤੇ ਰੰਧਾਵਾ ਹੁਰਾਂ ਨੂੰ ਬਦਨਾਮ ਕਰਨ ਦਾ ਦੋਸ਼ ਲਾਇਆ ਗਿਆ ਹੈ।

ਢੱਡਰੀਆਂਵਾਲੇ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਉਹ ਤਰਕਪੂਰਨ ਗੱਲਾਂ ਕਰਦੇ ਹਨ ਅਤੇ ਕੁਝ ਪ੍ਰਚਾਰਕ ਸਿੱਖੀ ਨੂੰ ਗ਼ਲਤ ਰੂਪ ਵਿੱਚ ਪੇਸ਼ ਕਰਦੇ ਹਨ। ਸਤੰਬਰ 2019 'ਚ ਫਤਿਹਗੜ੍ਹ ਸਾਹਿਬ ਦੀ ਹੇਠਲੀ ਅਦਾਲਤ ਵਿੱਚ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਗਿਆ ਸੀ। ਰੰਧਾਵਾ ਪਰਿਵਾਰ ਵੱਲੋਂ ਵਕੀਲ ਐਡਵੋਕੇਟ ਅਮਰਦੀਪ ਸਿੰਘ ਧਰਨੀ ਨੇ ਇਹ ਮੁਕੱਦਮਾ ਦਾਇਰ ਕੀਤਾ ਸੀ। ਸਤੰਬਰ 2021 'ਚ ਰੰਧਾਵਾ ਨੇ ਹੇਠਲੀ ਅਦਾਲਤ ਦੀ ਕਾਰਵਾਈ ਤੋਂ ਅਸੰਤੁਸ਼ਟ ਹੋ ਕੇ ਫਤਿਹਗੜ੍ਹ ਸਾਹਿਬ ਦੀ ਸੈਸ਼ਨ ਅਦਾਲਤ ਵਿੱਚ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ ਸੀ। ਦਸੰਬਰ 2024 ਤੱਕ ਇਸ ਕੇਸ ਉਤੇ ਬਹਿਸ ਚੱਲ ਰਹੀ ਸੀ।

ਬੀਤੇ ਦਿਨੀਂ ਫ਼ਤਹਿਗੜ੍ਹ ਸਾਹਿਬ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਜਸਟਿਸ ਜਗਵੀਰ ਸਿੰਘ ਮਹਿੰਦੀ ਰੱਤਾ ਨੇ ਰਿਵੀਜ਼ਨ ਪਟੀਸ਼ਨ ਮਨਜ਼ੂਰ ਕਰਦਿਆਂ ਹੇਠਲੀ ਅਦਾਲਤ ਨੂੰ ਹੁਕਮ ਦਿੱਤੇ ਕਿ ਸੰਤ ਢੱਡਰੀਆਂਵਾਲੇ ਨੂੰ ਸੰਮਨ ਜਾਰੀ ਕਰਕੇ ਕੇਸ ਚਲਾਇਆ ਜਾਵੇ ਅਤੇ ਅਦਾਲਤ ਵਿੱਚ ਤਲਬ ਕੀਤਾ ਜਾਵੇ। ਐਡਵੋਕੇਟ ਧਰਨੀ ਨੇ ਕਿਹਾ ਕਿ "ਹੇਠਲੀ ਅਦਾਲਤ ਨੇ ਪਹਿਲਾਂ ਸੰਮਨ ਜਾਰੀ ਨਹੀਂ ਕੀਤੇ ਸਨ। ਰਿਵੀਜ਼ਨ ਰਾਹੀਂ ਇਸ ਨੂੰ ਚੈਲੇਂਜ ਕੀਤਾ ਗਿਆ ਅਤੇ ਹੁਣ ਹੁਕਮ ਹੋ ਗਏ ਹਨ।"ਸੰਮਨ ਜਾਰੀ ਹੋਣ ਤੋਂ ਬਾਅਦ ਢੱਡਰੀਆਂਵਾਲੇ ਨੂੰ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤ ਲੈਣੀ ਪਵੇਗੀ, ਨਹੀਂ ਤਾਂ ਅਦਾਲਤ ਸਖ਼ਤ ਕਾਰਵਾਈ ਕਰ ਸਕਦੀ ਹੈ।

ਭਾਈ ਹਰੀ ਸਿੰਘ ਰੰਧਾਵਾ ਇੱਕ ਮਸ਼ਹੂਰ ਸਿੱਖ ਪ੍ਰਚਾਰਕ ਸਨ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਲਿਖੀ। ਉਨ੍ਹਾਂ ਦੇ ਚੇਲੇ ਬਹੁਤ ਸਾਰੇ ਵਿਦਵਾਨ ਹਨ। ਪੁੱਤਰ ਗੁਰਪ੍ਰੀਤ ਸਿੰਘ SGPC ਮੈਂਬਰ ਹਨ ਅਤੇ ਇਸ ਮਾਮਲੇ ਵਿੱਚ ਆਪਣੀ ਤੇ ਪਿਤਾ ਦੀ ਸਾਖ ਦੀ ਰੱਖਿਆ ਲਈ ਅਦਾਲਤ ਗਏ ਹਨ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਚਰਚਾ ਤੇਜ਼ ਕਰ ਦਿੱਤੀ ਹੈ। ਇੱਕ ਪਾਸੇ ਢੱਡਰੀਆਂਵਾਲੇ ਦੇ ਸਮਰਥਕ ਇਸ ਨੂੰ 'ਰਾਜਨੀਤਿਕ ਤੇ ਵਿਰੋਧੀਆਂ ਵੱਲੋਂ ਤੰਗ ਕਰਨ' ਵਾਲੀ ਸਾਜ਼ਿਸ਼ ਕਹਿ ਰਹੇ ਹਨ, ਤਾਂ ਦੂਜੇ ਪਾਸੇ ਰੰਧਾਵਾ ਪਰਿਵਾਰ ਤੇ SGPC ਵਾਲੇ ਇਸ ਨੂੰ ਸਾਖ ਰੱਖਿਆ ਦਾ ਮਾਮਲਾ ਬਣਾ ਰਹੇ ਹਨ। ਕਾਨੂੰਨੀ ਮਾਹਿਰਾਂ ਅਨੁਸਾਰ ਜੇ ਢੱਡਰੀਆਂਵਾਲੇ ਸੰਮਨ 'ਤੇ ਪੇਸ਼ ਨਾ ਹੋਏ ਤਾਂ ਵਾਰੰਟ ਜਾਰੀ ਹੋ ਸਕਦੇ ਹਨ। ਇਸ ਵੇਲੇ ਸਾਰੀਆਂ ਨਜ਼ਰਾਂ ਆਉਂਦੀ 24 ਮਾਰਚ ਵਾਲੀ ਸੁਣਵਾਈ 'ਤੇ ਹਨ, ਜਿਸ ਵਿੱਚ ਕੇਸ ਦੀ ਅਗਲੀ ਰੂਪ-ਰੇਖਾ ਤੈਅ ਹੋਵੇਗੀ।

# ਇਜ਼ਰਾਇਲੀ ਹਮਲੇ 'ਚ ਈਰਾਨ ਦਾ ਟੌਪ ਕਮਾਂਡਰ ਸੁਲੇਮਾਨੀ ਹਲਾਕ



**ਤੇਲ ਅਵੀਵ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਇਜ਼ਰਾਈਲ ਨੇ ਅੱਧੀ ਰਾਤ ਨੂੰ ਕੀਤੇ ਹਮਲਿਆਂ ਵਿੱਚ ਇਰਾਨ ਦੇ ਸਿਖਰਲੇ ਸੁਰੱਖਿਆ ਅਧਿਕਾਰੀ ਤੇ ਰੈਵੋਲਿਊਸ਼ਨਰੀ ਗਾਰਡਜ਼ ਬਾਸਿਜ ਮਿਲੀਸ਼ੀਆ ਦੇ ਮੁਖੀ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਉੱਧਰ, ਤਹਿਰਾਨ ਨੇ ਤੇਲ ਬਾਜ਼ਾਰ 'ਤੇ ਦਬਾਅ ਬਣਾਉਣ ਦੇ ਇਰਾਦੇ ਨਾਲ ਖਾੜੀ ਵਿਚਲੇ ਆਪਣੇ ਗੁਆਂਢੀਆਂ ਤੇ ਇਜ਼ਰਾਈਲ 'ਤੇ ਨਵੇਂ ਸਿਰਿਓਂ ਮਿਜ਼ਾਈਲ ਤੇ ਡਰੋਨ ਹਮਲੇ ਕੀਤੇ ਹਨ। ਇਸ ਦੌਰਾਨ ਦੁਬਈ ਨੂੰ ਇਰਾਨ ਦੇ ਹਮਲਿਆਂ ਕਰ ਕੇ ਆਪਣਾ ਹਵਾਈ ਖੇਤਰ ਥੋੜ੍ਹੇ ਸਮੇਂ ਲਈ ਬੰਦ ਕਰਨਾ ਪਿਆ।

ਆਬੂ ਧਾਬੀ ਉੱਪਰ ਫੁੰਡੀ ਮਿਜ਼ਾਈਲ ਦੇ ਮਲਬੇ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਜ਼ਰਾਇਲ ਦੇ ਰੱਖਿਆ ਮੰਤਰੀ ਇਜ਼ਰਾਇਲ ਕਾਟਜ਼ ਨੇ ਬਿਆਨ 'ਚ ਕਿਹਾ ਕਿ ਦੋਵੇਂ ਸੁਰੱਖਿਆ ਅਧਿਕਾਰੀ ਅਲੀ ਲਾਰੀਜਾਨੀ ਅਤੇ ਜਨਰਲ ਗੁਲਾਮ ਰਜ਼ਾ ਸੁਲੇਮਾਨੀ ਲੰਘੀ ਰਾਤ ਮਾਰੇ ਗਏ ਹਨ। ਇਰਾਨ ਦੇ ਸਰਕਾਰੀ ਮੀਡੀਆ ਨੇ ਹਾਲਾਂਕਿ ਦੋਵਾਂ ਮੌਤਾਂ ਦੀ ਪੁਸ਼ਟੀ ਨਹੀਂ ਕੀਤੀ ਹੈ, ਸਿਰਫ ਇੰਨਾ ਹੀ ਕਿਹਾ ਗਿਆ ਕਿ ਲਾਰੀਜਾਨੀ ਦੇ ਦਫ਼ਤਰ ਵੱਲੋਂ ਜਲਦੀ ਕੋਈ ਬਿਆਨ ਦਿੱਤਾ ਜਾਵੇਗਾ।

# ਕੈਨੇਡਾ 'ਚ ਨੈਨਸੀ ਗਰੇਵਾਲ ਦੇ ਕਤਲ ਨਾਲ ਮੁੜ ਸੁਰਖੀਆਂ 'ਚ ਖਾਲਿਸਤਾਨੀ ਅੰਦੋਲਨ

**ਲਾਸਾਲ (ਕੈਨੇਡਾ), 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ)** : ਕੈਨੇਡਾ ਦੇ ਸ਼ਹਿਰ ਵਿੰਡਸਰ ਦੀ ਰਹਿਣ ਵਾਲੀ ਨੈਨਸੀ ਗਰੇਵਾਲ ਦੀ ਹੱਤਿਆ ਨੇ ਇਕ ਵਾਰ ਫਿਰ ਖਾਲਿਸਤਾਨੀ ਅੰਦੋਲਨ ਅਤੇ ਕੈਨੇਡਾ-ਭਾਰਤ ਦੇ ਕੂਟਨੀਤਕ ਸਬੰਧਾਂ ਨੂੰ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। 45 ਸਾਲਾ ਨੈਨਸੀ ਗਰੇਵਾਲ, ਜੋ ਕਿ ਇੱਕ ਪਰਸਨਲ ਸਪੋਰਟ ਵਰਕਰ ਵਜੋਂ ਕੰਮ ਕਰਦੀ ਸੀ, ਨੂੰ 3 ਮਾਰਚ ਨੂੰ ਲਾਸਾਲ ਵਿੱਚ ਇੱਕ ਕਲਾਇੰਟ ਦੇ ਘਰ ਦੇ ਬਾਹਰ ਚਾਕੂ ਮਾਰ ਕੇ ਮਾਰ ਦਿੱਤਾ ਗਿਆ ਸੀ।



ਸਰੋਤਾਂ ਅਨੁਸਾਰ, ਨੈਨਸੀ ਗਰੇਵਾਲ 2018 'ਚ ਭਾਰਤ ਤੋਂ ਕੈਨੇਡਾ ਆਈ ਸੀ। ਉਹ ਸੋਸ਼ਲ ਮੀਡੀਆ 'ਤੇ ਖਾਲਿਸਤਾਨ ਵਿਰੋਧੀ ਵਿਚਾਰਾਂ ਲਈ ਜਾਣੀ ਜਾਂਦੀ ਸੀ। ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ, ਉਸਨੇ ਇੱਕ ਵੀਡੀਓ ਰਾਹੀਂ ਖਦਸ਼ਾ ਜਤਾਇਆ ਸੀ ਕਿ ਉਸਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ ਅਤੇ ਉਸਦੀ ਜਾਨ ਨੂੰ ਖ਼ਤਰਾ ਹੈ। ਹਾਲਾਂਕਿ ਲਾਸਾਲ ਪੁਲਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਸ ਇਸ ਨੂੰ ਇੱਕ ਟਾਰਗੇਟਿਡ ਹਮਲਾ ਮੰਨ ਰਹੀ ਹੈ, ਪਰ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਗਰੇਵਾਲ ਦੇ ਪਰਿਵਾਰ ਅਤੇ ਭਾਰਤੀ ਮੀਡੀਆ ਦੇ ਇੱਕ ਹਿੱਸੇ ਨੇ ਇਸ ਕਤਲ ਪਿੱਛੇ ਖਾਲਿਸਤਾਨੀ ਸਮਰਥਕਾਂ ਦਾ ਹੱਥ ਹੋਣ ਦਾ ਸ਼ੱਕ ਜਤਾਇਆ ਹੈ। ਦੂਜੇ ਪਾਸੇ, 'ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ' ਦੇ ਕਾਨੂੰਨੀ ਸਲਾਹਕਾਰ ਬਲਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਪੁਲਸ ਦੀ ਪੁਖਤਾ ਜਾਂਚ ਤੋਂ ਪਹਿਲਾਂ ਕਿਸੇ ਵੀ ਅੰਦੋਲਨ 'ਤੇ ਦੋਸ਼ ਲਗਾਉਣਾ ਗੈਰ-ਜ਼ਿੰਮੇਵਾਰਾਨਾ ਹੈ। ਇਹ ਘਟਨਾ ਅਜਿਹੇ ਸਮੇਂ ਵਾਪਰੀ ਹੈ ਜਦੋਂ ਪਹਿਲਾਂ ਹੀ ਕੈਨੇਡਾ ਅਤੇ ਭਾਰਤ ਵਿਚਾਲੇ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਤਣਾਅ ਚੱਲ ਰਿਹਾ ਹੈ। ਇਤਿਹਾਸਕ ਪਿਛੋਕੜ: ਸਿੱਖਾਂ ਦੀ ਆਪਣੀ ਪ੍ਰਭੂਸੱਤਾ ਦਾ ਸੰਕਲਪ 1849 ਤੱਕ ਰਿਹਾ ਸੀ, ਜਦੋਂ ਬ੍ਰਿਟਿਸ਼ ਸਾਮਰਾਜ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਲਿਆ। 1984 ਦੇ ਸਾਕਾ ਨੀਲਾ ਤਾਰਾ ਅਤੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਵੱਖਰੇ ਦੇਸ਼ ਦੀ ਮੰਗ ਹੋਰ ਤੇਜ਼ ਹੋਈ।

# ਨਿਊਯਾਰਕ ਦੀ ਇਮਾਰਤ 'ਚ ਲੱਗੀ ਭਿਆਨਕ ਅੱਗ



**ਨਿਊਯਾਰਕ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਅਮਰੀਕਾ ਦੇ ਮੈਨਹੱਟਨ ਇਲਾਕੇ ਵਿੱਚ ਮੰਗਲਵਾਰ ਸਵੇਰੇ ਉਸ ਸਮੇਂ ਦਹਿਸ਼ਤ ਫੈਲ ਗਈ, ਜਦੋਂ ਇੱਕ ਅਸਮਾਨ ਛੂਹੰਦੀ ਇਮਾਰਤ ਵਿੱਚ ਭਿਆਨਕ ਅੱਗ ਲੱਗ ਗਈ। ਇਹ ਹਾਦਸਾ ਸ਼ਹਿਰ ਦੇ ਸਭ ਤੋਂ ਵਿਅਸਤ ਇਲਾਕਿਆਂ ਵਿੱਚੋਂ ਇੱਕ, ਗ੍ਰੈਂਡ ਸੈਂਟਰਲ ਟਰਮੀਨਲ ਦੇ ਕੋਲ ਸਵੇਰੇ ਕਰੀਬ 10 ਵਜੇ ਵਾਪਰਿਆ। ਅੱਗ ਇੰਨੀ ਭਿਆਨਕ ਸੀ ਕਿ ਇਮਾਰਤ ਦੀ ਛੱਤ ਤੋਂ ਨਿਕਲਦੀਆਂ ਨਾਰੰਗੀ ਲਪਟਾਂ ਅਤੇ ਕਾਲਾ ਧੂੰਆਂ ਕਈ ਮੀਲ ਦੂਰੋਂ ਸਾਫ਼ ਦੇਖਿਆ ਜਾ ਸਕਦਾ ਸੀ।

ਖ਼ਾਸ ਗੱਲ ਇਹ ਹੈ ਕਿ ਇਹ ਘਟਨਾ ਮਸ਼ਹੂਰ 'ਸੈਂਟ ਪੈਟ੍ਰਿਕਸ ਡੇ ਪਰੇਡ' ਸ਼ੁਰੂ ਹੋਣ ਤੋਂ ਠੀਕ ਪਹਿਲਾਂ ਵਾਪਰੀ, ਜਿਸ ਵਿੱਚ ਹਰ ਸਾਲ ਲਗਭਗ 20 ਲੱਖ ਲੋਕ ਸ਼ਾਮਲ ਹੁੰਦੇ ਹਨ। ਪਰੇਡ ਦਾ ਰਸਤਾ ਅੱਗ ਵਾਲੀ ਥਾਂ ਦੇ ਬੇਹੱਦ ਕਰੀਬ ਸੀ, ਜਿਸ ਕਾਰਨ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਹਾਲਾਂਕਿ, ਫਾਇਰ ਬ੍ਰਿਗੇਡ ਨੇ ਮੁਸਤੈਦੀ ਦਿਖਾਉਂਦੇ ਹੋਏ ਸਵੇਰੇ 11 ਵਜੇ ਤੋਂ ਪਹਿਲਾਂ ਅੱਗ 'ਤੇ ਕਾਬੂ ਪਾ ਲਿਆ, ਜਿਸ ਨਾਲ ਪਰੇਡ ਆਪਣੇ ਤੈਅ ਸਮੇਂ 'ਤੇ ਸ਼ੁਰੂ ਹੋ ਸਕੀ। ਨਿਊਯਾਰਕ ਸਿਟੀ ਫਾਇਰ ਡਿਪਾਰਟਮੈਂਟ (FDNY) ਅਨੁਸਾਰ, ਇਸ ਹਾਦਸੇ ਵਿੱਚ ਕਿਸੇ ਦੇ ਜ਼ਖਮੀ ਹੋਣ ਜਾਂ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਸ਼ੁਰੂਆਤੀ ਰਿਪੋਰਟਾਂ ਮੁਤਾਬਕ, ਅੱਗ ਇਮਾਰਤ ਦੀ ਛੱਤ 'ਤੇ ਲੱਗੇ HVAC (ਹੀਟਿੰਗ, ਵੈਂਟੀਲੇਸ਼ਨ ਅਤੇ ਏਅਰ ਕੰਡੀਸ਼ਨਿੰਗ) ਸਿਸਟਮ ਵਿੱਚ ਖਰਾਬੀ ਕਾਰਨ ਲੱਗੀ ਹੋ ਸਕਦੀ ਹੈ। ਘਟਨਾ ਦੇ ਸਮੇਂ ਇਮਾਰਤ ਵਿੱਚ ਨਿਰਮਾਣ ਕਾਰਜ ਵੀ ਚੱਲ ਰਿਹਾ ਸੀ। ਇਸ ਅੱਗ ਕਾਰਨ ਇਲਾਕੇ ਵਿੱਚ ਟ੍ਰੈਫਿਕ ਜਾਮ ਲੱਗ ਗਿਆ ਅਤੇ ਜਨਤਕ ਆਵਾਜਾਈ ਸੇਵਾਵਾਂ ਵਿੱਚ ਵੀ ਵਿਘਨ ਪਿਆ।

## ਟਰੰਪ ਦੀ ਈਰਾਨ ਨੂੰ ਸਖ਼ਤ ਚੇਤਾਵਨੀ

# "ਪ੍ਰਮਾਣੂ ਹਥਿਆਰ ਮਿਲੇ ਤਾਂ ਮੱਧ ਪੂਰਬ ਕਰ ਦਿਆਂਗਾ ਤਬਾਹ

**ਵਾਸ਼ਿੰਗਟਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਤਿੱਖਾ ਬਿਆਨ ਦਿੰਦਿਆਂ ਕਿਹਾ ਹੈ ਕਿ ਜੇਕਰ ਈਰਾਨ ਨੇ ਨਿਊਕਲੀਅਰ ਹਥਿਆਰ ਹਾਸਲ ਕਰ ਲਏ, ਤਾਂ ਉਹ ਤੁਰੰਤ ਉਨ੍ਹਾਂ ਦੀ ਵਰਤੋਂ ਕਰ ਸਕਦਾ ਹੈ, ਜਿਸ ਨਾਲ ਪੂਰਾ ਮਿਡਲ ਈਸਟ ਤਬਾਹੀ ਵੱਲ ਵੱਧ ਸਕਦਾ ਹੈ। ਟਰੰਪ ਨੇ ਇਜ਼ਰਾਈਲ ਅਤੇ ਅਮਰੀਕਾ ਦੀਆਂ ਸਾਂਝੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਇਹ ਕਦਮ ਖੇਤਰੀ ਸੁਰੱਖਿਆ ਲਈ ਜ਼ਰੂਰੀ ਹਨ। ਉਨ੍ਹਾਂ ਦੇ ਅਨੁਸਾਰ, ਈਰਾਨ ਦਾ ਪ੍ਰਮਾਣੂ ਪ੍ਰੋਗਰਾਮ ਨਾ ਸਿਰਫ਼ ਇਜ਼ਰਾਈਲ ਲਈ, ਸਗੋਂ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕਤਰ ਅਤੇ ਓਮਾਨ ਵਰਗੇ ਦੇਸ਼ਾਂ ਲਈ ਵੀ ਵੱਡਾ ਖ਼ਤਰਾ ਹੈ। ਟਰੰਪ ਨੇ ਈਰਾਨੀ ਲੀਡਰਸ਼ਿਪ ਨੂੰ "ਹਿੰਸਕ ਅਤੇ ਜ਼ਹਿਰੀਲੀ" ਕਰਾਰ ਦਿੰਦਿਆਂ ਦਾਅਵਾ ਕੀਤਾ ਕਿ ਪਿਛਲੇ ਤਿੰਨ ਹਫ਼ਤਿਆਂ ਵਿੱਚ 32,000 ਪ੍ਰਦਰਸ਼ਨਕਾਰੀਆਂ ਦੀ ਮੌਤ ਹੋਈ ਹੈ। ਹਾਲਾਂਕਿ, ਇਸ ਦਾਅਵੇ ਦੀ ਅਜ਼ਾਦ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ। ਟਰੰਪ ਨੇ ਕਿਹਾ ਕਿ ਉਹ ਜੰਗ ਦੇ ਹੱਕ ਵਿੱਚ ਨਹੀਂ ਹਨ ਅਤੇ ਆਪਣੇ ਆਪ ਨੂੰ "ਸ਼ਾਂਤੀ ਪਸੰਦ"ਨੇਤਾ ਕਰਾਰ ਦਿੱਤਾ, ਪਰ ਨਾਲ ਹੀ ਇਹ ਵੀ ਜੋੜਿਆ ਕਿ ਈਰਾਨ ਨੂੰ ਪ੍ਰਮਾਣੂ ਤਾਕਤ ਬਣਨ ਤੋਂ ਰੋਕਣਾ ਵਿਸ਼ਵ ਸ਼ਾਂਤੀ ਲਈ ਬਹੁਤ ਜ਼ਰੂਰੀ ਹੈ। ਮਾਹਿਰਾਂ ਦੇ ਮੁਤਾਬਕ, "ਮੱਧ ਪੂਰਬ ਦੀ ਤਬਾਹੀ"ਵਾਲਾ ਬਿਆਨ ਖੇਤਰੀ ਦੇਸ਼ਾਂ ਨੂੰ ਈਰਾਨ ਦੇ ਖ਼ਿਲਾਫ਼ ਇਕੱਠਾ ਕਰਨ ਦੀ ਕੋਸ਼ਿਸ਼ ਹੋ ਸਕਦਾ ਹੈ। ਵਿਸ਼ਲੇਸ਼ਕ ਮੰਨਦੇ ਹਨ ਕਿ ਇਸ ਤਰ੍ਹਾਂ ਦੇ ਬਿਆਨ ਨਾਲ ਖੇਤਰ ਵਿੱਚ ਤਣਾਅ ਹੋਰ ਵੱਧ ਸਕਦਾ ਹੈ। ਪਿਛਲੇ ਸਾਲ ਇਜ਼ਰਾਈਲ-ਈਰਾਨ ਦੌਰਾਨ ਵੀ ਅਮਰੀਕਾ ਨੇ ਦਾਅਵਾ ਕੀਤਾ ਸੀ ਕਿ ਉਸਦੇ ਹਮਲਿਆਂ ਦਾ ਨਿਸ਼ਾਨਾ ਈਰਾਨ ਦੇ ਯੂਰੇਨੀਅਮ ਸਟਾਕ ਸਨ। ਹੁਣ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਵਧਦਾ ਤਣਾਅ ਆਉਣ ਵਾਲੇ ਸਮੇਂ ਵਿੱਚ ਖੇਤਰੀ ਰਾਜਨੀਤੀ ਨੂੰ ਹੋਰ ਗੁੰਝਲਦਾਰ ਬਣਾ ਸਕਦਾ ਹੈ।



# ਕੈਨੇਡਾ 'ਚ ਇਕ ਵਾਰ ਮੁੜ ਪੰਜਾਬੀ ਦੀ ਹੱਤਿਆ, ਗਰਦਨ 'ਚ ਮਾਰੀ ਗੋਲੀ



**ਐਡਮਿੰਟਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਕੈਨੇਡਾ ਦੀਆਂ ਸੜਕਾਂ 'ਤੇ ਇੱਕ ਵਾਰ ਫਿਰ ਇੱਕ ਪੰਜਾਬੀ ਨੌਜਵਾਨ ਦਾ ਖ਼ੂਨ ਵਹਿਣ ਦੀ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਸਟੱਡੀ ਵੀਜ਼ੇ 'ਤੇ ਸੁਪਨੇ ਸਜਾ ਕੇ ਕੈਨੇਡਾ ਗਏ 22 ਸਾਲਾ ਬੀਰਿੰਦਰ ਸਿੰਘ ਦੀ ਐਡਮਿੰਟਨ ਨੇੜੇ ਹਾਈਵੇਅ-2 'ਤੇ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਬੀਰਿੰਦਰ ਆਪਣੇ ਦੋ ਬਚਪਨ ਦੇ ਦੋਸਤਾਂ ਨਾਲ ਪਹਿਲੀ ਵਾਰ 'ਲੰਬੀ ਡਰਾਈਵ' 'ਤੇ ਬੈਨਫ ਘੁੰਮਣ ਜਾ ਰਿਹਾ ਸੀ।

ਬੀਰਿੰਦਰ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਪਿਛਲੇ ਤਿੰਨ ਸਾਲਾਂ ਤੋਂ ਉਸ ਦੇ ਮਾਪਿਆਂ ਨੇ ਆਪਣੇ ਪੁੱਤ ਦਾ ਚਿਹਰਾ ਤੱਕ ਨਹੀਂ ਸੀ ਦੇਖਿਆ। ਘਟਨਾ ਦੇ ਵੇਰਵੇ ਰੂਹ ਕੰਬਾਊ ਹਨ। ਜਾਣਕਾਰੀ ਅਨੁਸਾਰ ਬੀਰਿੰਦਰ ਆਪਣੀ ਹੋਂਡਾ ਸਿਵਿਕ ਕਾਰ ਚਲਾ ਰਿਹਾ ਸੀ ਕਿ ਅਚਾਨਕ ਇੱਕ ਚਿੱਟੇ ਰੰਗ ਦਾ ਪਿਕਅੱਪ ਟਰੱਕ ਉਨ੍ਹਾਂ ਦੀ ਕਾਰ ਦੇ ਬਰਾਬਰ ਆ ਕੇ ਰੁਕਿਆ। ਟਰੱਕ ਸਵਾਰਾਂ ਨੇ ਪਹਿਲਾਂ ਬੀਰਿੰਦਰ ਵੱਲ ਦੋਸਤਾਨਾ ਇਸ਼ਾਰਾ ਕੀਤਾ। ਜਿਵੇਂ ਹੀ ਬੀਰਿੰਦਰ ਨੇ ਅੱਗੋਂ ਜਵਾਬੀ ਇਸ਼ਾਰਾ ਕੀਤਾ, ਹਮਲਾਵਰਾਂ ਨੇ ਬਿਨਾਂ ਕਿਸੇ ਭੜਕਾਹਟ ਦੇ ਆਪਣੀ ਖਿੜਕੀ ਹੇਠਾਂ ਕਰਕੇ ਸਿੱਧੀ ਗੋਲੀ ਚਲਾ ਦਿੱਤੀ। ਗੋਲੀ ਬੀਰਿੰਦਰ ਦੀ ਗਰਦਨ ਵਿੱਚ ਲੱਗੀ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੇ ਦੋਸਤਾਂ ਨੇ ਬੜੀ ਮੁਸ਼ਕਲ ਨਾਲ ਕਾਰ 'ਤੇ ਕਾਬੂ ਪਾਇਆ ਅਤੇ ਸੜਕ ਦੇ ਕਿਨਾਰੇ ਰੋਕ ਕੇ ਪੁਲਿਸ ਨੂੰ ਸੂਚਿਤ ਕੀਤਾ, ਪਰ ਉਦੋਂ ਤੱਕ ਬੀਰਿੰਦਰ ਦਮ ਤੋੜ ਚੁੱਕਾ ਸੀ। ਲੇਡੁਕ ਆਰਸੀਐਮਪੀ ਮੇਜਰ ਕ੍ਰਾਈਮਜ਼ ਯੂਨਿਟ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬੀਰਿੰਦਰ ਦੇ ਦੋਸਤਾਂ ਦਾ ਮੰਨਣਾ ਹੈ ਕਿ ਇਹ ਹਮਲਾ ਨਸਲਵਾਦ ਜਾਂ ਨਫ਼ਰਤ ਤੋਂ ਪ੍ਰੇਰਿਤ ਹੋ ਸਕਦਾ ਹੈ ਕਿਉਂਕਿ ਬੀਰਿੰਦਰ ਦਾ ਕਦੇ ਕਿਸੇ ਨਾਲ ਕੋਈ ਝਗੜਾ ਨਹੀਂ ਸੀ ਰਿਹਾ। ਪੁਲਿਸ ਨੇ ਹਮਲਾਵਰਾਂ ਦੀ ਪਛਾਣ ਲਈ ਲੋਕਾਂ ਤੋਂ ਡੈਸ਼ਕੈਮ ਫੁਟੇਜ ਦੀ ਮੰਗ ਕੀਤੀ ਹੈ। ਦੂਜੇ ਪਾਸੇ, ਬੀਰਿੰਦਰ ਦੇ ਭਰਾ ਪੁਨਰ ਸਿੰਘ ਅਤੇ ਪੰਜਾਬ ਵਿੱਚ ਰਹਿੰਦੇ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ। ਦੋਸਤਾਂ ਵੱਲੋਂ 'GoFundMe' ਰਾਹੀਂ ਫੰਡ ਇਕੱਠੇ ਕੀਤੇ ਗਏ ਹਨ ਤਾਂ ਜੋ ਇਕਲੌਤੇ ਪੁੱਤ ਦੀ ਦੇਹ ਭਾਰਤ ਭੇਜੀ ਜਾ ਸਕੇ ਅਤੇ ਮਾਪੇ ਆਖਰੀ ਵਾਰ ਉਸ ਦਾ ਦੀਦਾਰ ਕਰ ਸਕਣ।

# ਟਰੰਪ ਦਾ ਫਰਾਂਸ ਦੇ ਰਾਸ਼ਟਰਪਤੀ ਮੈਂਕਰੋ 'ਤੇ ਨਿਸ਼ਾਨਾ, ਕਿਹਾ ਛੇਤੀ ਕੁਰਸੀ ਜਾਵੇਗੀ

## ਇਰਾਨ ਜੰਗ ਨੂੰ ਲੈ ਕੇ ਅਮਰੀਕਾ ਅਤੇ ਸਾਥੀਆਂ ਵਿਚਕਾਰ ਤਨਾਅ ਚਰਮ 'ਤੇ



**ਵਾਸ਼ਿੰਗਟਨ/ਪੈਰਿਸ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਇਰਾਨ ਖ਼ਿਲਾਫ਼ ਵਧ ਰਹੀ ਸੈਨਿਕ ਕਾਰਵਾਈ ਦੇ ਮੱਦੇਨਜ਼ਰ ਅਮਰੀਕਾ ਅਤੇ ਉਸਦੇ ਪੁਰਾਣੇ ਯੂਰਪੀਅਨ ਸਾਥੀਆਂ ਵਿਚਕਾਰ ਤਣਾਅ ਹੁਣ ਸਿਖਰ 'ਤੇ ਪਹੁੰਚ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਾਂਸ ਦੇ ਰਾਸ਼ਟਰਪਤੀ ਮੈਨੁਅਲ ਮੈਂਕਰੋ 'ਤੇ ਤਿੱਖਾ ਨਿੱਜੀ ਹਮਲਾ ਕਰਦਿਆਂ ਕਿਹਾ ਕਿ ਉਹ ਜਲਦ ਹੀ ਸੱਤਾ ਤੋਂ ਬਾਹਰ ਹੋ ਜਾਣਗੇ।

ਅਮਰੀਕਾ ਨੇ ਆਪਣੇ ਸਾਥੀ ਦੇਸ਼ਾਂ ਨੂੰ Strait of Hormuz ਨੂੰ ਸੁਰੱਖਿਅਤ ਕਰਨ ਲਈ ਫੌਜੀ ਮਦਦ ਦੀ ਅਪੀਲ ਕੀਤੀ ਸੀ। ਪਰ ਫਰਾਂਸ ਸਮੇਤ ਕਈ ਯੂਰਪੀ ਦੇਸ਼ਾਂ ਨੇ ਇਸ ਅਮਰੀਕਾ-ਇਜ਼ਰਾਈਲ ਅਭਿਆਨ ਦਾ ਹਿੱਸਾ ਬਣਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੈਕਰੋਂ ਨੇ ਸਪੱਸ਼ਟ ਕਿਹਾ ਕਿ ਫਰਾਂਸ ਨਾ ਤਾਂ ਇਸ ਜੰਗ ਦਾ ਹਿੱਸਾ ਹੈ ਅਤੇ ਨਾ ਹੀ ਹੋਰਮੁਜ਼ ਰਸਤੇ ਨੂੰ ਖੋਲ੍ਹਣ ਲਈ ਕਿਸੇ ਸੈਨਿਕ ਕਾਰਵਾਈ ਵਿੱਚ ਸ਼ਾਮਲ ਹੋਵੇਗਾ। ਇਸ ਬਿਆਨ 'ਤੇ ਟਰੰਪ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ—"ਉਹ ਬਹੁਤ ਜਲਦ ਆਪਣੇ ਦਫਤਰ ਤੋਂ ਬਾਹਰ ਹੋ ਜਾਣਗੇ। ਟਰੰਪ ਨੇ ਸਿਰਫ ਮੈਕਰੋਂ ਹੀ ਨਹੀਂ, ਸਗੋਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ 'ਤੇ ਵੀ ਨਾਰਾਜ਼ਗੀ ਜਤਾਈ। ਉਨ੍ਹਾਂ ਬ੍ਰਿਟਿਸ਼ ਹਵਾਈ ਅੱਡਿਆਂ ਦੀ ਵਰਤੋਂ 'ਤੇ ਸ਼ੁਰੂਆਤੀ ਪਾਬੰਦੀ ਨੂੰ ਲੈ ਕੇ ਨਿਰਾਸ਼ਾ ਜਤਾਈ।

ਇਸ ਤੋਂ ਇਲਾਵਾ ਆਇਰਲੈਂਡ ਦੀ ਰਾਸ਼ਟਰਪਤੀ Catherine Connolly 'ਤੇ ਵੀ ਟਿੱਪਣੀ ਕਰਦਿਆਂ ਟਰੰਪ ਨੇ ਉਨ੍ਹਾਂ ਦੇ ਬਿਆਨ ਦਾ ਮਜ਼ਾਕ ਉਡਾਇਆ, ਜਿਸ ਵਿੱਚ ਅਮਰੀਕੀ ਕਾਰਵਾਈ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਦੱਸਿਆ ਗਿਆ ਸੀ। ਟਰੰਪ ਨੇ ©1"® ਨੂੰ "ਮੂਰਖਤਾ ਭਰੀ ਗਲਤੀ"ਕਰਾਰ ਦਿੰਦਿਆਂ ਇਹ ਵੀ ਸੰਕੇਤ ਦਿੱਤਾ ਕਿ ਅਮਰੀਕਾ ਭਵਿੱਖ ਵਿੱਚ ਇਸ ਗਠਜੋੜ ਤੋਂ ਬਾਹਰ ਨਿਕਲਣ ਬਾਰੇ ਸੋਚ ਸਕਦਾ ਹੈ।

ਟਰੰਪ ਨੇ ਸਪੱਸ਼ਟ ਕੀਤਾ ਕਿ ਜੇ ਸਾਥੀ ਦੇਸ਼ ਮਦਦ ਨਹੀਂ ਕਰਦੇ, ਤਾਂ ਵੀ ਅਮਰੀਕਾ ਪਿੱਛੇ ਨਹੀਂ ਹਟੇਗਾ। ਉਨ੍ਹਾਂ ਕਿਹਾ, "ਸਾਨੂੰ ਅਸਲ ਵਿੱਚ ਕਿਸੇ ਦੀ ਮਦਦ ਦੀ ਲੋੜ ਨਹੀਂ ਹੈ। ਇਸ ਦੌਰਾਨ ਅਮਰੀਕੀ ਫੌਜ ਨੇ ਇਰਾਨ ਦੇ ਮਿਜ਼ਾਈਲ ਟਿਕਾਣਿਆਂ 'ਤੇ 5,000 ਪੌਂਡ ਦੇ ਭਾਰੀ ਬੰਬਾਂ ਨਾਲ ਹਮਲਾ ਕਰਕੇ ਆਪਣੀ ਸੈਨਿਕ ਤਾਕਤ ਦਾ ਪ੍ਰਦਰਸ਼ਨ ਵੀ ਕਰ ਦਿੱਤਾ ਹੈ। ਇਸ ਪੂਰੇ ਘਟਨਾਕ੍ਰਮ ਨਾਲ ਮੱਧ ਪੂਰਬ ਵਿੱਚ ਜੰਗ ਦੇ ਆਸਾਰ ਹੋਰ ਮਜ਼ਬੂਤ ਹੋ ਗਏ ਹਨ। ਵਿਸ਼ੇਸ਼ਗਿਆਨ ਮੰਨਦੇ ਹਨ ਕਿ ਜੇਕਰ ਸਥਿਤੀ ਨੂੰ ਜਲਦੀ ਕਾਬੂ ਨਾ ਕੀਤਾ ਗਿਆ, ਤਾਂ ਇਸਦਾ ਵੱਡਾ ਅਸਰ ਵਿਸ਼ਵ ਰਾਜਨੀਤੀ ਅਤੇ ਅਰਥਵਿਵਸਥਾ 'ਤੇ ਪੈ ਸਕਦਾ ਹੈ।

# ਹਵਾਲਗੀ ਤੋਂ ਬਚਣ ਲਈ ਭਗੌੜੇ ਨੀਰਵ ਮੋਦੀ ਨੇ ਦਿਤਾ ਤਸੀਹਿਆਂ ਦਾ 'ਤਰਕ'



**ਲੰਡਨ, 18 ਮਾਰਚ (ਵਿਸ਼ੇਸ਼ ਪ੍ਰਤੀਨਿਧੀ) :** ਭਗੌੜੇ ਹੀਰਾ ਵਪਾਰੀ ਨੀਰਵ ਮੋਦੀ ਦੀ ਆਪਣੀ ਹਵਾਲਗੀ ਖ਼ਿਲਾਫ਼ ਮੁੜ ਵਿਚਾਰ ਕੀਤੇ ਜਾਣ ਦੀ ਅਪੀਲ ਉੱਤੇ ਲੰਡਨ ਹਾਈ ਕੋਰਟ ਵਿੱਚ ਸੁਣਵਾਈ ਪੂਰੀ ਹੋ ਗਈ ਹੈ। ਅਪੀਲ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਜਾਂਚ ਏਜੰਸੀਆਂ ਵੱਲੋਂ ਪੁੱਛ-ਪੜਤਾਲ ਦੌਰਾਨ ਉਸ ਨੂੰ ਤਸੀਹੇ ਦਿੱਤੇ ਜਾਣ ਦਾ ਖਤਰਾ ਹੈ। ਰਾਇਲ ਕੋਰਟਸ ਆਫ਼ ਜਸਟਿਸ ਵਿੱਚ ਅਪੀਲ ਉੱਤੇ ਸੁਣਵਾਈ ਕਰ ਰਹੇ ਜੱਜ ਜੈਰੇਮੀ ਸਟੂਅਰਟ-ਸਮਿਥ ਅਤੇ ਜਸਟਿਸ ਰੌਬਰਟ ਜੇਅ ਨੇ ਦਿਨ ਭਰ ਚੱਲੀਆਂ ਦਲੀਲਾਂ ਸੁਣ ਕੇ ਅਖੀਰ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਇਸ ਦੌਰਾਨ ਜੱਜ ਸਮਿਥ ਨੇ ਕਿਹਾ, "ਇਹ ਮਾਮਲਾ ਬਹੁਤ ਮਹੱਤਵਪੂਰਨ ਹੈ, ਮੋਦੀ ਲਈ ਵੀ ਅਤੇ ਭਾਰਤ ਤੋਂ ਆਏ ਅਧਿਕਾਰੀਆਂ ਲਈ ਵੀ। ਅਸੀਂ ਜਲਦ ਤੋਂ ਜਲਦ ਫੈਸਲਾ ਸੁਣਾਵਾਂਗੇ।"ਲਗਪਗ 2 ਬਿਲੀਅਨ ਅਮਰੀਕੀ ਡਾਲਰ ਦੇ ਪੰਜਾਬ ਨੈਸ਼ਨਲ ਬੈਂਕ ਕਰਜ਼ ਘੁਟਾਲੇ ਦੇ ਮਾਮਲੇ ਵਿੱਚ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਵਿੱਚ ਭਾਰਤ 'ਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਲੋੜੀਂਦਾ 54 ਸਾਲਾ ਮੁਲਜ਼ਮ ਉੱਤਰੀ ਲੰਡਨ ਦੀ ਪੈਂਟਨਵਿਲ ਜੇਲ੍ਹ ਤੋਂ ਵੀਡੀਓਲਿੰਕ ਰਾਹੀਂ ਅਦਾਲਤ 'ਚ ਪੇਸ਼ ਹੋਇਆ। ਉਸ ਦੇ ਵਕੀਲਾਂ ਨੇ ਰੱਖਿਆ ਖੇਤਰ ਦੇ ਸਲਾਹਕਾਰ ਸੰਜੇ ਭੰਡਾਰੀ ਦੇ ਹਵਾਲਗੀ ਕੇਸ ਦਾ ਹਵਾਲਾ ਦਿੱਤਾ, ਜਿਸ 'ਤੇ ਟੈਕਸ ਚੋਰੀ ਅਤੇ ਮਨੀ ਲਾਂਡਰਿੰਗ ਦਾ ਦੋਸ਼ ਹੈ ਅਤੇ ਉਸ ਨੂੰ ਪਿਛਲੇ ਸਾਲ ਮਨੁੱਖੀ ਅਧਿਕਾਰਾਂ ਦੇ ਆਧਾਰ 'ਤੇ ਹਵਾਲਗੀ ਜ਼ਮਾਨਤ ਤੋਂ ਰਿਹਾਅ ਕਰ ਦਿੱਤਾ ਗਿਆ ਸੀ।

ਅਦਾਲਤ ਵਿੱਚ ਭਾਰਤ ਸਰਕਾਰ ਦੀ ਨੁਮਾਇੰਦਗੀ ਕਰ ਰਹੀ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ਨੇ ਇਸ ਮਾਮਲੇ ਨੂੰ ਮੁੜ ਵਿਚਾਰਨ ਦੇ ਆਧਾਰਾਂ ਦਾ ਵਿਰੋਧ ਕੀਤਾ ਅਤੇ ਦਲੀਲ ਦਿੱਤੀ ਕਿ ਨੀਰਵ ਦੀ ਹਵਾਲਗੀ ਦਾ ਆਦੇਸ਼ ਲਗਪਗ ਛੇ ਸਾਲ ਪਹਿਲਾਂ ਦਿੱਤਾ ਗਿਆ ਸੀ। ਨੀਰਵ ਦੇ ਬੈਰਿਸਟਰ (ਵਕੀਲ) ਐਡਵਰਡ ਫਿਟਜ਼ਗੇਰਾਲਡ ਕੇ ਸੀ ਨੇ ਦਲੀਲ ਦਿੱਤੀ ਕਿ ਹਵਾਲਗੀ ਨਾਲ ਭਾਰਤ ਵਿੱਚ ਪੁੱਛ-ਪੜਤਾਲ ਦੌਰਾਨ ਅਣਮਨੁੱਖੀ, ਅਪਮਾਨਜਨਕ ਸਲੂਕ ਜਾਂ ਤਸੀਹਿਆਂ ਦਾ ਖ਼ਤਰਾ ਹੁੰਦਾ ਹੈ।

# Knowing the Game Doesn't Mean Knowing the Odds

Parlay bets are everywhere before big games. How much do you actually know about them?

By Melissa Toney Associate Director, Community Engagement and Partnerships, Responsible Gambling Council.



This year is shaping up to be one of the most exciting in Canadian sports in recent memory. March Madness. The Stanley Cup Playoffs. FIFA. For millions of fans, these moments are what the whole year builds toward. The energy is real; the stakes feel enormous, and for a growing number of people, placing a bet is part of how they enjoy it.

There's nothing wrong with that. Sports betting is a form of entertainment, and for most people, that's exactly how it remains: entertainment.

But something happens during big games that doesn't get talked about enough. The excitement that makes these events so memorable is the same thing that can quietly override the careful thinking we'd normally apply to a financial decision. And one betting product in particular is tends to feel most appealing in exactly that environment: the parlay bet.

Parlay betting has become one of the fastest-growing forms of sports wagering in Canada. The appeal is straightforward. You combine multiple picks into a single bet, and the potential payout climbs with every selection you add. It feels strategic. It feels like you're putting your knowledge of the game to work.

Here's what most people don't fully understand until after the fact: every single selection must win. All of them. Get four out of five right, and you still lose the entire wager. The more picks you add, the longer the odds become against you, even though each individual selection might feel like a reasonable call.

Parlay products are promoted heavily during major sporting events, often alongside bonus offers that make the risk feel smaller than it is. The result is a product that looks attractive, feels skillful, and is, mathematically speaking, significantly harder to win than it appears.

The point is that people are placing these bets without fully understanding how they work, and that has real consequences. Research consistently tells us that sports bettors experience gambling harm at twice the rate of the general gambling population. Young adult males between 18 and 34 are at particularly elevated risk. Those aren't abstract statistics. They're people watching the same games the rest of us are watching, making split-second decisions in environments that make it hard to pause and think.

One of the most persistent myths we encounter at the Responsible Gambling Council is that sports knowledge gives bettors an edge. It doesn't. Gambling is fundamentally random. Knowing every injury update, every matchup history, every statistical trend makes watching the game more engaging. It doesn't change the odds. The belief that expertise translates into success is what researchers call the 'illusion of control', and it is one of the most significant risk factors for gambling harm.

So, what can actually help? A few things, and none of them require you to stop betting on sports.

Make your plan before the game starts. Set a budget before tip-off, before puck drop, before the moment your team ties it up and the room goes electric. In that moment, you're not the best person to make financial decisions. The calm, clear-headed version of you who planned ahead is.

If you are going to bet, stick to single bets where possible. Avoid placing bets while drinking. And if something starts to feel off, whether it's the urge to chase a loss or the anxiety creeping in after a big wager, pay attention to that. That feeling is usually a sign that you may need to think about your next move.

For more than 40 years, the Responsible Gambling Council has worked alongside players, communities, operators, and regulators because we believe gambling should never come at a human cost. TThe games ahead are going to be incredible. Go in with a plan, and you'll enjoy them a lot more when they're over.

# ਨਵੀਂ ਖੋਜ ਮੁਤਾਬਕ ਸ਼ਿੰਗਲਜ਼ ਬਾਰੇ ਜਾਗਰੂਕਤਾ ਬਹੁਤ ਘੱਟ

ਪੰਜਾਹ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਕੈਨੇਡੀਅਨ, ਜਿਹੜੇ ਕਿਸੇ ਦੀਰਘ ਰੋਗ ਤੋਂ ਪੀੜਤ ਹੋਣ, ਉਨ੍ਹਾਂ ਅੰਦਰ ਸ਼ਿੰਗਲਜ਼ ਬਾਰੇ ਜਾਗਰੂਕਤਾ ਦਾ ਪੱਧਰ ਚਿੰਤਾਜਨਕ ਹੱਦ ਤੱਕ ਘੱਟ ਹੈ। ਲੱਗਭਗ ਅੱਧੇ ਕੈਨੇਡੀਅਨ ਘੱਟੋ ਘੱਟ ਕਿਸੇ ਇਕ ਦੀਰਘਕਾਲੀ ਬਿਮਾਰੀ ਤੋਂ ਪੀੜਤ ਹੁੰਦੇ ਹਨ ਅਤੇ ਖੋਜ ਦੌਰਾਨ ਇਹ ਸਾਹਮਣੇ ਆਇਆ ਕਿ:

* ਅੱਧੇ ਤੋਂ ਵੱਧ ਲੋਕ ਨਹੀਂ ਜਾਣਦੇ ਕਿ ਉਹਨਾਂ ਦੀ ਦੀਰਘ-ਕਾਲੀ ਸਿਹਤ ਅਵਸਥਾ ਉਹਨਾਂ ਵਿੱਚ ਸ਼ਿੰਗਲਜ਼ ਵਿਕਸਤ ਹੋਣ ਦਾ ਖਤਰਾ ਵਧਾ ਸਕਦੀ ਹੈ।

* ਲਗਭਗ ਅੱਧੇ ਲੋਕਾਂ ਨੇ ਕਦੇ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨਾਲ ਸ਼ਿੰਗਲਜ਼ ਬਾਰੇ ਗੱਲਬਾਤ ਨਹੀਂ ਕੀਤੀ।

* ਉਨ੍ਹਾਂ ਵਿੱਚੋਂ ਜਿਨ੍ਹਾਂ ਨੂੰ ਸ਼ਿੰਗਲਜ਼ ਦਾ ਅਨੁਭਵ ਹੋਇਆ ਹੈ, 42 ਫੀਸਦੀ ਨੇ ਗੰਭੀਰ ਦਰਦ ਦੀ ਰਿਪੋਰਟ ਕੀਤੀ ਜਿਸ ਨਾਲ ਉਨ੍ਹਾਂ ਦੀਆਂ ਰੋਜ਼ਾਨਾ ਗਤੀਵਿਧੀਆਂ ਵਿੱਚ ਵਿਘਨ ਪਿਆ।

ਸ਼ਿੰਗਲਜ਼ ਉਸੇ ਵਾਇਰਸ ਕਰਕੇ ਹੁੰਦੀ ਹੈ ਜਿਸ ਨਾਲ ਚਿਕਨ ਪੌਕਸ ਜਾਂ ਛੋਟੀ ਮਾਤਾ ਨਾਂ ਦੀ ਬਿਮਾਰੀ ਪੈਦਾ ਹੁੰਦੀ ਹੈ ਅਤੇ ਜ਼ਿੰਦਗੀ ਵਿੱਚ ਅੱਗੇ ਜਾ ਕੇ ਇਹ ਮੁੜ ਸਰਗਰਮ ਹੋ ਜਾਂਦਾ ਹੈ ਅਤੇ ਸ਼ਿੰਗਲਜ਼ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਮਯੂਨਿਟੀ ਕਮਜ਼ੋਰ ਹੋਣ ਕਾਰਨ ਇਹ ਵਾਇਰਸ ਮੁੜ ਸਰਗਰਮ ਹੁੰਦਾ ਹੈ।




ਸ਼ਿੰਗਲਜ਼ ਆਮ ਤੌਰ ‘ਤੇ ਸਰੀਰ ‘ਤੇ ਛਪਾਕੀ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ। ਇਸ ਦੇ ਪੈਦਾ ਹੋਣ ਦੇ ਆਮ ਸਥਾਨ ਹੁੰਦੇ ਹਨ ਚਿਹਰਾ, ਪਿੱਠ, ਛਾਤੀ ਅਤੇ ਪੇਟ । ਇਹ ਆਮ ਤੌਰ ‘ਤੇ ਦਰਦਨਾਕ ਹੁੰਦੀ ਹੈ। ਲੱਛਣ ਮਾਮੂਲੀ ਹੋ ਸਕਦੇ ਹਨ ਪਰ ਗੰਭੀਰ ਦਰਦ ਪੈਦਾ ਕਰਦੇ ਹਨ। ਸ਼ਿੰਗਲਜ਼ ਜੇ ਵਿਗੜ ਜਾਵੇ ਤਾਂ ਨਸਾਂ ਦਾ ਅਜਿਹਾ ਦਰਦ ਪੈਦਾ ਹੁੰਦਾ ਹੈ, ਜਿਹੜਾ ਕੁੱਝ ਹਫਤਿਆਂ ਤੋਂ ਲੈ ਕੇ ਕਈ ਮਹੀਨਿਆਂ ਜਾਂ ਸਾਲਾਂ ਤੱਕ ਵੀ ਚੱਲ ਸਕਦਾ ਹੈ।

ਬੁਢਾਪੇ ਵਿਚ ਸ਼ਿੰਗਲਜ਼ ਪੈਦਾ ਹੋਣ ਦਾ ਖਤਰਾ ਵਧ ਜਾਂਦਾ ਹੈ। ਬੁਢਾਪੇ ਕਾਰਨ ਪੈਦਾ ਹੁੰਦੀ ਇਮਯੂਨਿਟੀ ਦੀ ਕਮਜ਼ੋਰੀ ਇਸਦਾ ਕਾਰਨ ਹੁੰਦੀ ਹੈ। ਇਸ ਤੋਂ ਇਲਾਵਾ ਕੋਰੋਨਰੀ ਧਮਣੀ ਦੀ ਬਿਮਾਰੀ, ਗੰਭੀਰ ਗੁਰਦੇ ਦੀ ਬਿਮਾਰੀ, ਡਾਇਬੀਟੀਜ਼ ਇਮਯੂਨਿਟੀ ਦੇ ਕਮਜ਼ੋਰ ਹੋਣ ਕਾਰਨ ਸ਼ਿੰਗਲਜ਼ ਪੈਦਾ ਹੋਣ ਦਾ ਖਤਰਾ ਵਧਾ ਦਿੰਦੇ ਹਨ।ਇਹਨਾਂ ਚਿਰਕਾਲੀਨ ਬਿਮਾਰੀਆਂ ਵਾਲੇ ਲੋਕਾਂ ਨੂੰ ਅਕਸਰ ਸ਼ਿੰਗਲਜ਼ ਦੇ ਬਦਤਰ ਲੱਛਣ ਅਤੇ ਉਲਝਣਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅੱਗੇ ਸ਼ਿੰਗਲਜ਼ ਕਾਰਨ ਇਹ ਪਹਿਲਾਂ ਵਾਲੀਆਂ ਬਿਮਾਰੀਆਂ ਵੀ ਹੋਰ ਗੁੰਝਲਦਾਰ ਹੋ ਜਾਂਦੀਆਂ ਹਨ।ਡਾ ਜੈਰਮੀ ਗਿਲਬਰਟ ਦਾ ਕਹਿਣਾ ਹੈ, “ਸ਼ਿੰਗਲਜ਼ ਤੋਂ ਬਚਣ ਅਤੇ ਆਪਣੇ ਆਪ ਨੂੰ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ





ਵੈਕਸੀਨ ਲੈਣਾ । ਜੇ ਉਮਰ 65 ਸਾਲ ਤੋਂ ਵੱਧ ਹੈ ਤਾਂ ਇਸ ਦਾ ਖਰਚਾ ਕਈ ਸੂਬਾਈ ਸਰਕਾਰਾਂ ਦੁਆਰਾ ਫੰਡ ਦਿੱਤਾ ਜਾਂਦਾ ਹੈ ਅਤੇ ਬਹੁਤ ਸਾਰੇ ਪ੍ਰਾਈਵੇਟ ਡਰੱਗ ਪਲੈਨਜ਼ ਵੀ ਇਸ ਨੂੰ ਕਵਰ ਕਰਦੇ ਹਨ। ਇਸ ਨੂੰ ਦੋ ਟੀਕਿਆਂ ਦੀ ਜ਼ਰੂਰਤ ਹੁੰਦੀ ਹੈ, ਅਤੇ ਕੁੱਲ ਖਰਚਾ ਅਲੱਗ ਅਲੱਗ ਥਾਵਾਂ ਤੇ ਵੱਖੋ ਵੱਖਰਾ ਹੋ ਸਕਦਾ ਹੈ ਪਰ ਇਹ ਕਰੀਬ $200 ਹੋ ਸਕਦਾ ਹੈ”। “ਸਾਊਥ ਏਸ਼ੀਅਨ ਕਮਿਊਨਿਟੀ ਦੇ ਲੋਕਾਂ ਨੂੰ ਮੈਂ ਇਹ ਕਹਿਣਾ ਚਾਹਾਂਗਾ ਕਿ ਉਹ ਆਪਣੇ ਹੈਲਥ ਕੇਅਰ ਪ੍ਰਦਾਤਕਾਂ ਨਾਲ ਗੱਲ ਕਰਨ ਅਤੇ ਪਤਾ ਕਰਨ ਕਿ ਕੀ ਉਨ੍ਹਾਂ ਨੂੰ ਸਿੰਗਲਜ਼ ਤੋਂ ਬਚਣ ਲਈ ਸ਼ਿੰਗਲਜ਼ ਵੈਕਸੀਨ ਲੈਣੀ ਚਾਹੀਦੀ ਹੈ”।

# ਦਿਲਜੀਤ ਦੋਸਾਂਝ ਨੇ ਭਰਿਆ 114 ਕਰੋੜ ਰੁਪਏ ਟੈਕਸ

ਪੰਜਾਬੀ ਅਦਾਕਾਰ-ਗਾਇਕ ਦਿਲਜੀਤ ਦੋਸਾਂਝ ਦੇ 'ਦਿਲ-ਲੁਮਿਨਾਟੀ ਇੰਡੀਆ ਟੂਰ 2024' ਨੇ ਪੰਜਾਬੀ ਸੰਗੀਤ ਦੇ ਇਤਿਹਾਸ ਵਿੱਚ ਆਮਦਨ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। 'ਦਿਲ-ਲੁਮਿਨਾਟੀ' ਟੂਰ ਨੇ 943 ਕਰੋੜ ਰੁਪਏ ਦੀ ਕਮਾਈ ਕੀਤੀ। ਇਹ ਖੁਲਾਸਾ ਮਾਰਚ 2026 ਵਿੱਚ ਜਾਰੀ ਕੀਤੀ ਗਈ ਇੱਕ ਵਿਸ਼ੇਸ਼ ਰਿਪੋਰਟ ਵਿੱਚ ਕੀਤਾ ਗਿਆ ਹੈ।

ਇਸ ਟੂਰ ਨੇ ਟੈਕਸਾਂ ਵਿੱਚ 114 ਕਰੋੜ ਰੁਪਏ ਦਾ ਯੋਗਦਾਨ ਪਾਇਆ, ਜਦੋਂ ਕਿ ਨਾਲ ਹੀ 120,000 ਲੋਕਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ। ਅਰਨਸਟ ਐਂਡ ਯੰਗ ਦੀ ਨਵੀਨਤਮ ਸਮਾਜਿਕ-ਆਰਥਿਕ ਰਿਪੋਰਟ ਅਨੁਸਾਰ, ਇਸ ਟੂਰ - ਜਿਸ ਵਿੱਚ 13 ਸ਼ਹਿਰਾਂ ਵਿੱਚ 14 ਸ਼ੋਅ ਸ਼ਾਮਲ ਹਨ - ਨੇ ਕੁੱਲ 943 ਕਰੋੜ ਰੁਪਏ ਦੀ ਆਮਦਨ ਪੈਦਾ ਕੀਤੀ। ਇਹ ਅੰਕੜਾ ਇੱਕ ਭਾਰਤੀ ਕਲਾਕਾਰ ਦੁਆਰਾ ਲਾਈਵ ਟੂਰ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟੂਰ ਦੌਰਾਨ 3 ਲੱਖ 20 ਹਜ਼ਾਰ ਤੋਂ ਵੱਧ ਦਰਸ਼ਕਾਂ ਨੇ ਸ਼ੋਅ ਵਿੱਚ ਸ਼ਿਰਕਤ ਕੀਤੀ। ਖਾਸ ਤੌਰ 'ਤੇ ਦਿੱਲੀ ਦੇ ਕੰਸਰਟ ਨੇ ਦੇਸ਼ ਦਾ ਸਭ ਤੋਂ ਵੱਡਾ ਸ਼ੋਅ ਬਣ ਕੇ ਇੱਕ ਰਿਕਾਰਡ ਕਾਇਮ ਕੀਤਾ, ਜਿਸ ਵਿੱਚ 55,000 ਦਰਸ਼ਕ ਸ਼ਾਮਲ ਹੋਏ। ਰਿਪੋਰਟ ਦੇ ਅਨੁਸਾਰ, ਟਿਕਟਾਂ ਦੀ ਵਿਕਰੀ ਅਤੇ ਸਪਾਂਸਰਸ਼ਿਪਾਂ ਰਾਹੀਂ 276 ਕਰੋੜ ਰੁਪਏ ਦੀ ਸਿੱਧੀ ਆਮਦਨ ਹੋਈ। ਜਦੋਂ ਕਿ ਹੋਟਲਾਂ, ਯਾਤਰਾ, ਭੋਜਨ ਅਤੇ ਪੀਣ ਵਾਲੇ ਪਦਾਰਥਾਂ, ਖਰੀਦਦਾਰੀ ਅਤੇ ਸਥਾਨਕ ਸੇਵਾਵਾਂ 'ਤੇ ਪ੍ਰਸ਼ੰਸਕਾਂ ਦੇ ਖਰਚਿਆਂ ਰਾਹੀਂ ਵਾਧੂ 553 ਕਰੋੜ ਰੁਪਏ ਪੈਦਾ ਹੋਏ। ਟੈਕਸ ਯੋਗਦਾਨ ਵਿੱਚ ਜੀਐਸਟੀ ਵਿੱਚ 111 ਕਰੋੜ ਰੁਪਏ ਸ਼ਾਮਲ ਹਨ, ਬਾਕੀ ਸਥਾਨਕ ਇਜਾਜ਼ਤ ਫੀਸਾਂ ਸ਼ਾਮਲ ਹਨ।ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਟੂਰ ਨੇ 118,000 'ਮਨੁੱਖੀ ਦਿਨ' ਰੁਜ਼ਗਾਰ ਪੈਦਾ ਕੀਤਾ। ਹਜ਼ਾਰਾਂ ਵਿਅਕਤੀਆਂ - ਜਿਨ੍ਹਾਂ ਵਿੱਚ ਲੌਜਿਸਟਿਕਸ, ਸੁਰੱਖਿਆ, ਸਟੇਜ ਉਤਪਾਦਨ, ਤਕਨੀਕੀ ਸਹਾਇਤਾ ਅਤੇ ਸਥਾਨਕ ਵਿਕਰੇਤਾ ਸ਼ਾਮਲ ਸਨ - ਨੂੰ ਸਿੱਧੇ ਰੁਜ਼ਗਾਰ ਦੇ ਮੌਕੇ ਮਿਲੇ।ਰਿਪੋਰਟ ਅੱਗੇ ਦਰਸਾਉਂਦੀ ਹੈ ਕਿ 49% ਦਰਸ਼ਕ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਤੋਂ ਸਨ, ਜਦੋਂ ਕਿ 38% ਪ੍ਰਸ਼ੰਸਕ ਖਾਸ ਤੌਰ 'ਤੇ ਸ਼ੋਅ ਵਿੱਚ ਸ਼ਾਮਲ ਹੋਣ ਲਈ ਦੂਜੇ ਸ਼ਹਿਰਾਂ ਤੋਂ ਆਏ ਸਨ। ਇਹਨਾਂ ਵਿੱਚੋਂ ਬਹੁਤ ਸਾਰੇ ਪ੍ਰਸ਼ੰਸਕਾਂ ਨੇ ਆਪਣੀਆਂ ਯਾਤਰਾਵਾਂ ਨੂੰ 2 ਤੋਂ 5 ਦਿਨਾਂ ਤੱਕ ਵਧਾ ਦਿੱਤਾ, ਜਿਸ ਨਾਲ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਖੇਤਰਾਂ ਨੂੰ ਇੱਕ ਮਹੱਤਵਪੂਰਨ ਹੁਲਾਰਾ ਮਿਲਿਆ।ਦੌਰੇ ਦੇ ਸਫਲ ਸਮਾਪਤੀ 'ਤੇ, ਦਿਲਜੀਤ ਦੋਸਾਂਝ ਨੇ ਆਪਣੇ ਪ੍ਰਸ਼ੰਸਕਾਂ ਅਤੇ ਟੀਮ ਦਾ ਧੰਨਵਾਦ ਕਰਦੇ ਹੋਏ ਕਿਹਾ, "ਮਿਲ ਕੇ, ਅਸੀਂ ਕੁਝ ਇਤਿਹਾਸਕ ਬਣਾਇਆ ਹੈ।" ਦਿਲਜੀਤ ਆਪਣੀਆਂ ਪੰਜਾਬੀ ਜੜ੍ਹਾਂ ਨੂੰ ਵਿਸ਼ਵਵਿਆਪੀ ਅਪੀਲ ਨਾਲ ਸਹਿਜੇ ਹੀ ਮਿਲਾਉਂਦੇ ਹਨ। ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਘਰੇਲੂ ਕਲਾਕਾਰ ਹੁਣ ਵੱਡੇ ਪੱਧਰ 'ਤੇ ਸੱਭਿਆਚਾਰਕ ਅਤੇ ਆਰਥਿਕ ਗਤੀ ਪੈਦਾ ਕਰ ਸਕਦੇ ਹਨ।ਇਸ ਦੌਰੇ ਨੇ ਭਾਰਤੀ ਲਾਈਵ ਮਨੋਰੰਜਨ ਉਦਯੋਗ ਲਈ ਇੱਕ ਨਵਾਂ ਕੋਰਸ ਸ਼ੁਰੂ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵੱਡੇ ਪੱਧਰ 'ਤੇ ਲਾਈਵ ਇਵੈਂਟ ਹੁਣ ਸਿਰਫ਼ ਮਨੋਰੰਜਨ ਦੇ ਰੂਪ ਨਹੀਂ ਹਨ; ਸਗੋਂ, ਉਹ ਇੱਕ ਪੂਰੇ ਈਕੋ-ਸਿਸਟਮ ਨੂੰ ਸ਼ਕਤੀ ਦਿੰਦੇ ਹਨ। ਇਹ ਸਫਲਤਾ ਇਕੱਲੇ ਦਿਲਜੀਤ ਦੀ ਨਹੀਂ ਹੈ, ਸਗੋਂ ਭਾਰਤ ਦੇ ਪੂਰੇ ਲਾਈਵ ਸੰਗੀਤ ਉਦਯੋਗ ਲਈ ਇੱਕ ਜਿੱਤ ਹੈ। ਇਸ ਨੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵੱਡੇ ਟੂਰ ਲਈ ਉਮੀਦ ਜਗਾਈ ਹੈ।


ਗਾਇਕ ਦਿਲਜੀਤ ਦੋਸਾਂਝ



# ਮੁੱਖ ਪੂੰਜੀ-ਨਿਵੇਸ਼ ਕੈਨੇਡਾ ਦੀ ਖੋਜ ਅਤੇ ਆਧੁਨਿਕ ਕਾਢਾਂ ਦੀ ਅਗਵਾਈ ਤੇਜ਼ ਕਰ ਰਿਹਾ ਹੈ – ਸੋਨੀਆ ਸਿੱਧੂ



ਬਰੈਂਪਟਨ,-ਕੈਨੇਡਾ ਸਰਕਾਰ ਵੱਲੋਂ 'ਕੈਨੇਡਾ ਫ਼ਾਊਂਡੇਸ਼ਨ ਫ਼ਾਰ ਇਨੋਵੇਸ਼ਨ' (ਸੀ।ਐੱਫ਼।ਆਈ।) ਰਾਹੀਂ ਖੋਜਕਾਰਾਂ ਨੂੰ ਨਵੇਂ ਸਾਧਨ ਅਤੇ ਯੰਤਰ ਮੁਹੱਈਆ ਕਰਨ ਲਈ 552 ਮਿਲੀਅਨ ਡਾਲਰ ਪੂੰਜੀ-ਨਿਵੇਸ਼ ਕੀਤਾ ਜਾ ਰਿਹਾ ਹੈ ਜਿਸ ਨਾਲ ਉਹ ਆਪਣੀ ਖੋਜ ਸਮਰੱਥਾ ਹੋਰ ਤੇਜ਼ ਕਰ ਸਕਣਗੇ ਅਤੇ ਦੇਸ਼ ਵਿੱਚ ਲਚਕੀਲੇ ਅਰਥਚਾਰੇ ਵੱਲ ਵੱਧਣ ਤੇ ਕੈਨੇਡਾ-ਵਾਸੀਆਂ ਦੀ ਬੇਹਤਰੀ ਲਈ ਹੋਰ ਯਤਨ ਕਰ ਸਕਣਗੇ। ਇਸ ਪੂੰਜੀ-ਨਿਵੇਸ਼ ਨਾਲ 32 ਵੱਖ-ਵੱਖ ਅਦਾਰਿਆਂ ਵਿਖੇ ਚੱਲ ਰਹੇ ਹੈੱਲਥ ਕੇਅਰ, ਕਲੀਨ ਐਨਰਜੀ, ਕੁਆਂਟਮ ਟੈੱਕਨਾਲੌਜੀਆਂ, ਏ।ਆਈ।, ਸਸਟੇਨੇਬਲ ਐਗਰੀਕਲਚਰ ਅਤੇ ਓਸ਼ਨ ਸਾਇੰਸ ਦੇ 92 ਖੋਜ ਪ੍ਰਾਜੈੱਕਟਾਂ ਨੂੰ ਮਾਇਕ-ਸਹਾਇਤਾ ਦਿੱਤੀ ਜਾ ਰਹੀ ਹੈ। ਇਨ੍ਹਾਂ ਮਹਾਨ ਖੋਜ-ਪ੍ਰਾਜੈਕਟਾਂ ਦੀ ਅਹਿਮੀਅਤ ਅਤੇ ਕੈਨੇਡੀਅਨ ਖੋਜਕਾਰਾਂ ਦੀ ਸਮਰੱਥਾ ਦੀ ਸਰਾਹਨਾ ਕਰਦਿਆਂ ਹੋਇਆਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ, "ਓਨਟਾਰੀਓ ਦੇ ਖੋਜ-ਵਿਗਿਆਨੀ ਅਜਿਹੀਆਂ ਖੋਜਾਂ ਕਰ ਰਹੇ ਹਨ ਜਿਨ੍ਹਾਂ ਨਾਲ ਸਾਡੇ ਦੇਸ਼ ਦਾ ਅਰਥਚਾਰਾ ਮਜ਼ਬੂਤ ਹੋਵੇਗਾ ਅਤੇ ਕੈਨੇਡਾ-ਵਾਸੀਆਂ ਦਾ ਜੀਵਨ ਖੁਸ਼ਹਾਲ ਹੋਵੇਗਾ। ਇਸ ਫ਼ੈੱਡਰਲ ਫ਼ੰਡਿੰਗ ਨਾਲ ਸਿਹਤ ਤਕਨਾਲੌਜੀ, ਸਾਫ਼-ਸੁਥਰੀ ਊਰਜਾ, ਨਾਜ਼ੁਕ ਧਾਤਾਂ ਅਤੇ ਏ।ਆਈ।, ਆਦਿ ਖ਼ੇਤਰਾਂ ਵਿੱਚ ਹੋਰ ਤੇਜ਼ੀ ਨਾਲ ਖੋਜ ਕੀਤੀ ਜਾਏਗੀ। ਇਸ ਨਾਲ ਦੇਸ਼ ਵਿੱਚ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਵਿਦੇਸ਼ੀ ਵਿਉਪਾਰ ਵਿੱਚ ਵਾਧਾ ਹੋਵੇਗਾ।" ਉਨ੍ਹਾਂ ਦੱਸਿਆ ਕਿ ਇਹ ਪੂੰਜੀ-ਨਿਵੇਸ਼ ਓਨਟਾਰੀਓ ਵੱਲੋ ਖੋਜ ਵਿੱਚ ਕੀਤੀ ਜਾ ਰਹੀ ਅਗਵਾਈ ਅਤੇ ਸਮੁੱਚੇ ਕੈਨੇਡਾ ਦੀ ਖੁਸ਼ਹਾਲੀ ਲਈ ਕੀਤਾ ਜਾ ਰਿਹਾ ਹੈ। ਇਸ ਕੌਮੀ ਨਿਵੇਸ਼ ਨਾਲ ਓਨਟਾਰੀਓ ਨੂੰ ਅਰਥਚਾਰੇ ਨਾਲ ਸਬੰਧਿਤ ਖੋਜ ਵਿੱਚ ਮਹੱਤਵਪੂਰਨ ਲਾਭ ਪਹੁੰਚੇਗਾ। ਇਸਦੀ ਮੈਕ-ਮਾਸਟਰ ਯੂਨੀਵਰਸਿਟੀ ਵਿੱਚ 'ਕੈਨੇਡੀਅਨ ਨਿਊਟਰੌਨ ਐਂਡ ਪਾਜ਼ੀਟਰੌਨ ਬੀਮ ਲੈਬਾਰਟਰੀ' (ਸੀ।ਐੱਨ।ਪੀ।ਬੀ।ਐੱਲ।) ਵਿੱਚ ਚੱਲ ਰਹੀ 'ਨਿਊਟਰੌਨ ਬੀਮਜ਼' ਖੋਜ ਵਿੱਚ ਵਾਧਾ ਹੋਵੇਗਾ ਜੋ ਅੱਗੋਂ ਮੈਟੀਰੀਅਲ ਰਿਸਰਚ ਲਈ ਅਤੀ ਲੋੜੀਂਦਾ ਹੈ। ਇਹ ਨਵੇਂ ਵਾਧੇ ਨਾਲ ਓਨਟਾਰੀਓ ਦੇ ਖੋਜੀਆਂ ਅਤੇ ਉਦਯਗਿਕ ਭਾਈਵਾਲਾਂ ਨੂੰ ਸੁਰੱਖਿਅਤ ਨਿਊਕਲੀਅਰ ਸਟੋਰੇਜ, ਹਵਾ ਵਿੱਚ ਕਾਰਬਨ ਗੈਸਾਂ ਦੀ ਮਾਤਰਾ ਘਟਾਉਣ, ਨਵੀਂ ਪੀੜੀ ਦੀਆਂ ਬੈਟਰੀਆਂ ਬਨਾਉਣ, ਕੁਆਂਟਮ ਪ੍ਰੋਸੈੱਸਰਜ਼ ਅਤੇ ਅਤੇ ਐਡਵਾਂਸ ਐੱਮ।ਆਰ।ਆਈ। ਟੈਕਨਾਲੌਜੀਆਂ ਨੂੰ ਫ਼ਾਇਦਾ ਪਹੁੰਚੇਗਾ। ਇਸ ਦੇ ਨਾਲ ਹੈੱਲਥ-ਟੈੱਕ ਈਕੋਸਿਸਟਮ, ਕਲੀਨ ਐਨਰਜੀ ਟ੍ਰਾਂਜ਼ੀਸ਼ਨ ਅਤੇ ਉਤਪਾਦ ਦੇ ਮੁਕਾਬਲੇਬਾਜ਼ੀ ਵਿੱਚ ਤੇਜ਼ੀ ਆਏਗੀ। ਓਨਟਾਰੀਓ ਵਿੱਚ ਹੋਣ ਵਾਲੀ ਖੋਜ ਵਿੱਚ ਇਸ ਤੇਜ਼ੀ ਦੇ ਨਾਲ ਨਾਲ ਕੌਮੀ ਪੱਧਰ 'ਤੇ ਓਨਟਾਰੀਓ ਦੀਆਂ ਫ਼ਰਮਾਂ ਅਤੇ ਰਿਸਰਚ ਨੈੱਟਵਰਕਸ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਹੋ ਰਹੀ ਕੁਆਂਟਮ ਮੈਟੀਰੀਅਲ, ਕਿਊਬਿਕ ਵਿੱਚ ਹੋ ਰਹੀ ਮਾਈਕਰੋਇਲੈੱਕਟ੍ਰੌਨਿਕਸ ਅਤੇ ਸਸਕੈਚਵਾਂ ਵਿੱਚ ਹੋ ਰਹੀ ਸਸਟੇਨੇਬਲ ਐਗਰੀਕਲਚਰ ਖ਼ੇਤਰਾਂ ਵਿੱਚ ਹੋ ਰਹੀਆਂ ਖੋਜਾਂ ਤੋਂ ਵੀ ਲਾਭ ਹੋਵੇਗਾ। ਆਪਸ ਵਿੱਚ ਜੁੜੀਆਂ ਹੋਈਆਂ ਇਹ ਖੋਜ-ਸਹੂਲਤਾਂ ਓਨਟਾਰੀਓ ਦੀਆਂ ਕੰਪਨੀਆਂ ਵਿੱਚ ਵਿਸ਼ੇਸ਼ ਕਿਸਮ ਦੇ ਯੰਤਰਾਂ ਅਤੇ ਸਕੇਲ ਪ੍ਰੋਟੋਟਾਈਪਸ ਤੱਕ ਦੇਸ਼-ਭਰ ਦੇ ਵਿਗਿਆਨੀਆਂ ਦੀ ਪਹੁੰਚ ਵਿੱਚ ਵਾਧਾ ਕਰਨਗੀਆਂ ਅਤੇ ਸੈਮੀਕੰਡਕਟਰਾਂ ਤੇ ਘੱਟ ਲਾਗਤ ਵਾਲੀ ਏ।ਆਈ। ਤੇ ਕਲੀਨ ਟੈਕਨਾਲੌਜੀਆਂ ਦੀ ਸਪਲਾਈ-ਚੇਨ ਨੂੰ ਹੋਰ ਅੱਗੇ ਵਧਾਉਣਗੀਆਂ। ਉਦਯੋਗ ਮੰਤਰੀ ਮਾਣਯੋਗ ਮੇਲੇਨੀ ਜੌਲੀ ਨੇ ਇਸ ਦੇ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, "ਕੈਨੇਡਾ ਆਪਣੀਆਂ ਖੋਜਾਂ ਅਤੇ ਨਵੀਆਂ ਕਾਢਾਂ ਉੱਪਰ ਪੂੰਜੀ-ਨਿਵੇਸ਼ ਕਰਨ ਉੱਪਰ ਕੇਂਦ੍ਰਤ ਹੋ ਰਿਹਾ ਹੈ ਜਿਨ੍ਹਾਂ ਨਾਲ ਅਸੀਂ ਵਿਗਿਆਨਕ ਅਤੇ ਵਿਦਿਅਕ ਦੋਵੇਂ ਤਰ੍ਹਾਂ ਦੀ ਤਾਕਤ ਬਣੀਏ ਜੋ ਭਵਿੱਖ ਵਿੱਚ ਜੀ-7 ਦੇਸ਼ਾਂ ਵਿੱਚ ਮਜ਼ਬੂਤ ਅਰਥਚਾਰੇ ਦੀ ਅਹਿਮ ਕੜੀ ਬਣ ਰਿਹਾ ਹੈ। 'ਕੈਨੇਡਾ ਫ਼ਾਊਂਡੇਸ਼ਨ ਫ਼ਾਰ ਇਨੋਵੇਸ਼ਨ' ਰਾਹੀਂ ਕੀਤਾ ਜਾ ਰਿਹਾ ਇਹ ਨਿਵੇਸ਼ ਸਾਡੇ ਖੋਜੀ-ਵਿਦਵਾਨਾਂ ਨੂੰ ਵਿਸ਼ਵ ਪੱਧਰ ਦੀਆਂ ਖੋਜ-ਸਹੂਲਤਾਂ ਅਤੇ ਯੰਤਰ ਮੁਹੱਈਆ ਕਰਵਾਏਗਾ ਜਿਨ੍ਹਾਂ ਨਾਲ ਉਹ ਕੈਨੇਡਾ ਦੇ ਖੋਜ ਇਨਫ਼ਰਾਸਟਰੱਕਚਰ ਵਿੱਚ ਵਾਧਾ ਕਰਨਗੇ, ਖੋਜਾਂ ਵਿੱਚ ਤੇਜ਼ੀ ਲਿਆਉਣਗੇ ਅਤੇ ਨਵੇਂ ਮੌਕੇ ਪੈਦਾ ਕਰਨਗੇ ਜਿਨ੍ਹਾਂ ਸਦਕਾ ਕੈਨੇਡਾ-ਵਾਸੀਆਂ ਨੂੰ ਹਰ ਲਾਭ ਪਹੁੰਚੇਗਾ।"








